ਕੌਮਾਂਤਰੀ

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 7 | Issue 17 | 25 April 2018 to 01 May 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਖਾਲਸਾਈ ਰੰਗ ਵਿਚ ਰੰਗਿਆ ਕਨੇਡਾ ਦਾ 'ਪੰਜਾਬੀ ਸ਼ਹਿਰ' ਸਰੀ

*ਵਿਸਾਖੀ ਨਗਰ ਕੀਰਤਨ ਵਿਚ 5 ਲੱਖ ਤੋਂ ਵੱਧ ਸੰਗਤਾਂ ਨੇ ਕੀਤੀ ਸ਼ਮੂਲੀਅਤ*




**ਸਰੀ(ਕਨੇਡ)/ਸਿੱਖ ਸਿਆਸਤ ਬਿਊਰੋ:** ਖ਼ਾਲਸਾ ਸਾਜਨਾ ਦਿਹਾੜੇ ਦੇ ਸਬੰਧ ਵਿੱਚ ਸਰੀ 'ਚ ਬੀਤੇ ਕੱਲ੍ਹ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ (ਸਰਕਾਰੀ ਅੰਕੜਿਆਂ ਮੁਤਾਬਿਕ) ਪੰਜ ਲੱਖ ਤੋਂ ਵੱਧ ਵਿਅਕਤੀ ਸ਼ਾਮਲ ਹੋਏ। ਇਹ ਗਿਣਤੀ ਸਰੀ ਦੀ ਕੁੱਲ ਆਬਾਦੀ ਤੋਂ ਵੱਧ ਹੈ।

ਨਿਰਧਾਰਤ ਪ੍ਰੋਗਰਾਮ ਅਨੁਸਾਰ ਅਨੁਸਾਰ ਸਵੇਰੇ ਕਰੀਬ 9:00 ਵਜੇ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਸਰਪ੍ਰਸਤੀ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰਦੁਆਰਾ ਦਸਮੇਸ਼ ਦਰਬਾਰ ਤੋਂ ਚੱਲੇ ਨਗਰ ਕੀਰਤਨ 'ਚ ਸਿੱਖਾਂ ਦੀਆਂ ਸ਼ਾਨਾਮੱਤੀਆਂ ਪ੍ਰਾਪਤੀਆਂ ਤੇ ਘੋਲਾਂ ਨੂੰ ਦਰਸਾਉਂਦੀਆਂ ਲਗਪਗ 20 ਝਾਕੀਆਂ ਵੀ ਕੱਢੀਆਂ ਗਈਆਂ ਸਨ। ਇਹਨਾਂ ਵਿਚ ਪੁਰਾਤਨ ਅਤੇ ਵਰਤਮਾਨ ਸਿੱਖ ਸੰਘਰਸ਼ ਦੇ ਸ਼ਹੀਦਾਂ ਨੂੰ ਦਰਸਾਉਂਦੀਆਂ ਤਸਵੀਰਾਂ ਵੀ ਸ਼ਾਮਿਲ ਸਨ। ਇਸ ਦੌਰਾਨ ਵਰਤਮਾਨ ਸਮੇਂ ਭਾਰਤੀ ਹਕੂਮਤ ਖਿਲਾਫ ਜੂਝਦਿਆਂ ਸ਼ਹੀਦ ਹੋਏ ਸਿੱਖਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।


ਬਾਕੀ ਸਫ਼ਾ 29 'ਤੇ


## ਪੰਜਾਬ ਵਜ਼ਾਰਤ 'ਚ 9 ਮੰਤਰੀ ਸ਼ਾਮਲ ਕਰਨ ਬਾਅਦ ਕਾਂਗਰਸ 'ਚ ਅੰਦਰੂਨੀ ਕਾਟੋ ਕਲੇਸ਼

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੇ ਕੈਪਟਨ ਵਜ਼ਾਰਤ ਦੇ ਨੌਂ ਨਵੇਂ ਮੰਤਰੀਆਂ ਨੂੰ ਸ਼ਨਿਚਰਵਾਰ ਸ਼ਾਮੀਂ ਰਾਜ ਭਵਨ ਵਿੱਚ ਕਰਵਾਏ ਗਏ ਪ੍ਰਭਾਵਸ਼ਾਲੀ ਸਮਾਗਮ ਵਿਚ ਕੈਬਨਿਟ ਮੰਤਰੀਆਂ ਵਜੋਂ ਸਹੁੰ ਚੁਕਾਈ। ਇਨ੍ਹਾਂ ਤੋਂ ਇਲਾਵਾ ਸ੍ਰੀਮਤੀ ਅਰੁਣਾ ਚੌਧਰੀ ਅਤੇ ਰਜ਼ੀਆ ਸੁਲਤਾਨਾ ਨੂੰ ਵੀ ਤਰੱਕੀ ਦੇ ਕੇ ਕੈਬਨਿਟ ਮੰਤਰੀਆਂ ਵਜੋਂ ਸਹੁੰ ਚੁਕਾਈ ਗਈ। ਭਾਵੇਂ ਮੁੱਖ ਮੰਤਰੀ ਨੇ ਵਜ਼ਾਰਤ ਵਿਚ ਵਾਧਾ ਕਰ ਕੇ ਵਿਧਾਇਕਾਂ ਦੀ ਨਾਰਾਜ਼ਗੀ ਨੂੰ ਦੂਰ ਕਰਨ ਦਾ ਯਤਨ ਕੀਤਾ ਪਰ ਉਲਟਾ ਦਲਿਤਾਂ ਅਤੇ ਪੱਛੜੀਆਂ ਜਾਤੀਆਂ ਵਿਚ ਵਜ਼ਾਰਤ ਵਿਚ ਵਾਧੇ ਸਮੇਂ ਪ੍ਰਤੀਨਿਧਤਾ ਨਾ ਮਿਲਣ ਕਰ ਕੇ ਨਾਰਾਜ਼ਗੀ ਵਧੀ ਹੈ।

ਇਸ ਸਥਿੱਤੀ ਦੇ ਮੱਦੇਨਜ਼ਰ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਨੇ ਪੰਜਾਬ ਵਜ਼ਾਰਤ ਵਿੱਚ ਥਾਂ ਨਾ ਮਿਲਣ ਤੋਂ ਨਾਰਾਜ਼ ਹੋਏ ਵਿਧਾਇਕਾਂ ਨੂੰ ਮਨਾਉਣ ਅਤੇ ਉਨ੍ਹਾਂ ਨੂੰ ਸ਼ਾਂਤ


ਬਾਕੀ ਸਫ਼ਾ 29 'ਤੇ




ਪੰਜਾਬ ਦੇ ਨਵੇਂ ਬਣੇ ਮੰਤਰੀ ਚੰਡੀਗੜ੍ਹ ਸਥਿਤ ਪੰਜਾਬ ਰਾਜ ਭਵਨ ਵਿੱਚ ਅਹੁਦੇ ਦੀ ਸਹੁੰ ਚੁੱਕਣ ਤੋਂ ਬਾਅਦ ਰਾਜਪਾਲ ਵੀ.ਪੀ. ਸਿੰਘ ਬਦਨੌਰ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ।

### ਕੈਪਟਨ ਕਹਿੰਦਾ : ਕੋਈ ਨਾਰਾਜ਼ ਨਹੀਂ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਵੇਂ ਮੰਤਰੀਆਂ ਦੀ ਚੋਣ ਵਿਚ ਪੱਖਪਾਤ ਤੋਂ ਇਨਕਾਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਸਾਰੇ ਵਰਗਾਂ ਅਤੇ ਖੇਤਰਾਂ ਨੂੰ ਢੁਕਵੀਂ ਨੁਮਾਇੰਦਗੀ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਾਰਟੀ ਵਿਚ ਕੋਈ ਵੀ ਨਾਰਾਜ਼ ਨਹੀਂ ਹੈ। ਕੁਝ ਕਾਂਗਰਸੀ ਵਿਧਾਇਕਾਂ 'ਚ ਅਸੰਤੁਸ਼ਟੀ ਸਬੰਧੀ ਪੁੱਛੇ ਗਏ ਇੱਕ ਹੋਰ ਸਵਾਲ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਉਣ ਵਾਸਤੇ ਖੇਤਰੀ ਅਤੇ ਜਾਤੀ ਸੰਤੁਲਨ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਕੁਝ ਵਿਧਾਇਕਾਂ ਵੱਲੋਂ ਪਾਰਟੀ ਅਹੁਦਿਆਂ ਨੂੰ ਛੱਡੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਸਾਰੇ ਮੁੱਦਿਆਂ ਨੂੰ ਆਪਸੀ ਗੱਲਬਾਤ ਨਾਲ ਹੱਲ ਕਰ ਲਿਆ ਜਾਵੇਗਾ।


ਬਾਕੀ ਸਫ਼ਾ 29 'ਤੇ


## ਭਾਰਤੀਆਂ ਵਲੋਂ ਮੋਦੀ ਖ਼ਿਲਾਫ਼ ਲੰਡਨ 'ਚ ਰੋਸ ਮੁਜ਼ਾਹਰੇ

### *ਪਾਰਲੀਮੈਂਟ ਸਕੁਏਅਰ ਵਿੱਚ ਫਾੜ ਦਿੱਤਾ ਭਾਰਤ ਦਾ ਕੌਮੀ ਝੰਡਾ*

**ਲੰਡਨ/ਬਿਊਰੋ ਨਿਊਜ਼:** ਭਾਰਤ ਵਿੱਚ ਹਿੰਸਾ ਤੇ ਬਲਾਤਕਾਰਾਂ ਦੀਆਂ ਘਟਨਾਵਾਂ ਖ਼ਿਲਾਫ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬਰਤਾਨੀਆ ਫੇਰੀ ਦੌਰਾਨ ਕੁਝ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਰੋਸ ਮੁਜ਼ਾਹਰੇ ਹਿੰਸਕ ਰੂਪ ਧਾਰ ਗਏ। ਇਸ ਦੌਰਾਨ ਇਥੇ 53 ਰਾਸ਼ਟਰ ਮੰਡਲ ਮੁਲਕਾਂ ਦੇ ਮੁਖੀਆਂ ਦੀ ਮੀਟਿੰਗ 'ਚੋਗਮ' ਦੇ ਮੱਦੇਨਜ਼ਰ ਅਧਿਕਾਰਤ ਤੌਰ 'ਤੇ ਲਾਏ ਵੱਖ-ਵੱਖ ਕੌਮੀ ਝੰਡਿਆਂ ਵਿੱਚੋਂ ਭਾਰਤੀ ਤਿਰੰਗਾ ਫਾੜ ਦਿੱਤਾ ਗਿਆ।

ਸ੍ਰੀ ਮੋਦੀ ਇਸ ਮੀਟਿੰਗ ਵਿੱਚ ਹਿੱਸਾ ਲੈਣ ਲਈ ਬਰਤਾਨੀਆ ਪੁੱਜੇ ਹੋਏ ਹਨ। ਜਦੋਂ ਬੀਤੀ ਰਾਤ ਉਹ ਆਪਣੀ ਬਰਤਾਨਵੀ ਹਮਰੁਤਬਾ ਟੈਰੇਜ਼ਾ ਮੇਅ ਨਾਲ ਦੁਵੱਲੀ ਮੁਲਾਕਾਤ ਲਈ ਪੁੱਜੇ ਤਾਂ ਉਨ੍ਹਾਂ ਖ਼ਿਲਾਫ਼ ਖ਼ਾਸਕਰ ਭਾਰਤੀ ਭਾਈਚਾਰੇ ਵੱਲੋਂ ਜ਼ੋਰਦਾਰ ਰੋਸ ਮੁਜ਼ਾਹਰੇ ਕੀਤੇ ਗਏ। ਇਸ ਦੌਰਾਨ ਪਾਰਲੀਮੈਂਟ ਸਕੁਏਅਰ ਵਿੱਚ ਲਾਏ ਗਏ ਝੰਡਿਆਂ ਵਿੱਚੋਂ ਭਾਰਤੀ ਤਿਰੰਗਾ ਫਾੜ ਦਿੱਤਾ ਗਿਆ। ਇਸ ਮੌਕੇ ਮੁਜ਼ਾਹਰਿਆਂ ਦੀ ਕਵਰੇਜ ਕਰ ਰਿਹਾ


ਬਾਕੀ ਸਫ਼ਾ 28 'ਤੇ





### ਉਮਰ ਭਰ ਜੇਲ੍ਹ ਵਿਚ ਰਹੇਗਾ ਬਲਾਤਕਾਰੀ ਸਾਧ ਆਸਾਰਾਮ



**ਜੋਧਪੁਰ/ਬਿਊਰੋ ਨਿਊਜ:** ਕਰੋੜਾਂ ਦੀ ਜਾਇਦਾਦ ਦੇ ਮਾਲਕ ਅਤੇ ਲੱਖਾਂ ਲੋਕਾਂ ਨੂੰ ਅਪਣੇ ਸੰਸਤਾਈ ਦੇ ਝੂਠੇ ਜਾਲ 'ਚ ਫਸਾ ਕੇ ਸ਼ਰਧਾਲੂਆਂ ਦੇ ਬਾਪੂ ਦਾ ਰੁੱਤਬਾ ਪਾਉਣ ਵਾਲੇ ਪਾਖੰਡੀ ਸਾਧ ਆਸਾਰਾਮ


ਬਾਕੀ ਸਫ਼ਾ 28 'ਤੇ


### ਖਾਲਿਸਤਾਨ ਦੇ ਜੈਕਾਰਿਆਂ ਦੀ ਗੂੰਜ ਦੌਰਾਨ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਅੰਤਮ ਵਿਦਾਇਗੀ



**ਜਲੰਧਰ/ਭੋਗਪੁਰ/ਬਿਊਰੋ ਨਿਊਜ਼,** ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਹਰਮਿੰਦਰ ਸਿੰਘ ਮਿੰਟੂ ਦਾ ਉਸ ਦੇ ਜੱਦੀ ਪਿੰਡ ਡੱਲੀ ਦੇ ਸ਼ਮਸ਼ਾਨਘਾਟ ਵਿੱਚ ਖਾਲਿਸਤਾਨ ਦੇ ਨਾਅਰਿਆਂ ਦੀ ਗੂੰਜ ਦੌਰਾਨ ਸਸਕਾਰ ਕਰ ਦਿੱਤਾ ਗਿਆ। ਮਿੰਟੂ ਦੀ ਚਿਤਾ ਨੂੰ ਅਗਨੀ ਉਸ ਦੇ ਦੋਵੇਂ ਭਰਾਵਾਂ ਨੇ ਦਿਖਾਈ। ਇਸ ਮੌਕੇ ਪੰਜਾਬ ਪੁਲੀਸ ਦੇ ਜਵਾਨ ਸੁਰੱਖਿਆ ਪ੍ਰਬੰਧਾਂ ਲਈ ਤਾਇਨਾਤ ਕੀਤੇ ਗਏ ਸਨ ਪਰ ਉਨ੍ਹਾਂ ਨੇ ਕਿਸੇ ਵੀ ਕੰਮ ਵਿੱਚ ਕੋਈ ਦਖ਼ਲ ਨਹੀਂ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਹਰਮਿੰਦਰ ਸਿੰਘ ਮਿੰਟੂ ਦੀ ਦੇਹ ਨੂੰ ਜਦੋਂ ਗੁਰਦੁਆਰਾ ਬੱਦੋਆਣਾ ਸਾਹਿਬ ਤੋਂ ਛੋਟੇ ਟੈਂਪੂ ਵਿੱਚ ਸ਼ਮਸ਼ਾਨਘਾਟ


ਬਾਕੀ ਸਫ਼ਾ 28 'ਤੇ


### ਸਿੱਖ ਕੌਮ ਦੀ ਅਣਖ ਨੂੰ ਨਾ ਵੰਗਾਰਨ ਭਾਰਤੀ ਜੱਜ : ਸਿੱਖ ਜਥੇਬੰਦੀਆਂ

**ਦਸਤਾਰ ਸਬੰਧੀ ਟਿੱਪਣੀ ਕਰਨ ਵਾਲਿਆਂ ਨੂੰ ਆੜੇ ਹੱਥੀਂ ਲਿਆ**

**ਲੰਡਨ/ਬਿਊਰੋ ਨਿਊਜ਼:** ਭਾਰਤ ਦੀ ਸੁਪਰੀਮ ਕੋਰਟ ਦੇ ਦੋ ਜੱਜਾਂ ਐੱਸ.ਏ.ਬੋਂਦਵੇ ਅਤੇ ਐੱਨ.ਏ.ਰਾਉ ਨੇ ਦਸਤਾਰ ਸਬੰਧੀ ਸਵਾਲ ਉਠਾ ਕੇ ਆਪਣੀ ਅਯੋਗਤਾ ਅਤੇ ਫਿਰਕਾਪ੍ਰਸਤੀ ਦਾ ਪ੍ਰਗਟਾਵਾ ਕੀਤਾ ਹੈ ਜਿਸ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੀ। ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਕੌਮੀ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਇਨ੍ਹਾਂ ਸਿੱਖ ਵਿਰੋਧੀ ਕਿਰਦਾਰ ਵਾਲੇ ਜੱਜਾਂ ਦੀ ਸਖਤ ਅਲੋਚਨਾ ਕਰਦਿਆਂ ਆਖਿਆ ਕਿ ਇਹੋ ਜਿਹੇ ਅਗਿਆਨੀ ਜਾਂ ਫਿਰਕੂ ਬੰਦਿਆਂ ਨੂੰ ਵੱਡੀਆਂ ਅਤੇ ਵਿਪਦਵੀਆਂ ਤੇ ਬਿਠਾਉਣਾ ਸਰਾਸਰ ਗਲਤ ਹੈ ਉੱਥੇ ਇਹਨਾਂ ਪਦਵੀਆਂ ਦੀ ਵੀ ਤੌਹੀਨ ਹੈ। ਸਿੱਖਾਂ ਵਾਸਤੇ ਸੁਪਰੀਮ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਹੈ। ਭਾਰਤ ਦੀ ਸੁਪਰੀਮ ਕੋਰਟ ਦੇ ਜੱਜਾਂ ਨੇ ਦਸਤਾਰ ਬਾਰੇ ਸਵਾਲ ਉਠਾ ਕੇ ਆਪਣੀ ਸੌੜੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਇੱਥੇ


ਬਾਕੀ ਸਫ਼ਾ 29 'ਤੇ


















ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਬਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
XBOX
FANDANGONOW

# ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਵਿਸਾਖੀ 1978 ਦੇ ਸ਼ਹੀਦਾਂ ਦੀ ਯਾਦ 'ਚ ਵਿਸ਼ੇਸ਼ ਸ਼ਹੀਦੀ ਦੌਰਾਨ ਨੂੰ 13 ਸਿੰਘਾਂ ਦੀ ਕੁਰਬਾਨੀ ਨੂੰ ਸਿਜਦਾ ਕੀਤਾ






**ਫਰੀਮਾਂਟ/ਬਲਵਿੰਦਰਪਾਲ ਸਿੰਘ ਖਾਲਸਾ:** ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਇਸ ਹਫਤਾਵਾਰੀ ਦੀਵਾਨ ਦੌਰਾਨ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਏ ਗਏ. ਇਹ ਸਮਾਗਮ 1978 ਦੀ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਨਕਲੀ ਨਿਰੰਕਾਰੀਆਂ ਤੇ ਸਿੱਖ ਕੌਮ ਵਿਚ ਹੋਏ ਭਿਆਨਕ ਟਕਰਾਅ ਦੌਰਾਨ ਚੱਲੀ ਗੋਲੀ ਵਿਚ ਨਿਰੰਕਾਰੀਆਂ ਦੁਆਰਾ 13 ਸਿੰਘ ਸ਼ਹੀਦ ਕਰ ਦਿੱਤੇ ਸਿੰਘਾਂ ਦੀ ਯਾਦ ਵਿੱਚ ਕੀਤਾ ਗਿਆ। ਇਹ ਦਿਨ ਸਿੱਖ ਇਤਿਹਾਸ ਵਿਚ ਬਹੁਤ ਵੈਰਾਗ ਨਾਲ ਯਾਦ ਕੀਤਾ ਜਾਂਦਾ ਹੈ ਤੇ ਸ਼ਹੀਦੀ ਜੋੜ ਮੇਲੇ ਵਾਂਗ ਮਨਾਇਆਂ ਜਾਂਦਾ ਹੈ। ਕਿਉਂਕਿ ਇਸ ਦਿਨ ਨੂੰ ਹੀ ਖਾਲਿਸਤਾਨ ਦੀ ਪ੍ਰਾਪਤੀ ਲਈ ਅਰੰਭੇ ਸੰਘਰਸ਼ ਦਾ ਦਿਨ ਮੰਨਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਵੀ ਉਨਾਂ ਦੀ ਯਾਦ ਵਿਚ ਤਿੰਨ ਦਿਨ ਗੁਰਬਾਣੀ ਦੇ ਜਾਪ ਹੁੰਦੇ ਰਹੇ।

ਐਤਵਾਰ ਦੇ ਦੀਵਾਨ ਵਿਚ ਅਖੰਡ ਪਾਠ ਦੀ ਸੰਪੂਰਨਤਾ ਤੋਂ ਬਾਦ ਖਾਲਸਾ ਸਕੂਲ ਦੇ ਬੱਚਿਆਂ ਨੇ ਗੁਰਬਾਣੀ ਕੀਰਤਨ ਕੀਤਾ। ਉਪਰੰਤ ਕਥਾਕਾਰ ਭਾਈ ਮਨਜੀਤ ਸਿੰਘ




ਨੇ ਵਿਸਥਾਰ ਨਾਲ ਭਾਰਤ ਦੀ ਮੋਰਾਰਜੀ ਦੇਸਾਈ ਸਰਕਾਰ ਤੇ ਬਾਦਲ ਸਰਕਾਰ ਦੀ ਸ਼ਹਿ ਤੇ ਮਿਲੀ ਭੁਗਤ ਨਾਲ ਜਿਨਾਂ 13 ਸਿੰਘਾਂ ਨੂੰ ਸ਼ਹੀਦ ਕਰ ਦਿਤਾ ਗਿਆ ਸੀ, ਬਾਰੇ ਸੰਗਤਾਂ ਨਾਲ ਵੀਚਾਰ ਸਾਂਝੇ ਕਰਦਿਆਂ ਦੱਸਿਆ ਗਿਆ ਕਿ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਲਈ ਨਿਰੰਕਾਰੀਆਂ ਦੇ ਪੰਡਾਲ ਵੱਲ ਜਾ ਰਹੇ ਅਖੰਡ ਕੀਰਤਨੀ ਜਥੇ ਤੇ ਦਮਦਮੀ ਟਕਸਾਲ ਦੇ ਸਿੰਘਾਂ ਉਤੇ ਗੋਲੀ ਚਲਾਈ ਗਈ ਤੇ ਭਾਈ ਫੌਜਾ ਸਿੰਘ ਦੀ ਅਗਵਾਈ ਵਿਚ ਗਏ 13 ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਦਿਤਾ ਗਿਆ।

ਭਾਈ ਦਵਿੰਦਰ ਸਿੰਘ ਬੱਬਰ ਨੇ ਅਖੰਡ ਕੀਰਤਨੀ ਜਥੇ ਦੇ ਜਥੇਦਾਰ ਸ਼ਹੀਦ ਭਾਈ ਫੌਜਾ ਸਿੰਘ ਦੀ ਉਚ ਧਾਰਮਿਕ ਜੀਵਨੀ, ਗੁਰਬਾਣੀ ਨਾਲ ਪਿਆਰ, ਸਵੈ ਜ਼ਬਤ ਤੇ ਸੇਵਾ ਬਾਰੇ ਵਿਸਥਾਰ ਨਾਲ ਸੰਗਤਾਂ ਨੂੰ ਦੱਸਿਆ, ਕਿ ਭਾਈ ਫੌਜਾ ਸਿੰਘ ਦੀ ਕੁਰਬਾਨੀ ਪਿੱਛੇ ਉਨਾਂ ਦਾ ਉਚ ਕੋਟੀ ਦਾ ਧਾਰਮਿਕ ਜੀਵਨ ਸੀ ਜੋ ਸੇਵਾ ਦੇ ਜਜ਼ਬੇ ਨਾਲ ਭਰਪੂਰ ਸੀ। ਬਾਕੀ ਦੇ ਸਿੰਘ ਵੀ ਪੂਰੇ ਧਾਰਮਿਕ ਰਹਿਤ ਬਹਿਤ ਵਾਲੇ ਸਨ ਜੋ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਸਹਿਣ ਨਾ ਕਰਦੇ ਹੋਏ ਸ਼ਹੀਦੀ ਜਾਮ ਪੀ ਗਏ। ਇਨਾਂ ਸ਼ਹੀਦੀਆਂ ਨਾਲ ਪੰਜਾਬ ਵਿਚ ਹਾਹਾਕਾਰ ਮੱਚ ਗਈ ਸੀ।

ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਦਿਲਬਾਗ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਪਿੰਦਰਪਾਲ ਸਿੰਘ ਨੇ ਕਥਾ ਕਰਦਿਆਂ ਪਿਛਲੇ ਦਿਨਾਂ ਦੇ ਪ੍ਰਸੰਗ ਦੀ ਆਖਰੀ ਕਥਾ ਕਰਦਿਆਂ 13 ਸਿੰਘਾਂ ਦੀ ਸ਼ਹਾਦਤ ਬਾਰੇ ਵੀ ਚਰਚਾ ਕੀਤੀ ਤੇ ਕਿਹਾ ਕਿ ਗੁਰਬਾਣੀ ਤੇ ਗੁਰੂ ਸਾਹਿਬ ਦੀ ਬੇਅਦਬੀ ਨਾ ਸਹਾਰਦਿਆਂ ਹੋਇਆਂ ਇਹ ਕੁਰਬਾਨੀ ਹੋਈ।

ਜਿਹੜੇ 13 ਸਿੰਘ ਸ਼ਹੀਦ ਹੋਏ ਸਨ, ਉਨ੍ਹਾਂ ਵਿਚ ਇਕ ਭਾਈ ਧਰਮਬੀਰ ਸਿੰਘ ਜੀ ਦੇ ਭੈਣ ਜੀ ਬੀਬੀ ਜਸਬੀਰ ਕੌਰ ਜੀ, ਜੋ ਫਰੀਮਾਂਟ ਹੀ ਰਹਿੰਦੇ ਹਨ, ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾ ਸਾਹਿਬ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ ਗਿਆ। ਭਾਈ ਦਵਿੰਦਰ ਸਿੰਘ ਬੱਬਰ ਨੂੰ ਵੀ ਉਨਾਂ ਦੀਆਂ ਪੰਥਕ ਸੇਵਾਵਾਂ ਲਈ ਪ੍ਰਬੰਧਕ ਕਮੇਟੀ ਵੱਲੋਂ ਸਿਰਪਾ ਸਾਹਿਬ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਇਸ ਵਾਰ ਵਡੇ ਤੰਬੂ ਵਿਚ ਸ਼ਹੀਦ ਹੋਏ 13 ਸਿੰਘਾਂ ਦੀ ਸ਼ਹਾਦਤ ਨਾਲ ਸੰਬਧਿਤ ਜਾਣਕਾਰੀ, ਤਸਵੀਰਾਂ ਤੇ ਹੋਰ ਜੀਵਨ ਸੂਚਨਾਵਾਂ ਸੰਗਤਾਂ ਦੀ ਜਾਣਕਾਰੀ ਲਈ ਪ੍ਰਦਰਸ਼ਨੀ ਦਾ ਪ੍ਰਬੰਧ ਕੀਤਾ ਗਿਆ ਸੀ ਜਿਸ ਨੂੰ ਲਗਪਗ ਸਾਰੀ ਸੰਗਤ ਨੇ ਧਿਆਨ ਨਾਲ ਪੜ੍ਹਿਆ-ਵੇਖਿਆ।




# ਕਿਰਨ ਬਾਲਾ ਉਰਫ਼ ਅਮੀਨਾ ਬੀਬੀ ਦੇ ਵੀਜ਼ੇ 'ਚ ਛੇ ਮਹੀਨੇ ਦਾ ਵਾਧਾ

ਲਾਹੌਰ/ਬਿਊਰੋ ਨਿਊਜ਼:
ਪਾਕਿਸਤਾਨ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਜਥੇ ਵਿੱਚ ਸ਼ਾਮਲ ਹੋ ਕੇ ਭਾਰਤ ਤੋਂ ਪਾਕਿਸਤਾਨ ਵਿਸਾਖੀ ਮਨਾਉਣ ਇੱਥੇ ਪੁੱਜੀ ਭਾਰਤੀ ਔਰਤ ਕਿਰਨ ਬਾਲਾ ਦਾ ਛੇ ਮਹੀਨੇ ਲਈ ਵੀਜ਼ਾ ਵਧਾ ਦਿੱਤਾ ਹੈ। ਇਸ ਔਰਤ ਨੇ ਪਾਕਿਸਤਾਨ ਵਿੱਚ ਧਰਮ ਪਰਿਵਰਤਨ ਕਰਕੇ ਆਪਣਾ ਨਾਂ ਅਮੀਨਾ ਬੀਬੀ ਰੱਖ ਲਿਆ ਸੀ ਪਾਕਿ ਨਾਗਰਿਕ ਨਾਲ ਨਿਕਾਹ ਕਰ ਲਿਆ ਸੀ। ਇਸ ਮਗਰੋਂ ਇਸ ਨੇ ਪਾਕਿਸਤਾਨ ਦੀ ਨਾਗਰਿਕਤਾ ਹਾਸਲ ਕਰਨ ਲਈ ਅਤੇ ਵੀਜ਼ੇ ਵਿੱਚ ਵਾਧੇ ਲਈ ਅਰਜ਼ੀ ਦਿੱਤੀ ਸੀ।

ਵਰਨਣਯੋਗ ਹੈ ਕਿ ਲਾਹੌਰ ਹਾਈ ਕੋਰਟ ਨੇ ਪਿਛਲੇ ਹਫ਼ਤੇ ਦੇ ਅਖ਼ੀਰ 'ਚ ਗ੍ਰਹਿ ਮੰਤਰਾਲੇ ਨੂੰ ਹੁਕਮ ਦਿੱਤੇ ਸਨ ਕਿ ਭਾਰਤੀ ਔਰਤ ਵੱਲੋਂ ਪਾਕਿਸਤਾਨ ਦੀ ਨਾਗਰਿਕਤਾ ਦੀ ਮੰਗ ਕਰਨ ਵਾਲੀ ਅਤੇ ਵੀਜ਼ੇ ਵਿੱਚ ਵਾਧੇ ਲਈ ਦਾਇਰ ਅਰਜ਼ੀ ਉੱਤੇ ਤਿੰਨ ਦਿਨ ਵਿੱਚ ਫੈਸਲਾ ਕੀਤਾ ਜਾਵੇ। ਭਾਰਤ ਵਿਚਲੇ ਪੰਜਾਬ ਦੀ ਜੰਮਪਲ ਤੇ ਸਿੱਖ ਜਥੇ ਦੇ ਨਾਲ ਵਿਸਾਖੀ ਮਨਾਉਣ ਪਾਕਿਸਤਾਨ ਆਈ ਕਿਰਨ ਬਾਲਾ ਨੇ ਚੁੱਪਚੁਪੀਤੇ ਇਸਲਾਮ ਧਾਰਨ ਕਰਕੇ ਇੱਕ ਪਾਕਿਤਸਾਨੀ ਨਾਗਰਿਕ ਨਾਲ ਨਿਕਾਹ ਕਰਵਾ ਲਿਆ ਸੀ। ਉਹ ਹੁਣ ਆਮਨਾ ਬੀਬੀ ਬਣ ਗਈ ਹੈ। ਕਿਰਨ ਬਾਲਾ ਹੁਸ਼ਿਆਰਪੁਰ ਦੇ ਮਨੋਹਰ ਲਾਲ ਦੀ ਧੀ ਹੈ। ਉਹ ਲਾਹੌਰ ਵਿੱਚ ਵਿਸ਼ੇਸ਼ ਰੇਲ ਗੱਡੀ ਰਾਹੀਂ 12 ਅਪਰੈਲ ਨੂੰ ਵਿਸਾਖੀ ਮਨਾਉਣ ਲਈ ਆਈ ਸੀ ਅਤੇ ਇਸ ਦੌਰਾਨ ਉਸ ਨੇ 16 ਅਪਰੈਲ ਨੂੰ ਲਾਹੌਰ ਵਿੱਚ ਹਿੰਗਰਵਾਲ ਦੇ ਵਾਸੀ ਮੁਹੰਮਦ ਆਜ਼ਮ ਨਾਲ ਨਿਕਾਹ ਰਚਾ ਲਿਆ।

ਅਦਾਲਤ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਲਾਹੌਰ ਹਾਈ ਕੋਰਟ ਦੇ ਜਸਟਿਸ ਜਾਵਦਉਲ ਹਸਨ ਨੇ ਗ੍ਰਹਿ ਵਿਭਾਗ ਨੂੰ ਆਦੇਸ਼ ਦਿੱਤੇ ਹਨ ਕਿ ਉਹ ਆਮਨਾ ਬੀਬੀ ਦੀ ਪਾਕਿਸਤਾਨ ਦੀ ਨਾਗਰਿਕਤਾ ਹਾਸਲ ਕਰਨ ਅਤੇ ਵੀਜ਼ੇ ਵਿੱਚ ਵਾਧੇ ਦੀ ਮੰਗ ਵਾਲੀ ਅਰਜ਼ੀ ਉੱਤੇ ਆਉਣ ਵਾਲੇ ਸੋਮਵਾਰ ਤੱਕ ਫੈਸਲਾ ਕਰੇ। ਜੱਜ ਨੇ ਦੋਵਾਂ ਨੂੰ ਸੋਮਵਾਰ ਨੂੰ ਇਸਲਾਮਾਬਾਦ ਵਿੱਚ ਨਿਜੀ ਤੌਰ ਉੱਤੇ ਗ੍ਰਹਿ ਵਿਭਾਗ ਦੇ ਦਫਤਰ ਵਿੱਚ ਪੇਸ਼ ਹੋਣ ਲਈ ਕਿਹਾ ਸੀ।



ਕਿਰਨ ਬਾਲਾ ਦੀ ਆਪਣਿਆਂ ਬੱਚਿਆਂ ਨਾਲ ਪੁਰਾਣੀ ਤਸਵੀਰ।

### ਵਿਧਵਾ ਕਿਰਨ ਬਾਲਾ ਤਿੰਨ ਬੱਚਿਆਂ ਦੀ ਮਾਂ

ਮਿਲੇ ਵੇਰਵਿਆਂ ਮੁਤਾਬਕ ਗੜ੍ਹਸ਼ੰਕਰ ਵਿੱਚ ਜਨਮੀ ਕਿਰਨ ਬਾਲਾ (31 ਸਾਲ) ਦਾ ਵਿਆਹ ਨਰਿੰਦਰ ਸਿੰਘ ਨਾਂ ਦੇ ਵਿਅਕਤੀ ਨਾਲ ਹੋਇਆ ਸੀ, ਜਿਸ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦੇ ਤਿੰਨ ਬੱਚੇ ਹਨ। ਉਹ 12 ਅਪਰੈਲ ਨੂੰ ਸਿੱਖ ਸ਼ਰਧਾਲੂਆਂ ਦੇ ਜਥੇ ਨਾਲ ਪਾਕਿਸਤਾਨ ਰਵਾਨਾ ਹੋਈ ਸੀ। ਲਾਹੌਰ ਪੁੱਜਣ ਮਗਰੋਂ ਉਸ ਨੇ ਉਥੇ ਇਕ ਮਸਜਿਦ ਵਿਚ ਜਾ ਕੇ ਧਰਮ ਤਬਦੀਲ ਕਰ ਲਿਆ ਅਤੇ ਉਸ ਦਾ ਨਾਂ ਕਿਰਨ ਬਾਲਾ ਤੋਂ ਅਮੀਨਾ ਬੀਬੀ ਰੱਖ ਦਿੱਤਾ ਗਿਆ। ਲਾਹੌਰ ਮਸਜਿਦ ਦੇ ਮੌਲਵੀ ਹਗੀਬ ਨਈਮੀ ਨੇ ਇਸ ਦੀ ਸੋਸ਼ਲ ਮੀਡੀਆ 'ਤੇ ਪੁਸ਼ਟੀ ਕੀਤੀ ਹੈ। ਧਰਮ ਤਬਦੀਲ ਕਰਨ ਮਗਰੋਂ ਉਸ ਨੇ ਉਥੇ ਲਾਹੌਰ ਸਥਿਤ ਹੰਜਰਾਂਵਾਲਾ ਮੁਲਤਾਨ ਰੋਡ ਦੇ ਵਾਸੀ ਮੁਹੰਮਦ ਆਜਮ ਨਾਲ ਨਿਕਾਹ ਕਰ ਲਿਆ। ਸੋਸ਼ਲ ਮੀਡੀਆ ਤੇ ਵਾਇਰਲ ਹੋਈ ਇਕ ਵੀਡਿਓ ਵਿੱਚ ਇਸ ਔਰਤ ਨੇ ਕਿਹਾ ਕਿ ਉਸ ਨੇ ਆਪਣੀ ਮਰਜ਼ੀ ਨਾਲ ਨਿਕਾਹ ਕੀਤਾ ਹੈ। ਜਬਰੀ ਧਰਮ ਪਰਿਵਰਤਨ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਉਸਨੇ ਪਾਕਿਸਤਾਨ ਵਿੱਚ ਰਹਿਣ ਦੀ ਇੱਛਾ ਪ੍ਰਗਟਾਈ।

ਦੂਜੇ ਪਾਸੇ ਖੁਫੀਆ ਏਜੰਸੀਆਂ ਦੇ ਸੂਤਰਾਂ ਨੇ ਖਦਸ਼ਾ ਪ੍ਰਗਟਾਇਆ ਕਿ ਇਸ ਭਾਰਤੀ ਔਰਤ ਦਾ ਜਬਰੀ ਧਰਮ ਤਬਦੀਲ ਕੀਤਾ ਹੋ ਸਕਦਾ ਹੈ ਕਿਉਂਕਿ ਇਸ ਤੋਂ ਪਹਿਲਾਂ ਭਾਰਤੀ ਔਰਤ ਓਜਮਾ ਦਾ ਵੀ ਇਸੇ ਢੰਗ ਤਰੀਕੇ ਨਾਲ ਧਰਮ ਤਬਦੀਲ ਕਰਕੇ ਜਬਰੀ ਨਿਕਾਹ ਕੀਤਾ ਗਿਆ ਸੀ। ਮੌਜੂਦਾ ਸਥਿਤੀ ਵਿਚ ਉਸ ਦਾ ਵੀਜ਼ਾ 12 ਅਪਰੈਲ ਤੋਂ 21 ਅਪਰੈਲ ਤਕ ਸੀ।

## ਜਥੇ 'ਚੋਂ ਗਾਇਬ ਹੋ ਗਈ ਸੀ ਗੜ੍ਹਸ਼ੰਕਰ ਤੋਂ ਗਈ ਨੌਜਵਾਨ ਵਿਧਵਾ

**ਅੰਮ੍ਰਿਤਸਰ/ਬਿਊਰੋ ਨਿਊਜ਼:** ਖਾਲਸਾ ਸਾਜਨਾ ਦਿਵਸ 'ਤੇ ਵਿਸਾਖੀ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਗਏ ਸਿੱਖ ਸ਼ਰਧਾਲੂਆਂ ਦੇ ਜਥੇ ਵਿੱਚ ਸ਼ਾਮਲ ਕਿਰਨਬਾਲਾ ਵਾਸੀ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਪਾਕਿਸਤਾਨ ਦੇ ਲਾਹੌਰ ਵਾਸੀ ਨੌਜਵਾਨ ਮੁਹੰਮਦ ਆਜ਼ਮ ਨਾਲ ਨਿਕਾਹ ਕਰਾਉਣ ਅਤੇ ਦੇਸ਼ ਪਰਤਣ ਦੀ ਥਾਂ ਪਾਕਿਸਤਾਨ ਵਿਚ ਰਹਿਣ ਦਾ ਫੈਸਲਾ ਕਰਨ ਦਾ ਮਾਮਲਾ ਇਥੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਗਏ ਸਿੱਖ ਸ਼ਰਧਾਲੂਆਂ ਦੇ ਜਥੇ ਵਿੱਚ ਸ਼ਾਮਲ ਇਹ ਔਰਤ 16 ਅਪਰੈਲ ਨੂੰ ਜਥੇ ਨਾਲੋਂ ਵੱਖ ਹੋ ਗਈ ਸੀ ਅਤੇ ਇਸ ਵੱਲੋਂ ਲਾਹੌਰ ਵਿਚ ਧਰਮ ਤਬਦੀਲ ਕਰਨ 'ਤੇ ਮੁੜ ਲਾਹੌਰ ਵਾਸੀ ਨਾਲ ਨਿਕਾਹ ਕਰਨ ਦਾ ਇਹ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਉਸ ਵੱਲੋਂ ਇਸਲਾਮਾਬਾਦ ਸਥਿਤ ਵਿਦੇਸ਼ ਮੰਤਰਾਲੇ ਕੋਲ ਇਕ ਅਰਜ਼ੀ ਦਿੱਤੀ ਗਈ, ਜਿਸ ਰਾਹੀਂ ਉਸ ਨੇ ਆਪਣੇ ਵੀਜ਼ੇ ਦੀ ਮਿਆਦ ਤਿੰਨ ਮਹੀਨੇ ਵਧਾਉਣ ਦੀ ਅਪੀਲ ਕੀਤੀ। ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੇ ਆਪਣਾ ਪੱਖ ਰੱਖਦਿਆਂ ਆਖਿਆ ਕਿ ਇਸ ਵਿੱਚ ਸਿੱਖ ਸੰਸਥਾ ਦੀ ਨਹੀਂ ਸਗੋਂ ਭਾਰਤੀ ਖੁਫੀਆ ਏਜੰਸੀਆਂ ਦੀ ਨਾਕਾਮੀ ਹੈ, ਜਿਨ੍ਹਾਂ ਨੂੰ ਸਮੇਂ ਸਿਰ ਇਸ ਔਰਤ ਦੇ ਪਾਕਿਸਤਾਨ ਜਾਣ ਦੇ ਮੰਤਵ ਬਾਰੇ ਪਤਾ ਨਹੀਂ ਲੱਗ ਸਕਿਆ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਅਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਜਦੋਂ ਵੀ ਸਿੱਖ ਸੰਸਥਾ ਵਲੋਂ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਂਦਾ ਹੈ ਤਾਂ ਇਸ ਸਬੰਧੀ ਅਰਜ਼ੀਆਂ ਅਤੇ ਪਾਸਪੋਰਟ ਇਕੱਠੇ ਕਰਕੇ ਸਰਕਾਰ ਨੂੰ ਜਾਂਚ ਵਾਸਤੇ ਭੇਜ ਦਿੱਤੇ ਜਾਂਦੇ ਹਨ ਜਿਥੇ ਯੋਗ ਕਾਰਵਾਈ ਕਰਕੇ ਇਸ ਦੀ ਰਿਪੋਰਟ ਅਗਾਂਹ ਸੌਂਪੀ ਜਾਂਦੀ ਹੈ।

## ਕਿਰਨ ਬਾਲਾ ਦੇ ਪਾਕਿ ਜਾਣ ਪਿੱਛੇ ਮੇਰੇ ਪਤੀ ਦਾ ਹੱਥ: ਕਿਸ਼ਨ ਕੌਰ

**ਗੜ੍ਹਸ਼ੰਕਰ/ਬਿਊਰੋ ਨਿਊਜ਼**, ਵਿਸਾਖੀ ਮੌਕੇ ਜਥੇ ਨਾਲ ਪਾਕਿਸਤਾਨ ਜਾ ਕੇ ਧਰਮ ਪਰਿਵਰਤਨ ਕਰਕੇ ਉਥੇ ਵਿਆਹ ਕਰਵਾਉਣ ਵਾਲੀ ਗੜ੍ਹਸ਼ੰਕਰ ਦੀ ਕਿਰਨ ਬਾਲਾ ਦੀ ਸੱਸ ਕਿਸ਼ਨ ਕੌਰ ਨੇ ਦੋਸ਼ ਲਾਇਆ ਹੈ ਕਿ ਕਿਰਨ ਬਾਲਾ ਦੇ ਆਪਣੇ ਸਹੁਰੇ ਨਾਲ ਸਬੰਧ ਹਨ ਤੇ ਕਿਰਨ ਬਾਲਾ ਨੂੰ ਪਾਕਿਸਤਾਨ ਪਹੁੰਚਾਉਣ ਪਿੱਛੇ ਤਰਸੇਮ ਸਿੰਘ ਦਾ ਹੀ ਹੱਥ ਹੈ। ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਸ਼ਨ ਕੌਰ ਨੇ ਕਿਹਾ ਕਿ ਉਸ ਦੇ ਪਤੀ ਤਰਸੇਮ ਸਿੰਘ ਦੇ ਨੂੰਹ ਕਿਰਨ ਬਾਲਾ ਦੇ ਸਬੰਧ ਸਨ ਅਤੇ ਕਿਰਨ ਬਾਲਾ ਨੂੰ ਪਾਕਿਸਤਾਨ ਭੇਜ ਕੇ ਧਰਮ ਪਰਿਵਰਤਨ ਕਰਵਾਉਣ ਪਿੱਛੇ ਉਸ ਦੇ ਪਤੀ ਤਰਸੇਮ ਸਿੰਘ ਦਾ ਹੱਥ ਹੈ। ਕਿਰਨ ਬਾਲਾ ਦੇ ਤਿੰਨ ਬੱਚਿਆਂ ਦੀ ਹਾਜ਼ਰੀ ਵਿੱਚ ਕਿਸ਼ਨ ਕੌਰ ਨੇ ਦੱਸਿਆ ਕਿ ਕਿਰਨ ਬਾਲਾ ਦਾ ਉਸ ਦੇ ਪੁੱਤ ਨਰਿੰਦਰ ਸਿੰਘ ਨਾਲ 2005 ਵਿੱਚ ਪ੍ਰੇਮ ਵਿਆਹ ਹੋਇਆ ਸੀ ਅਤੇ 19 ਅਪਰੈਲ 2013 ਨੂੰ ਉਸ ਦੇ ਪੁੱਤ ਦੀ ਹਾਦਸੇ ਵਿੱਚ ਮੌਤ ਹੋ ਗਈ ਸੀ। ਕਿਸ਼ਨ ਕੌਰ ਨੇ ਉਸ ਹਾਦਸੇ ਪਿੱਛੇ ਵੀ ਕਿਰਨ ਬਾਲਾ ਦਾ ਹੱਥ ਦੱਸਦਿਆਂ ਕਿਹਾ ਕਿ ਕਿਰਨ ਬਾਲਾ ਦੇ ਕਥਿਤ ਮਾੜੇ ਚਰਿੱਤਰ ਕਾਰਨ ਘਰ ਵਿੱਚ ਕਲੇਸ਼ ਰਹਿੰਦਾ ਸੀ। ਕਿਸ਼ਨ ਕੌਰ ਨੇ ਕਿਹਾ ਕਿ ਨਰਿੰਦਰ ਸਿੰਘ ਦੀ ਮੌਤ ਪਿੱਛੋਂ ਕਿਰਨ ਬਾਲਾ ਦਿੱਲੀ ਵਿੱਚ ਆਪਣੇ ਪੇਕੇ ਪਰਿਵਾਰ ਕੋਲ ਚਲੀ ਗਈ ਸੀ, ਪਰ ਇਸ ਪਿੱਛੋਂ ਉਸ ਦਾ ਪਤੀ ਤਰਸੇਮ ਸਿੰਘ ਆਪਣੀ ਜ਼ਿੰਮੇਵਾਰੀ 'ਤੇ ਉਸ ਨੂੰ ਘਰ ਲੈ ਆਇਆ ਸੀ। ਉਸ ਨੇ ਦੱਸਿਆ ਕਿ ਇਸ ਪਿੱਛੋਂ ਕਿਰਨ ਬਾਲਾ ਦੇ ਆਪਣੇ ਤਰਸੇਮ ਸਿੰਘ ਨਾਲ ਕਥਿਤ ਸਬੰਧ ਬਣ ਗਏ ਅਤੇ ਤਰਸੇਮ ਸਿੰਘ ਨੇ ਕਿਰਨ ਬਾਲਾ ਦੇ ਕਹੇ ਅਨੁਸਾਰ ਆਪਣੇ ਛੋਟੇ ਪੁੱਤਰ ਅਤੇ ਧੀ ਨੂੰ ਵੀ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ।

WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205

# ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਵਿਖੇ ਧੂਮ-ਧਾਮ ਨਾਲ ਮਨਾਇਆ ਗਿਆ ਖਾਲਸੇ ਦਾ ਸਾਜਨਾ ਦਿਵਸ 'ਵਿਸਾਖੀ'





**ਮਿਲਪੀਟਸ/ਬਿਊਰੋ ਨਿਊਜ਼:**
ਗੁਰਦੂਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਵਿਖੇ ਬੀਤੇ ਐਤਵਾਰ ਖਾਲਸਾ ਸਾਜਨਾ ਦਿਵਸ ਬੜੇ ਧੂਮ-ਧਾਮ ਨਾਲ ਮਨਾਇਆ ਗਿਆ। ਮੁੱਖ ਸਮਾਗਮ ਵਿਚ ਬੀਬੀ ਬਲਜੀਤ ਕੌਰ ਖਾਲਸਾ ਨੇ ਵਿਸ਼ੇਸ਼ ਹਾਜਰੀ ਭਰੀ। ਇਸ ਮੌਕੇ ਗੁਰਦੂਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਦੇ ਖਾਲਸਾ ਸਕੂਲ ਦੇ ਬੱਚਿਆਂ ਨੇ ਵੀ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਿੱਖ ਸਮਾਗਮ ਵਿਚ ਭਾਗ ਲਿਆ।

ਗੁਰਦੂਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਦੌਰਾਨ ਗੁਰਦੂਆਰਾ ਸਾਹਿਬ ਦੇ ਮੇਨ ਹਾਲ ਵਿਚ ਕੀਰਤਨ ਦੀਵਾਨ ਸਜਾਏ ਗਏ ਜਿਸ ਵਿਚ ਪਹਿਲਾਂ ਗੁਰਦੂਆਰਾ ਸਾਹਿਬ ਦੇ ਹਜੂਰੀ ਕੀਰਤਨੀ ਜਥੇ ਭਾਈ ਸੁਖਦੇਵ ਸਿੰਘ ਨੇ ਕੀਰਤਨ ਸਰਵਣ ਕਰਵਾਇਆ ਅਤੇ ਬਾਅਦ ਵਿਚ ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇ ਵਾਲੀਆਂ ਬੀਬੀਆਂ ਦੇ ਕੀਰਤਨੀ ਜਥੇ ਨੇ ਆਪਣੀ ਮਨੋਹਰ ਰਸਨਾ ਦੁਆਰਾ ਹਰਜਸ ਗਾਇਨ ਕੀਤਾ। ਗੁਰਦੂਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਦੇ ਖਾਲਸਾ ਸਕੂਲ ਦੇ ਬੱਚਿਆਂ ਨੇ ਵੀ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਿੱਖ ਸਮਾਗਮ ਵਿਚ ਭਾਗ ਲਿਆ। ਬੱਚਿਆਂ ਨੇ ਪਹਿਲਾਂ ਆਪਣੀ ਮਨੋਹਰ ਰਸਨਾ ਵਿਚ ਸ਼ਬਦ ਕੀਰਤਨ ਕੀਤਾ।

ਉਪਰੰਤ ਖਾਲਸਾ ਸਾਜਨਾ, ਪੰਜ ਪਿਆਰੇ ਅਤੇ ਪੰਜ ਕਕਾਰ ਆਦਿ ਵਿਸ਼ਿਆਂ ਤੇ ਭਾਸ਼ਣ ਕੀਤੇ ਗਏ। ਇਸ ਮੌਕੇ ਬੱਚਿਆਂ ਵਲੋਂ ਬਣਾਏ ਗਏ ਖਾਲਸਾ ਸਾਜਨਾ ਨੂੰ ਪਰਦਰਸ਼ਿਤ ਕਰਦੇ ਚਿੱਤਰ ਵੀ ਸੰਗਤਾਂ ਦੇ ਸਨਮੁਖ ਪੇਸ਼ ਕੀਤੇ ਗਏ। ਬਾਅਦ ਵਿਚ ਸਿੱਖ ਇਤਿਹਾਸ ਪ੍ਰਸ਼ਨੋਤਰੀ ਵਿਚ ਜੁਨੀਅਰ ਅਤੇ ਸੀਨੀਅਰ ਵਰਗ ਵਿਚ ਬੱਚਿਆਂ ਨੇ ਵਿਸ਼ੇਸ਼ ਭਾਗ ਲਿਆ। ਜੇਤੂ ਬਚਿਆਂ ਨੂੰ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਅੰਤ ਵਿਚ ਬੱਚਿਆਂ ਵਲੋਂ ਗਤਕੇ ਦੇ ਜੋਹਰ ਦਿਖਾ ਕੇ ਇਸ ਸਮਾਗਮ ਦੀ ਸੰਪੂਰਨਤਾ ਹੋਈ। ਸਮੂਹ ਸਿੱਖ ਸੰਗਤ ਵਲੋਂ ਗੁਰਦੂਆਰਾ ਪ੍ਰਬੰਧਕ ਕਮੇਟੀ ਵਲੋਂ ਕਰਵਾਏ ਗਏ ਇਸ ਸਮਾਗਮ ਦੀ ਭਰਪੂਰ ਸ਼ਲਾਘਾ ਕੀਤੀ ਗਈ। ਗੁਰਦੂਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਨੇ ਸਮੂਹ ਸੰਗਤਾਂ ਦਾ ਧਨਵਾਦ ਕੀਤਾ ਅਤੇ ਭਵਿਖ ਵਿਚ ਵੀ ਇਹੋ ਜਿਹੇ ਉਪਰਾਲੇ ਕਰਦੇ ਰਹਿਣ ਲਈ ਸੰਗਤਾਂ ਨੂੰ ਯਕੀਨ ਦਿਵਾਇਆ।

# ਨਾਨਕਸ਼ਾਹੀ ਕੈਲੰਡਰ ਅਨੁਸਾਰ ਖਾਲਸਾ ਸਾਜਨਾ ਦਿਵਸ ਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ









**ਸ਼ਿਕਾਗੋ/ਮੱਖਣ ਸਿੰਘ ਕਲੇਰ :** ਇਥੋਂ ਦੇ ਪੈਲਾਟਾਈਨ ਗੁਰਦੂਆਰਾ ਸਾਹਿਬ ਵਿਖੇ ਪ੍ਰਬੰਧਕਾਂ ਅਤੇ ਸੰਗਤਾਂ ਵਲੋਂ ਪਿਛਲੇ ਦਿਨੀਂ ਖਾਲਸੇ ਦਾ ਸਾਜਨਾ ਦਿਵਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਜਿਸ ਵਿੱਚ ਸੰਗਤਾਂ ਨੇ ਭਰਵੀਂ ਗਿਣਤੀ ਵਿੱਚ ਗੁਰਦੂਆਰਾ ਸਾਹਿਬ ਪਹੁੰਚ ਕੇ ਹਾਜਰੀ ਭਰੀ। ਸ਼ੁੱਕਰਵਾਰ 13 ਅਪਰੈਲ ਨੂੰ ਸ੍ਰੀ ਆਖੰਡਪਾਠ ਸਾਹਿਬ ਆਰੰਭ ਕੀਤੇ ਗਏ ਤੇ ਜਿਨ੍ਹਾਂ ਦੇ ਭੋਗ ਐਤਵਾਰ 15 ਅਪਰੈਲ ਨੂੰ ਪਾਏ ਗਏ। ਉਪਰੰਤ ਗੁਰਮਤਿ ਸਕੂਲ ਦੇ ਬੱਚਿਆਂ ਵਲੋਂ ਸ਼ਬਦ ਗਾਇਨ ਕੀਤੇ ਗਏ। ਨਇਸ ਸਮੇਂ ਬੱਚਿਆਂ ਦੇ ਨਾਲ ਸਕੂਲ ਦੇ ਪ੍ਰਿੰਸੀਪਲ ਅਮਰਦੇਵ ਸਿੰਘ ਬਦੇਸ਼ਾ, ਸਕੂਲ ਇੰਚਾਰਜ ਬੀਬੀ ਜਸਵੀਰ ਕੌਰ ਸਲੂਜਾ, ਅਧਿਆਪਕ, ਸਹਿਯੋਗੀ ਸੇਵਾਦਾਰ ਤੇ ਮਾਪੇ ਵਿਸ਼ੇਸ਼ ਤੌਰ ਤੇ ਦੀਵਾਨਹਾਲ ਵਿੱਚ ਬੱਚਿਆਂ ਦੀ ਹੌਂਸਲਾ ਅਫਜਾਈ ਕਰਨ ਲਈ ਹਾਜ਼ਰ ਸਨ। ਗੁਰਦੂਆਰਾ ਸਾਹਿਬ ਦੇ ਕੀਰਤਨੀਏ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਵਲੋਂ ਸੰਗਤਾਂ ਨੂੰ ਧੁਰ ਕੀ ਬਾਣੀ ਦੇ ਸ਼ਬਦ ਗਾਇਨ ਕਰਕੇ ਨਿਹਾਲ ਕੀਤਾ। ਗੁਰਦੂਆਰਾ ਸਾਹਿਬ ਦੇ ਹੈਡਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਸੰਗਤਾਂ ਨੂੰ ਜਿਥੇ ਖਾਲਸੇ ਦੇ ਸਾਜਨਾ ਦਿਵਸ ਸਬੰਧੀ ਇਤਿਹਾਸ ਸਰਵਣ ਕਰਵਾਇਆ ਉਥੇ ਹੀ ਉਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਸੰਗਤਾਂ ਨੂੰ ਕਥਾ ਦੇ ਰੂਪ ਵਿੱਚ ਇਤਿਹਾਸ ਸਰਵਣ ਕਰਵਾਇਆ। ਇਨ੍ਹਾਂ ਵਿਸ਼ੇਸ਼ ਦਿਹਾੜਿਆਂ ਤੇ ਪ੍ਰਬੰਧਕਾਂ ਵਲੋਂ ਭਾਈ ਸੁਖਵਿੰਦਰ ਸਿੰਘ ਦੇ ਢਾਡੀ ਜਥੇ ਨੂੰ ਵਿਸ਼ੇਸ਼ ਤੌਰ ਤੇ ਸੱਦਿਆ ਗਿਆ ਸੀ ਜਿਨ੍ਹਾਂ ਨੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਗੁਰਇਤਿਹਾਸ ਤੇ ਸਿੱਖ ਇਤਿਹਾਸ ਸਰਵਣ ਕਰਵਾਇਆ। ਹਰ ਸਾਲ ਦੀ ਤਰਾਂ ਇਸ ਵਾਰ ਵੀ ਸਾਰੇ ਸਮਾਗਮਾਂ ਦੀ ਸੇਵਾ ਟਰੱਕਾਂ ਵਾਲੇ ਵੀਰਾਂ ਵਲੋਂ ਕੀਤੀ ਗਈ ਸੀ ਸਟੇਜ ਦੀ ਸੇਵਾ ਹਰਜੀਤ ਸਿੰਘ ਗਿੱਲ ਵਲੋਂ ਨਿਵਾਈ ਗਈ ਨਵੇਂ ਚੁਣੇ ਗਏ ਪ੍ਰਬੰਧਕਾਂ ਵਲੋਂ ਵੀ ਵਿਸਾਖੀ ਦੇ ਦਿਹਾੜੇ ਤੇ ਚਾਰਜ ਸੰਭਾਲ ਲਿਆ ਗਿਆ ਹੈ ਹੁਣ ਸਟੇਜ ਦੀ ਗੁਰਮੀਤ ਸਿੰਘ ਬੈਂਸ ਨਿਵਾਇਆ ਕਰਨਗੇ. ਵਿਸ਼ੇਸ਼ ਤੌਰ ਤੇ ਗੁਰਮਿਤ ਸਕੂਲ ਦੇ ਬੱਚਿਆਂ ਵਲੋਂ ਗੱਤਕੇ ਦੇ ਜੌਹਰ ਦਿਖਾਏ ਗਏ ।


Global Solution for Transportation

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)



Rajinder Singh Tanda

ਵਧੇਰੇ ਜਾਣਕਾਰੀ ਲਈ
ਸੰਪਰਕ ਕਰੋ

Address:
4646 Qantas Ln, Ste B14
Stockton CA 95206



Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com



CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com

# ਮੱਕਾ ਮਸਜਿਦ ਧਮਾਕਾ ਕਾਂਡ 'ਚ ਅਦਾਲਤਾਂ ਨਾ ਕਰ ਸਕੀਆਂ ਇਨਸਾਫ਼

## ਅਸੀਮਾਨੰਦ ਸਹਿਤ ਪੰਜ ਦੋਸ਼ੀਆਂ ਨੂੰ ਬਰੀ ਕਰਨ ਵਾਲੇ ਜੱਜ ਬੋਲੇ ਆਰ. ਐਸ.ਐਸ. ਨਾਲ ਜੁੜਨ ਦਾ ਮਤਲਬ ਫਿਰਕੂ ਜਾਂ ਸਮਾਜ ਵਿਰੋਧੀ ਨਹੀਂ

**ਨਵੀਂ ਦਿੱਲ//ਬਿਊਰੋ ਨਿਊਜ਼:** ਹੈਦਰਾਬਾਦ ਦੀ ਮੱਕਾ ਮਸਜਿਦ ਧਮਾਕੇ ਵਿਚ ਅਸੀਮਾਨੰਦ ਸਮੇਤ ਪੰਜ ਦੋਸ਼ੀਆਂ ਨੂੰ ਬਰੀ ਕਰਨ ਵਾਲੇ ਰਾਸ਼ਟਰੀ ਜਾਂਚ ਏਜੰਸੀ ਤੇ ਸਪੈਸ਼ਲ ਜੱਜ ਰਵਿੰਦਰ ਰੈੱਡੀ ਨੇ ਸੁਣਵਾਈ ਦੌਰਾਨ ਆਰ ਐਸ ਐਸ ਨੂੰ ਲੈ ਕੇ ਅਹਿਮ ਟਿੱਪਣੀ ਕੀਤੀ ਹੈ। ਜੱਜ ਰੈੱਡੀ ਨੇ ਐਨ ਆਈ ਏ ਦੁਆਰਾ ਕੋਰਟ ਵਿਚ ਦਿੱਤੇ ਤਰਕ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਆਰ ਐਸ ਐਸ ਨਾਲ ਜੁੜਨ ਦਾ ਇਹ ਮਤਲਬ ਨਹੀਂ ਕਿ ਇਹ ਸਖ਼ਸ਼ ਫਿਰਕੂ ਜਾਂ ਸਮਾਜ ਵਿਰੋਧੀ ਹੈ। ਇਸ ਦੌਰਾਨ ਉਨ੍ਹਾਂ ਨੇ ਸੀਬੀਆਈ ਨੂੰ ਵੀ ਵਿਸ਼ਵਾਸ਼ਯੋਗ ਨਹੀਂ ਮੰਨਿਆ। ਜੱਜ ਨੇ 140 ਪੇਜ ਦੀ ਫੈਸਲੇ ਵਿਚ ਲਿਖਿਆ ਕਿ ਆਰ ਐਸ ਐਸ ਕੋਈ ਗ਼ੈਰ ਕਾਨੂੰਨੀ ਤੌਰ 'ਤੇ ਕੰਮ ਕਰਨ ਵਾਲਾ ਸੰਗਠਨ ਨਹੀਂ ਹੈ। ਜੇਕਰ ਕੋਈ ਵਿਅਕਤੀ ਇਸ ਦੇ ਲਈ ਕੰਮ ਕਰਦਾ ਹੈ ਤਾਂ ਇਸ ਦੇ ਕਾਰਨ ਫਿਰਕੂ ਜਾਂ ਅਪਰਾਧੀ ਹੋਣ ਦੀ ਗੁੰਜਾਇਸ਼ ਹੀ ਨਹੀਂ ਹੁੰਦੀ। ਆਪਣੇ ਫੈਸਲੇ ਵਿਚ ਜੱਜ ਰੈੱਡੀ ਨੇ ਮੱਕਾ ਮਸਜਿਦ ਬਲਾਸਟ ਕੇਸ ਨੂੰ 18 ਪੁਆਇੰਟ ਵਿਚ ਸੀਮਤ ਕਰ ਦਿੱਤਾ ਤੇ ਹਰ ਇਕ 'ਤੇ ਵਿਸਥਾਰ ਨਾਲ ਚਰਚਾ ਕੀਤੀ। ਦਸ ਦੇਈਏ ਕਿ ਮੱਕਾ ਮਸਜਿਦ ਬਲਾਸਟ ਕੇਸ ਵਿਚ ਅਸੀਮਾਨੰਦ ਸਮੇਤ ਪੰਜ ਦੋਸ਼ੀਆਂ ਨੂੰ ਬਰੀ ਕਰਨ ਦੇ ਕੁਝ ਘੰਟਿਆਂ ਬਾਅਦ ਜੱਜ ਰੈੱਡੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਹਾਲਾਂਕਿ ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਹਾਈਕੋਰਟ ਨੇ ਜੱਜ ਰੈੱਡੀ ਦਾ ਅਸਤੀਫਾ ਨਾ-ਮਨਜ਼ੂਰ ਕਰਦੇ ਹੋਏ ਉਨ੍ਹਾਂ ਨੂੰ ਤੁਰੰਤ ਡਿਊਟੀ 'ਤੇ ਆਉਣ ਨੂੰ ਕਿਹਾ ਸੀ। ਰੈੱਡੀ ਨੇ ਆਪਣੇ ਅਸਤੀਫੇ ਦੇ ਲਈ ਨਿੱਜੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਸੀ ਕਿ ਇਸ ਦਾ ਮੱਕਾ ਬਲਾਸਟ ਦੇ ਫੈਸਲੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਯਾਦ ਰਹੇ ਕਿ 16 ਅਪ੍ਰੈਲ ਨੂੰ ਰਾਸ਼ਟਰੀ ਜਾਂਚ ਏਜੰਸੀ ਦੀ ਇਕ ਵਿਸ਼ੇਸ਼ ਅਦਾਲਤ ਨੇ 2007 ਮੱਕਾ ਮਸਜਿਦ ਵਿਸਫੋਟ ਮਾਮਲੇ ਵਿਚ ਸੁਆਮੀ ਅਸੀਮਾਨੰਦ ਤਹਿਤ ਪੰਜ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਸੀ।

## ਕੌਣ ਏ ਦੋਸ਼ੀ





ਪਹਿਲਾਂ ਇਸ ਕੇਸ ਦੀ ਜਾਂਚ ਹੈਦਰਾਬਾਦ ਪੁਲਸ ਵੱਲੋਂ ਸ਼ੁਰੂ ਕੀਤੀ ਗਈ। ਧਮਾਕੇ ਦੇ 45 ਮਿੰਟਾਂ ਅੰਦਰ ਹੀ ਹੈਦਰਾਬਾਦ ਪੁਲਸ ਨੇ ਇਹ ਐਲਾਨ ਕਰ ਦਿੱਤਾ ਕਿ ਇਸ ਕਾਰੇ ਵਿੱਚ ਮੁਸਲਿਮ ਜਥੇਬੰਦੀਆਂ ਸ਼ਾਮਲ ਹਨ। ਇਸ ਤੋਂ ਬਾਅਦ 100 ਦੇ ਕਰੀਬ ਮੁਸਲਿਮ ਨੌਜਵਾਨਾਂ ਨੂੰ ਵੱਖ-ਵੱਖ ਧਾਰਾਵਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ। ਮੁਸਲਿਮ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਵਿਰੁੱਧ ਆਵਾਜ਼ਾਂ ਉੱਠਣ ਤੋਂ ਬਾਅਦ ਇਸ ਕੇਸ ਨੂੰ ਸੀ ਬੀ ਆਈ ਦੇ ਹਵਾਲੇ ਕਰ ਦਿੱਤਾ ਗਿਆ। ਸੀ ਬੀ ਆਈ ਨੇ ਸਬੂਤਾਂ ਦੇ ਆਧਾਰ ਉੱਤੇ ਇਹ ਸਿੱਟਾ ਕੱਢਿਆ ਕਿ ਮੱਕਾ ਮਸਜਿਦ ਧਮਾਕਾ ਤੇ 2008 ਵਿਚ ਹੋਇਆ ਅਜਮੇਰ ਦਰਗਾਹ ਧਮਾਕਾ ਇੱਕ ਦੂਜੇ ਨਾਲ ਜੁੜੇ ਹੋਏ ਹਨ। ਨਵੰਬਰ 2010 ਵਿੱਚ ਸਵਾਮੀ ਅਸੀਮਾਨੰਦ ਨੂੰ ਹਰਿਦੁਆਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਕੇਸ ਵਿੱਚ ਨਵਾਂ ਮੋੜ ਉਦੋਂ ਆਇਆ, ਜਦੋਂ ਮੱਕਾ ਮਸਜਿਦ ਧਮਾਕੇ ਵਿੱਚ ਫੜੇ ਗਏ 100 ਮੁਸਲਿਮ ਨੌਜਵਾਨਾਂ ਵਿੱਚੋਂ ਇੱਕ ਕਲੀਮ ਨਾਂਅ ਦੇ ਨੌਜਵਾਨ ਨੂੰ ਮਿਲਣ ਤੋਂ ਬਾਅਦ ਅਸੀਮਾਨੰਦ ਨੇ ਤੀਸ ਹਜ਼ਾਰੀ ਅਦਾਲਤ ਵਿੱਚ ਆਪਣਾ ਇਕਬਾਲੀਆ ਬਿਆਨ ਦਰਜ ਕਰਾਇਆ। ਅਸੀਮਾਨੰਦ ਨੇ ਕਿਹਾ ਕਿ ਕਲੀਮ ਨੇ ਉਸ ਅੱਗੇ ਤਰਲਾ ਮਾਰਿਆ ਸੀ ਕਿ ਉਸ ਦਾ ਭਵਿੱਖ ਤਬਾਹ ਹੋ ਜਾਵੇਗਾ। ਇਸ ਲਈ ਮੈਂ ਆਪਣਾ ਗੁਨਾਹ ਕਬੂਲ ਕਰ ਰਿਹਾ ਹਾਂ। ਅਸੀਮਾਨੰਦ ਦਾ ਇਕਬਾਲੀਆ ਬਿਆਨ 130 ਪੇਜਾਂ ਦਾ ਸੀ। ਆਪਣੇ ਬਿਆਨ ਵਿੱਚ ਅਸੀਮਾਨੰਦ ਨੇ ਮਾਲੇਗਾਓਂ ਧਮਾਕੇ ਵਿੱਚ ਨਾਮਜ਼ਦ ਦੋਸ਼ੀਆਂ ਸਾਧਵੀ ਪ੍ਰਗਿਆ ਤੇ ਕਰਨਲ ਸ੍ਰੀਕਾਂਤ ਪਰੋਹਿਤ ਦੀ ਆਤੰਕੀ ਕਾਰਵਾਈਆਂ ਵਿੱਚ ਸ਼ਮੂਲੀਅਤ ਦੀ ਗੱਲ ਵੀ ਕਹੀ। ਇਸ ਬਿਆਨ ਪਿੱਛੋਂ ਮੱਕਾ ਮਸਜਿਦ ਕੇਸ ਵਿੱਚ ਸੱਤ ਦੋਸ਼ੀਆਂ ਨੂੰ ਨਾਮਜ਼ਦ ਕੀਤਾ ਗਿਆ। ਇਹਨਾਂ ਵਿੱਚ ਪੰਜ ਦਵੇਂਦਰ ਗੁਪਤਾ, ਲੋਕੇਸ਼ ਸ਼ਰਮਾ, ਅਸੀਮਾਨੰਦ, ਭਰਤ ਮੋਹਨ ਲਾਲ ਤੇ ਰਾਜੇਂਦਰ ਚੌਧਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਦੋਸ਼ੀ ਦੀ ਮੌਤ ਹੋ ਚੁੱਕੀ ਸੀ ਤੇ ਇੱਕ ਹੋਰ ਫ਼ਰਾਰ ਸੀ। ਹੋਰ ਦੋ ਦੋਸ਼ੀਆਂ ਦੇ ਖਿਲਾਫ਼ ਜਾਂਚ ਜਾਰੀ ਹੈ। ਸੁਣਵਾਈ ਦੌਰਾਨ 226 ਚਸ਼ਮਦੀਦਾਂ ਤੋਂ ਪੁਛਗਿੱਛ ਕੀਤੀ ਗਈ। ਤਕਰੀਬਨ 411 ਦਸਤਾਵੇਜ਼ ਪੇਸ਼ ਕੀਤੇ ਗਏ। ਅਸੀਮਾਨੰਦ ਤੇ ਭਾਰਤ ਮੋਹਨ ਲਾਲ ਰਿਤੇਸ਼ਵਰ ਜ਼ਮਾਨਤ 'ਤੇ ਹਨ। ਜਦ ਕਿ ਤਿੰਨ ਹੋਰ ਉਸ ਸਮੇਂ ਨਿਆਂਇਕ ਹਿਰਾਸਤ ਕੇਂਦਰੀ ਜੇਲ੍ਹ ਵਿਚ ਹਨ। ਰਾਜਸਥਾਨ ਦੀ ਇਕ ਅਦਾਲਤ ਨੇ ਅਜਮੇਰ ਦਰਗਾਹ ਵਿਸਫੋਟ ਮਾਮਲੇ ਵਿਚ 2017 ਨੂੰ ਗੁਪਤਾ ਤੇ ਹੋਰਾਂ ਨੂੰ ਉਮਰ ਭਰ ਕੈਦ ਸੁਣਾਈ ਸੀ।

ਇਸ ਦੌਰਾਨ ਜਦੋਂ ਇਹ ਕੇਸ ਆਈ ਐੱਨ ਏ ਦੇ ਸਪੁਰਦ ਕਰ ਦਿੱਤਾ ਗਿਆ ਤਾਂ ਸਾਰੇ ਗਵਾਹ ਮੁੱਕਰਨੇ ਸ਼ੁਰੂ ਹੋ ਗਏ। ਅਸੀਮਾਨੰਦ ਨੇ ਆਪਣੇ ਇਕਬਾਲੀਆ ਬਿਆਨ ਤੋਂ ਪੱਲਾ ਝਾੜ ਲਿਆ। ਜਦੋਂ ਮੋਦੀ ਸਰਕਾਰ ਸੱਤਾ ਵਿੱਚ ਆਈ ਤਾਂ ਏਜੰਸੀ ਨਾਲ ਸੰਬੰਧਿਤ ਰਹੇ ਅਫ਼ਸਰ ਤੇ ਸਾਬਕਾ ਗ੍ਰਹਿ ਸਕੱਤਰ ਆਰ ਕੇ ਸਿੰਘ ਭਾਜਪਾ ਵਿੱਚ ਸ਼ਾਮਲ ਹੋ ਗਏ। ਇੱਥੋਂ ਹੀ ਇਸ ਕੇਸ ਦੇ ਸਾਬੋਤਾਜ ਦੀ ਕੋਸ਼ਿਸ਼ ਸ਼ੁਰੂ ਹੋ ਗਈ। ਗਵਾਹੀਆਂ ਵਾਲੀਆਂ ਬਹੁ-ਗਿਣਤੀ ਫ਼ਾਈਲਾਂ ਗੁੰਮ ਹੋ ਗਈਆਂ ਤੇ ਐੱਨ ਆਈ ਏ ਨੇ ਉਹਨਾਂ ਨੂੰ ਲੱਭਣ ਲਈ ਕੋਈ ਤਰੱਦਦ ਨਾ ਕੀਤਾ। ਅਸੀਮਾਨੰਦ ਨੂੰ ਅਜਮੇਰ ਦਰਗਾਹ ਧਮਾਕੇ ਵਿੱਚ ਪਿਛਲੇ ਸਾਲ ਬਰੀ ਕਰ ਦਿੱਤਾ ਗਿਆ ਸੀ। ਉਹ ਸਮਝੌਤਾ ਐਕਸਪ੍ਰੈੱਸ ਧਮਾਕੇ ਵਿੱਚ ਵੀ ਦੋਸ਼ੀ ਹੈ। ਹੁਣ ਉਸ ਨੂੰ ਤੇ ਉਸ ਦੇ ਨਾਲ ਦੇ ਦਵੇਂਦਰ, ਲੋਕੇਸ਼, ਮੋਹਨ ਲਾਲ ਅਤੇ ਰਾਜੇਂਦਰ ਚੌਧਰੀ ਨੂੰ ਮੱਕਾ ਮਸਜਿਦ ਧਮਾਕੇ ਵਾਲੇ ਕੇਸ ਵਿੱਚੋਂ ਬਰੀ ਕਰ ਦਿੱਤਾ ਗਿਆ ਹੈ। ਭਾਵੇਂ ਇਸ ਕੇਸ ਵਿੱਚ 10 ਦੋਸ਼ੀ ਸਨ, ਪਰ ਮੁਕੱਦਮਾ ਸਿਰਫ਼ ਪੰਜ ਉੱਤੇ ਚਲਾਇਆ ਗਿਆ। ਦੋ ਦੋਸ਼ੀ ਸੰਦੀਪ ਡਾਂਗੇ ਤੇ ਰਾਮ ਚੰਦਰ ਫ਼ਰਾਰ ਹਨ। ਸੁਨੀਲ ਜੋਸ਼ੀ ਦੀ ਹੱਤਿਆ ਕਰ ਦਿੱਤੀ ਗਈ, ਜਦੋਂ ਕਿ ਦੋ ਹੋਰਨਾਂ ਦੇ ਖ਼ਿਲਾਫ਼ ਹਾਲੇ ਜਾਂਚ ਜਾਰੀ ਹੈ।

ਜਦੋਂ ਅਜਿਹੇ ਵੱਡੇ ਕੇਸ ਵਿੱਚ ਸਭ ਦੋਸ਼ੀ ਬਰੀ ਹੋ ਜਾਂਦੇ ਹਨ ਤਾਂ ਇਹ ਸਵਾਲ ਉੱਠਣਾ ਸੁਭਾਵਕ ਹੈ ਕਿ ਇਸ ਕਾਂਡ ਤੇ ਨਿਰਦੋਸ਼ਾਂ ਦੀ ਹੱਤਿਆਂ ਲਈ ਜ਼ਿੰਮੇਵਾਰ ਕੌਣ ਹੈ ?

ਭਗਵੇਂ ਅੱਤਵਾਦੀਆਂ ਨੂੰ ਕੌਣ ਬਚਾ ਰਿਹਾ ਹੈ ਤੇ ਅਦਾਲਤਾਂ ਵਿਚ ਬੈਠੇ ਜੱਜ ਆਰ ਐਸ ਐਸ ਦੀ ਵਕਾਲਤ ਕਿਉਂ ਕਰ ਰਹੇ ਹਨ ?

ਅਸਲ ਵਿੱਚ ਇਹ ਸਵਾਲ ਸਾਡੀਆਂ ਜਾਂਚ ਏਜੰਸੀਆਂ ਦੀ ਕਾਰਜ ਪ੍ਰਣਾਲੀ ਉੱਤੇ ਕਾਲਾ ਧੱਬਾ ਹਨ। ਇਸ ਕੇਸ ਵਿੱਚ 63 ਗਵਾਹ ਆਪਣੇ ਬਿਆਨਾਂ ਤੋਂ ਮੁੱਕਰ ਗਏ, ਕਿਉਂ ? ਇਸ ਪਿੱਛੇ ਸਿਆਸੀ ਤੰਤਰ ਹੀ ਜ਼ਿੰਮੇਵਾਰ ਹੈ, ਜੋ ਭਗਵੇਂ ਅੱਤਵਾਦ ਨੂੰ ਬਚਾ ਰਿਹਾ ਹੈ। ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਵੱਖ-ਵੱਖ ਧਮਾਕਿਆਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਮੁੱਖ ਗਵਾਹ ਬਣਾਇਆ ਗਿਆ। ਗਵਾਹਾਂ ਦੀ ਸੂਚੀ ਵਿੱਚ ਕਰਨਲ ਪ੍ਰੋਹਿਤ, ਸਰਦ ਕੁਲਕਰਨੀ, ਰਮੇਸ਼ ਉਪਾਧਿਆ, ਅਜੇ ਰਹਿਰਕਾਰ, ਸ਼ਿਵ ਨਰਾਇਣ ਤੇ ਸ਼ਿਆਮ ਸੰਭੂ ਉਹ ਵਿਅਕਤੀ ਹਨ, ਜਿਹੜੇ ਉਸ ਅਭਿਨਵ ਭਾਰਤ ਸੰਸਥਾ ਨਾਲ ਜੁੜੇ ਹਨ, ਜਿਸ ਉੱਤੇ ਧਮਾਕਿਆਂ ਦੇ ਦੋਸ਼ ਲੱਗਦੇ ਰਹੇ ਹਨ। ਭਲਾ ਜੇਲ੍ਹਾਂ ਵਿਚ ਬੰਦ ਇਹ ਵਿਅਕਤੀ ਆਪਣੇ ਭਾਈਬੰਦਾਂ ਦੇ ਖ਼ਿਲਾਫ਼ ਕਿਵੇਂ ਗਵਾਹੀ ਦੇਣਗੇ ?

### ਸੁਪਰੀਮ ਕੋਰਟ ਵੱਲੋਂ ਪੁਰੋਹਿਤ ਨੂੰ ਰਾਹਤ

ਨਵੀਂ ਦਿੱਲੀ/ਬਿਊਰੋ ਨਿਊਜ਼ : ਸੁਪਰੀਮ ਕੋਰਟ ਨੇ ਮਾਲੇਗਾਓਂ ਧਮਾਕੇ ਵਿਚ ਆਪਣੇ ਹੀ ਹੁਕਮਾਂ ਨੂੰ ਸਪਸ਼ਟ ਕਰਦਿਆਂ ਮੁਲਜ਼ਮ ਲੈਫਟੀਨੈਂਟ ਕਰਨਲ ਸ੍ਰੀਕਾਂਤ ਪੁਰੋਹਿਤ ਨੂੰ ਰਾਹਤ ਦਿੰਦਿਆਂ ਇਸ ਮਾਮਲੇ ਵਿੱਚ ਗ਼ੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂਏਪੀਏ) ਤਹਿਤ ਉਸ ਤੋਂ ਪੁੱਛਗਿੱਛ ਕਰਨ ਦੀ ਦਿੱਤੀ ਇਜਾਜ਼ਤ ਨੂੰ ਦੋਸ਼ ਆਇਦ ਕਰਨ ਮੌਕੇ ਚੁਣੌਤੀ ਦੇਣ ਦੀ ਖੁੱਲ੍ਹ ਦੇ ਦਿੱਤੀ ਹੈ। ਪੁਰੋਹਿਤ ਨੇ ਬੰਬੇ ਹਾਈ ਕੋਰਟ ਵਿਚ ਦਾਇਰ ਆਪਣੀ ਪਟੀਸ਼ਨ ਵਿਚ ਮਹਾਰਾਸ਼ਟਰ ਸਰਕਾਰ ਵੱਲੋਂ ਉਸ ਤੋਂ ਇਸ ਮਾਮਲੇ ਸਬੰਧੀ ਉਪਰੋਕਤ ਐਕਟ ਅਧੀਨ ਪੁੱਛਗਿੱਛ ਕਰਨ ਦੀ ਦਿੱਤੀ ਇਜਾਜ਼ਤ ਨੂੰ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਹਾਲਾਂਕਿ ਇਹ ਅਪੀਲ ਉਦੋਂ ਰੱਦ ਕਰ ਦਿੱਤੀ ਸੀ।

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੱਤਰਕਾਰ ਨੀਟਾ ਮਾਛੀਕੇ ਨੂੰ ਗਹਿਰਾ ਸਦਮਾ

### *ਨੌਜਵਾਨ ਭਾਣਜੇ ਦਾ ਦਿਹਾਂਤ, ਸਸਕਾਰ ਤੇ ਅੰਤਿਮ ਅਰਦਾਸ 29 ਨੂੰ*

**ਸੈਕਰਾਮੈਂਟੋ/ਬਿਊਰੋ ਨਿਊਜ਼:** ਫਰਿਜ਼ਨੋਂ ਤੋ ਪੱਤਰਕਾਰ ਨੀਟਾ ਮਾਛੀਕੇ ਨੂੰ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦਾ ਪਿਆਰਾ ਭਾਣਜਾ ਕੁਲਦੀਪ ਸਿੰਘ ਪਨੈਂਚ (30 ਸਾਲ) ਜਿਸ ਦਾ ਪੰਜਾਬ ਤੋਂ ਪਿਛੋਕੜ ਪਿੰਡ ਨਿਉਰ,



ਜ਼ਿਲ੍ਹਾ ਬਠਿੰਡਾ ਸੀ, ਪਿਛਲੇ ਹਫ਼ਤੇ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਸਰੀ ਕੈਨੇਡਾ ਵਿਖੇ ਅਚਾਨਕ ਸਦੀਵੀ ਵਿਛੋੜਾ ਦੇ ਗਿਆ। ਪਰਿਵਾਰ ਵਲੋਂ ਸਭ ਨੂੰ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਕੁਲਦੀਪ ਸਿੰਘ ਦਾ ਸਸਕਾਰ ਵਿਖੇ 29 ਅਪ੍ਰੈਲ ਦਿਨ ਐਤਵਾਰ ਸਵੇਰੇ 10:00 ਵਜੇ ਓਲੀਵਰ ਕਮਿਊਨਟੀ ਹਾਲ (Nunes pottinger funeral home. EHEE HEMLOCK ST OLIVER B C) ਵਿਖੇ ਹੋਵੇਗਾ, ਉਪਰੰਤ ਭੋਗ ਅਤੇ ਅੰਤਿਮ ਅਰਦਾਸ ਸਥਾਨਕ ਗੁਰਦਵਾਰਾ ਭਵ-ਸਾਗਰ ਸਿੱਖ ਟੈਂਪਲ ਵਿਖੇ ਹੋਵੇਗੀ। ਫਿਊਨਰਲ ਹੋਮ ਦਾ ਪਤਾ ਹੈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਗੁਰਸੇਵਕ ਸਿੰਘ ਧਾਲੀਵਾਲ ਫ਼ੋਨ (250) 498-9876, ਦਰਸ਼ਨ ਸਿੰਘ ਧਾਲੀਵਾਲ (250) 498-7677 ਅਤੇ ਕੁਲਵੀਰ ਸਿੰਘ ਪਨੈਂਚ (250) 408-9494 'ਤੇ ਸੰਪਰਕ ਕਰ ਸਕਦੇ ਹੋ।

**ਅੰਮ੍ਰਿਤਸਰ ਟਾਈਮਜ਼ ਵਲੋਂ ਦੁੱਖ ਦਾ ਪ੍ਰਗਟਾਵਾ**

ਫਰੀਮਾਂਟ: ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਇਸ ਦੁੱਖ ਦੀ ਘੜੀ ਪੱਤਰਕਾਰ ਨੀਟਾ ਮਾਛੀਕੇ ਨਾਲ ਗਹਿਰਾ ਸ਼ੋਕ ਪ੍ਰਗਾਉਂਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕਰਦਾ ਹੈ ਕਿ ਕੁਲਦੀਪ ਸਿੰਘ ਪਨੈਂਚ ਨੂੰ ਅਪਣੇ ਚਰਨਾਂ ਵਿੱਚ ਨਿਵਾਸ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

# ਇੰਡੀਆਨਾ ਸੂਬੇ 'ਚ ਅਪਰੈਲ ਮਹੀਨੇ ਨੂੰ "ਸਿੱਖ ਵਿਰਾਸਤ ਮਹੀਨਾ" ਐਲਾਨਿਆ

**ਇੰਡੀਅਨਐਪੋਲਿਸ/ਬਿਊਰੋ ਨਿਊਜ਼:** ਅਮਰੀਕਾ ਦੇ ਸੂਬੇ ਇੰਡਿਆਨਾ 'ਚ ਖਾਲਸਾ ਪੰਥ ਦੇ ਸਥਾਪਨਾ ਦਿਵਸ ਦੀ 319ਵੀ ਵਰ੍ਹੇ ਗੰਢ ਬੜੀ ਧੂਮ-ਧਾਮ ਨਾਲ ਮਨਾਈ ਗਈ ਅਤੇ ਉਥੇ ਦੇ ਗਵਰਨਰ ਐਰਿਕ. ਜੇ. ਹੋਲਕੋਮਬ ਨੇ ਕਾਰਜਕਾਰੀ ਹੁਕਮ ਜਾਰੀ ਕਰਕੇ ਅਪਰੈਲ ਨੂੰ ਰਾਸ਼ਟਰੀ ਵਿਰਾਸਤ ਮਹੀਨਾ ਐਲਾਨਿਆ। ਸਿੱਖ ਭਾਈਚਾਰੇ ਦੇ ਨੇਤਾਵਾਂ ਨੂੰ ਗਵਰਨਰ ਦਫ਼ਤਰ 'ਚ ਸੱਦਾ ਦਿੱਤਾ ਗਿਆ ਅਤੇ ਹੋਲਕੋਮਬ ਵੱਲੋ ਸਮਾਰੋਹ ਕਰਨ ਲਈ ਉਨ੍ਹਾਂ ਨੇ ਸਨਮਾਨ ਯੋਗ ਸਵਾਗਤ ਕੀਤਾ ਅਤੇ ਗਵਰਨਰ ਹੋਲਕੋਮਬ ਨੂੰ ਸਮਾਰੌਹ ਦੇ ਅਖੀਰ 'ਚ ਇਸ ਘੋਸ਼ਣਾ ਦੀ ਕਾਪੀ ਦਿੱਤੀ ਗਈ। ਪੱਤਰਕਾਰ ਰਾਜ ਗੋਗਨਾ ਵਲੋਂ ਲਿਖਤੀ ਤੌਰ ਉੱਤੇ ਜਾਰੀ ਰਿਪੋਰਟ ਅਨੁਸਾਰ ਇਸ ਮੌਕੇ ਸਿੱਖ ਭਾਈਚਾਰੇ ਦੀ ਰਾਜਨੀਤਕ ਕਾਰਜ ਕਮੇਟੀ ਦੇ ਚੇਅਰਮੈਨ ਗੁਰਿੰਦਰ ਸਿੰਘ ਖਾਲਸਾ ਸਮੇਤ ਉੱਥੇ ਮੌਜੂਦ ਨੇਤਾਵਾਂ ਨੇ ਹੋਲਕੋਮਬ ਦਾ ਧੰਨਵਾਦ ਕਰਦਿਆਂ ਹਰ ਸਾਲ ਵਿਸਾਖੀ ਮਨਾਉਣ ਦਾ ਆਪਣਾ ਵਾਅਦਾ ਦੋਹਰਾਇਆ। ਖਾਲਸਾ ਨੇ ਕਿਹਾ, "ਮੈਂ ਸੂਬੇ ਅਤੇ ਸੰਘੀ ਪੱਧਰ 'ਤੇ ਚੁਣੇ ਗਏ ਅਧਿਕਾਰੀਆਂ ਵੱਲੋਂ ਗਵਰਨਰ ਦਾ ਧੰਨਵਾਦੀ ਹਾਂ ਜੋ ਨਿਯਮਿਤ ਰੂਪ ਨਾਲ ਸਿੱਖ ਗੁਰਦੁਆਰਿਆਂ 'ਚ ਜਾ ਕੇ ਜਾਗਰੂਕਤਾ ਫੈਲਾਉਣ ਲਈ ਈਮਾਨਦਾਰ ਕੋਸ਼ਿਸ਼ ਅਤੇ ਸਿੱਖ ਸੰਕਲਪ ਕਰ ਰਹੇ ਹਨ। ਹੋਲਕੋਮਬ ਨੇ 14 ਅਪ੍ਰੈਲ ਨੂੰ ਇਕ ਵੀਡੀਓ ਸੰਦੇਸ਼ ਜਾਰੀ ਕਰ ਕੇ ਵਿਸਾਖੀ ਦੀ ਵਧਾਈ ਦਿੱਤੀ ਸੀ। ਉਨ੍ਹਾਂ ਨੇ ਆਪਣੇ ਵੀਡੀਓ ਸੰਦੇਸ਼ 'ਚ ਕਿਹਾ, "ਹੈਲੋ, ਮੈਂ ਇੰਡਿਆਨਾ ਦੇ ਗਵਰਨਰ ਐਰਿਕ ਹੋਲਕੋਮਬ ਹਾਂ ਅਤੇ ਦੁਨੀਆ ਭਰ ਦੇ ਤਿੰਨ ਕਰੋੜ ਸਿੱਖਾਂ ਨੂੰ ਵਿਸਾਖੀ ਦੀ ਵਧਾਈ ਦਿੰਦਾ ਹਾਂ। ਅਸੀਂ ਤੁਹਾਡੇ ਸਾਰਿਆਂ ਦੇ ਯੋਗਦਾਨਾਂ ਲਈ ਹਮੇਸ਼ਾ ਤੋਂ ਧੰਨਵਾਦੀ ਅਤੇ ਰਿਣੀ ਹਾਂ ਅਤੇ ਭਵਿੱਖ ਵੱਲ ਦੇਖ ਰਹੇ ਹਾਂ।"



## *ਟਰੰਪ ਨੂੰ ਕਿਮ ਜੌਂਗ ਨਾਲ ਮੀਟਿੰਗ ਤੋਂ ਚੰਗੇ ਸਿੱਟਿਆਂ ਦੀ ਉਮੀਦ*

**ਵਾਸ਼ਿੰਗਟਨ/ਬਿਊਰੋ ਨਿਊਜ਼:**

ਅਮਰੀਕਾ ਦੇ ਪ੍ਰਧਾਨ ਮੰਤਰੀ ਨੇ ਚਿਤਾਵਨੀ ਦਿੱਤੀ ਹੈ ਕਿ ਉੱਤਰੀ ਕੋਰੀਆ ਦੇ ਆਗੂ ਕਿਮ ਜੌਂਗ ਉਨ ਨਾਲ ਮੀਟਿੰਗ ਲਾਹੇਵੰਦ ਨਾ ਹੋਈ ਤਾਂ ਉਹ ਮੀਟਿੰਗ 'ਚੋਂ ਵਾਕਆਊਟ ਕਰ ਜਾਣਗੇ। ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਆਉਂਦੇ ਹਫ਼ਤਿਆਂ ਵਿੱਚ ਪਰਮਾਣੂ ਹਥਿਆਰਾਂ ਨੂੰ ਨਸ਼ਟ ਕਰਨ ਸਬੰਧੀ ਕਿਮ ਨਾਲ ਮੀਟਿੰਗ ਹੋਣ ਜਾ ਰਹੀ ਹੈ। ਟਰੰਪ ਅਤੇ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਐਬੇ ਵੱਲੋਂ ਇਥੇ ਕੀਤੀ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਗਿਆ ਕਿ ਉੱਤਰੀ ਕੋਰੀਆ 'ਤੇ ਪਰਮਾਣੂ ਹਥਿਆਰ ਨਸ਼ਟ ਕਰਨ ਸਬੰਧੀ ਵਧ ਤੋਂ ਵਧ ਦਬਾਅ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਅਜਿਹਾ ਨਹੀਂ ਸੋਚਦੇ ਕਿ ਇਹ ਮੀਟਿੰਗ ਅਸਫਲ ਰਹੇਗੀ। ਉਨ੍ਹਾਂ ਕਿਹਾ ਕਿ ਜੇ ਸਾਨੂੰ ਲੱਗਿਆ ਕਿ ਮੀਟਿੰਗ ਲਾਹੇਵੰਦ ਨਹੀਂ ਹੋਵੇਗੀ ਤਾਂ ਉਹ ਮੀਟਿੰਗ ਵਿੱਚ ਜਾਣਗੇ ਹੀ ਨਹੀਂ।

## ਇਲੀਨੋਇ ਸਟੇਟ ਵਲੋਂ 14 ਅਪਰੈਲ ਵਿਸਾਖੀ ਨੂੰ ਸਿੱਖ ਅਮੈਰਿਕਨ ਵਿਰਾਸਤ ਦਿਨ ਐਲਾਨਿਆ

**ਸ਼ਿਕਾਗੋ/ਮੱਖਣ ਸਿੰਘ ਕਲੇਰ:**

ਇਲੀਨੋਇ ਸਟੇਟ ਦੇ ਗਵਰਨਰ ਬਰੂਸ ਰੂਨਰ ਦੀ ਥਾਂ ਲੈਫਟੀਨੈਂਟ ਗਵਰਨਰ ਐਲਿਵਨ ਸੈਂਗੁਵਿਟੀ ਨੇ 15 ਅਪਰੈਲ ਐਤਵਾਰ 2018 ਨੂੰ ਪੈਲਾਟਾਇਨ ਗੁਰਦੁਆਰਾ ਸਾਹਿਬ ਵਿੱਖੇ ਹਾਜ਼ਰੀ ਭਰੀ ਅਤੇ ਗਵਰਨਰ ਬਰੂਸ ਰੂਨਰ ਦੇ ਐਲਾਨ ਨਾਮੇ ਵਾਲਾ ਪੱਤਰ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਹਵਾਲੇ ਕੀਤਾ ਗਿਆ, ਜਿਸ ਵਿੱਚ ਸਿੱਖ ਭਾਈਚਾਰੇ ਵਲੋਂ ਅਮਰੀਕੀ ਭਾਈਚਾਰੇ ਵਿੱਚ ਪਾਏ ਯੋਗਦਾਨ ਨੂੰ ਸੁਲਾਹਿਆ ਗਿਆ ਹੈ।ਸਿੱਖ ਭਾਈਚਾਰੇ ਵਿੱਚ ਜਾਣੀ ਪਹਿਚਾਣੀ ਸ਼ਖਸ਼ੀਅਤ ਸ. ਰਾਜਿੰਦਰਵੀਰ ਸਿੰਘ ਮਾਗੋ ਨੇ ਸਟੇਜ ਤੋਂ ਬੀਬੀ ਐਲਵਿਨ ਸੈਂਗੁਵਿਟੀ ਦੀ ਸੰਗਤਾਂ ਨਾਲ ਜਾਣ ਪਹਿਚਾਣ ਕਰਵਾਈ ਤੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਲਈ ਸਟੇਜ ਤੇ ਲਿਆਂਦਾ ਜਿਥੇ ਉਨਾਂ ਸੰਗਤਾਂ ਨੂੰ ਵਿਸਾਖੀ ਦੀਆਂ ਵਿਧਾਈਆਂ ਦਿੱਤੀਆਂ ਤੇ ਗੁਰਦੁਆਰਾ ਸਾਹਿਬ ਆਉਣ ਦਾ ਮਕਸਦ ਦਸਿਆ ਗੁਰਦੁਆਰਾ ਸਾਹਿਬ ਦੇ ਮੁਖ ਸੇਵਾਦਾਰ ਸ. ਪਰਦੀਪ ਸਿੰਘ ਗਿੱਲ ਨੇ ਬੀਬੀ ਐਲਵਿਨ ਨੂੰ ਜੀ ਆਇਆਂ ਕਿਹਾ ਅਤੇ ਐਲਾਨ ਨਾਮੇ ਨੂੰ ਸਿੱਖ ਕੌਮ ਲਈ ਬਹੁਤ ਮਹਤੱਵ ਪੂਰਨ ਦੱਸਿਆ।ਉਨਾਂ ਸਮੂਹ ਬੋਰਡ ਮੈਬਰਾਂ ਅਤੇ ਸੰਗਤ ਦੀ ਤਰਫੋਂ ਗਵਰਨਰ ਬਰੂਸ ਰੂਨਰ ਅਤੇ ਐਲਵਿਨ ਸੈਂਗੁਵਿਟੀ ਦਾ ਧੰਨਵਾਦ ਕੀਤਾ।

## ਟਰੰਪ ਪ੍ਰਸ਼ਾਸਨ ਵੱਲੋਂ ਐਚ-1ਬੀ ਵੀਜ਼ਾ 'ਚ ਪ੍ਰਣਾਲੀ 'ਚ ਕਰੇਗਾ ਵੱਡੀਆਂ ਤਬਦੀਲੀਆਂ

**ਵਾਸ਼ਿੰਗਟਨ/ਬਿਊਰੋ ਨਿਊਜ਼:**

ਇੱਕ ਅਮਰੀਕੀ ਉੱਚ ਅਧਿਕਾਰੀ ਨੇ ਅਮਰੀਕੀ ਸੰਸਦ ਦੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਹੈ ਕਿ ਟਰੰਪ ਪ੍ਰਸ਼ਾਸਨ ਦੀ ਐਚ-1ਬੀ ਵੀਜ਼ਾ ਪ੍ਰਬੰਧ ਖਤਮ ਕਰਨ ਦੀ ਯੋਜਨਾ ਹੈ। ਇਸ ਦਾ ਅਸਰ ਸਿੱਧਾ ਭਾਰਤੀ ਲੋਕਾਂ ਉੱਤੇ ਹੋਵੇਗਾ ਅਤੇ ਇਸ ਸਮੇਂ ਕਰੀਬ ਸੱਤਰ ਹਜ਼ਾਰ ਲੋਕ ਐਚ-1ਬੀ ਵੀਜ਼ਾ ਲੈ ਕੇ ਅਮਰੀਕਾ ਆਏ ਹੋਏ ਹਨ। ਇਨ੍ਹਾਂ ਕੋਲ ਵਰਕ ਪਰਮਿਟ ਹਨ। ਇਸ ਦੇ ਨਾਲ ਓਬਾਮਾ ਪ੍ਰਸ਼ਾਸਨ ਵੱਲੋਂ ਆਰੰਭ ਕੀਤੀ ਯੋਜਨਾ ਖ਼ਤਮ ਹੋ ਜਾਵੇਗੀ। ਇਸ ਵੀਜ਼ੇ ਨਾਲ ਅਮਰੀਕਾ ਜਾਣ ਵਾਲੇ ਉਦਮੀਆਂ ਨਾਲ ਜਾ ਕੇ ਉਨ੍ਹਾਂ ਦੀਆਂ ਪਤਨੀਆਂ ਵੀ ਕੰਮ ਕਰ ਸਕਦੀਆਂ ਸਨ।

ਯੂ ਐਸ ਸਿਟੀਜਨਸ਼ਿਪ ਅਤੇ ਇਮੀਗ੍ਰੇਸ਼ਨ ਸਰਵਿਸ (ਯੂਐੱਸਸੀਆਈਐਸ) ਦੇ ਡਾਇਰੈਕਟਰ ਫਰਾਂਸਿਸ ਸਿਸਨਾ ਨੇ ਸੰਸਦ ਮੈਂਬਰ ਚੁੱਕ ਗਰਾਸਲੇ ਨੂੰ ਇੱਕ ਪੱਤਰ ਲਿਖ ਕੇ ਦੱਸਿਆ ਹੈ ਕਿ ਐਚ-1 ਵੀਜ਼ਾ ਪ੍ਰਬੰਧ ਇਸ ਸਾਲ ਗਰਮੀਆਂ ਵਿੱਚ ਖਤਮ ਕੀਤੇ ਜਾਣ ਦੀ ਆਸ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਵਿਭਾਗ ਦੀ ਐਚ-4 ਵੀਜ਼ਾ ਵਿੱਚ ਵੀ ਤਬਦੀਲੀਆਂ ਕਰਨ ਦੀ ਯੋਜਨਾ ਹੈ। ਐਚ-4 ਵੀਜ਼ਾ, ਐਚ-1 ਵੀਜ਼ਾ ਹੋਲਡਰ ਦੇ ਜੀਵਨ ਸਾਥੀ ਨੂੰ ਦਿੱਤਾ ਜਾਂਦਾ ਹੈ। ਭਾਰਤੀ ਅਮਰੀਕੀਆਂ ਨੂੰ ਇਸ ਵੀਜ਼ਾ ਪ੍ਰਬੰਧ ਦਾ ਵੱਧ ਲਾਭ ਮਿਲ ਰਿਹਾ ਹੈ। ਇਸ ਤਹਿਤ ਪਿਛਲੇ ਓਬਾਮਾ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਵਰਕ ਪਰਮਿਟ ਦਿੱਤੇ ਸਨ। ਟਰੰਪ ਪ੍ਰਸ਼ਾਸਨ ਇਸ ਪ੍ਰਬੰਧ ਨੂੰ ਖਤਮ ਕਰਨ ਦਾ ਇਛੁੱਕ ਹੈ। ਇਸ ਦੇ ਪਿੱਛੇ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਇਸ ਪ੍ਰਬੰਧ ਦੇ ਖਤਮ ਹੋਣ ਨਾਲ ਪੜ੍ਹੇ ਲਿਖੇ ਬੇਰੁਜ਼ਗਾਰ ਅਮਰੀਕੀਆਂ ਨੂੰ ਕੰਮ ਮਿਲ ਸਕੇਗਾ।



# ਭਾਰਤ 'ਚ ਛੋਟੀਆਂ ਬੱਚੀਆਂ ਨਾਲ ਬਲਾਤਕਾਰ ਕਰਨ ਵਾਲਿਆਂ ਨੂੰ ਦਿੱਤੀ ਜਾਇਆ ਕਰੇਗੀ ਫਾਂਸੀ




**ਨਵੀਂ ਦਿੱਲੀ/ਬਿਊਰੋ ਨਿਊਜ਼:** ਭਾਰਤ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਫੌਜਦਾਰੀ ਕਾਨੂੰਨ (ਸੋਧ) 2018 ਨੂੰ ਲਾਗੂ ਕਰਨ ਦੀ ਪ੍ਰਵਾਨਗੀ ਦਾ ਐਲਾਨ ਕਰਕੇ 12 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਨਾਲ ਬਲਾਤਕਾਰ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦੀ ਵਿਵਸਥਾ ਕਰ ਦਿੱਤੀ ਹੈ। ਬਲਾਤਕਾਰ ਵਰਗੀਆਂ ਸ਼ਰਮਨਾਕ ਘਟਨਾਵਾਂ ਵਿੱਚ ਸ਼ਾਮਲ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੀ ਵਿਵਸਥਾ ਕਰਨ ਲਈ ਕੱਲ੍ਹ ਕੇਂਦਰੀ ਮੰਤਰੀ ਮੰਡਲ ਨੇ ਕਾਨੂੰਨ ਵਿੱਚ ਸੋਧ ਕਰਨ ਲਈ ਆਰਡੀਨੈਂਸ ਲਾਗੂ ਕਰਨ ਦੀ ਸਿਫਾਰਸ਼ ਕੀਤੀ ਸੀ। ਇਹ ਸਖਤ ਕਾਨੂੰਨ ਦੇਸ਼ ਵਿੱਚ ਕਠੂਆ ਵਿੱਚ ਬਾਲੜੀ ਨਾਲ ਸਮੂਹਿਕ ਬਲਾਤਕਾਰ ਤੇ ਹੱਤਿਆ, ਉਨਾਓ ਅਤੇ ਸੂਰਤ ਵਿੱਚ ਉਪਰੋਥਲੀ ਵਾਪਰੀਆਂ ਬਲਾਤਾਕਾਰ ਦੀਆਂ ਘਟਨਾਵਾਂ ਤੋਂ ਬਾਅਦ ਹੋਂਦ ਵਿੱਚ ਆਇਆ ਹੈ। ਬਿਨਾਂ ਸੰਸਦ ਦਾ ਸੈਸ਼ਨ ਬੁਲਾਏ ਦੇਸ਼ ਵਿੱਚ ਪੈਦਾ ਹੋਏ ਹਾਲਾਤ ਨਾਲ ਨਜਿੱਠਣ ਲਈ ਤੁਰੰਤ ਸਖਤ ਕਦਮ ਚੁੱਕਣ ਪ੍ਰਤੀ ਰਾਸ਼ਟਰਪਤੀ ਨੇ ਆਰਡੀਨੈਂਸ ਉੱਤੇ ਮੋਹਰ ਲਾ ਕੇ ਆਪਣੀ ਸਹਿਮਤੀ ਦਾ ਪ੍ਰਗਟਾਵਾ ਕੀਤਾ ਹੈ। ਗਜ਼ਟ ਨੋਟਿਫਕੇਸ਼ਨ ਵਿੱਚ ਐਲਾਨ ਕੀਤਾ ਗਿਆ ਹੈ ਕਿ ਸੰਵਿਧਾਨ ਦੀ ਧਾਰਾ 113 ਦੀ ਉਪ ਧਾਰਾ (1) ਤਹਿਤ ਰਾਸ਼ਟਰਪਤੀ ਆਰਡੀਨੈਂਸ ਦਾ ਪ੍ਰਬੰਧ ਕਰਨ ਉੱਤੇ ਤਸੱਲੀ ਪ੍ਰਗਟਾਉਂਦੇ ਹਨ।

ਇਸ ਆਰਡੀਨੈਂਸ ਰਾਹੀਂ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਨਾਲ ਬਲਾਤਕਾਰ ਦੇ ਦੋਸ਼ੀ ਲਈ ਮੌਤ ਦੀ ਸਜ਼ਾ ਦਾ ਪ੍ਰਬੰਧ ਹੈ। 16 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਨਾਲ ਬਲਾਤਕਾਰ ਦੇ ਦੋਸ਼ੀਆਂ ਨੂੰ ਵੀ ਸਖ਼ਤ ਸਜ਼ਾ ਮਿਲ ਸਕੇਗੀ। ਔਰਤ ਨਾਲ ਬਲਾਤਕਾਰ ਦੇ ਦੋਸ਼ੀਆਂ ਨੂੰ ਵੀ ਸ਼ਜਾ ਸੱਤ ਸਾਲ ਤੋਂ ਵਧਾ ਕੇ ਦਸ ਸਾਲ ਬਾਮੁਸ਼ੱਕਤ ਕੈਦ ਹੋਵੇਗੀ। ਆਰਡੀਨੈਂਸ ਅਨੁਸਾਰ 16 ਸਾਲ ਦੀ ਲੜਕੀ ਨਾਲ ਬਲਾਤਕਾਰ ਦੇ ਦੋਸ਼ੀ ਨੂੰ ਘੱਟ ਤੋਂ ਘੱਟ ਸਜ਼ਾ 10 ਸਾਲ ਤੋਂ ਵਧਾ ਕੇ 20 ਸਾਲ ਕਰ ਦਿੱਤੀ ਗਈ ਹੈ ਅਤੇ ਇਹ ਤਾਉਮਰ ਕੈਦ ਵੀ ਹੋ ਸਕਦੀ ਹੈ। ਇਸ ਦਾ ਮਤਲਬ ਇਹ ਹੈ ਕਿ ਦੋਸ਼ੀ ਜੇਲ੍ਹ ਵਿੱਚ ਮਰੇਗਾ। 16 ਸਾਲ ਦੀ ਲੜਕੀ ਨਾਲ ਸਮੂਹਿਕ ਬਲਾਤਕਾਰ ਦੇ ਦੋਸ਼ੀਆਂ ਨੂੰ ਸਾਰੀ ਉਮਰ ਜੇਲ੍ਹ ਵਿੱਚ ਸੜਨਾ ਪਵੇਗਾ। 12 ਸਾਲ ਦੀ ਲੜਕੀ ਨਾਲ ਬਲਾਤਕਾਰ ਦੇ ਦੋਸ਼ੀ ਨੂੰ ਘੱਟੋ ਘੱਟ ਸਜ਼ਾ 20 ਸਾਲ ਤੋਂ ਲੈ ਕੇ ਉਮਰ ਕੈਦ ਮਰਨ ਤੱਕ ਅਤੇ ਫਾਂਸੀ ਤੱਕ ਹੋ ਸਕਦੀ ਹੈ। 12 ਸਾਲ ਤੋਂ ਘੱਟ ਉਮਰ ਦੀ ਲੜਕੀ ਨਾਲ ਸਮੂਹਿਕ ਬਲਾਤਕਾਰ ਦੇ ਮਾਮਲੇ ਵਿੱਚ ਮੌਤ ਤੱਕ ਉਮਰ ਕੈਦ ਤੋਂ ਲੈ ਕੇ ਫਾਂਸੀ ਤੱਕ ਸਜ਼ਾ ਹੋ ਸਕਦੀ ਹੈ।

ਰਾਸ਼ਟਰਪਤੀ ਦੇ ਵੱਲੋਂ ਆਰਡੀਨੈਂਸ ਜਾਰੀ ਕਰਨ ਦੇ ਨਾਲ ਹੀ ਇੰਡੀਅਨ ਪੀਨਲ ਕੋਡ(ਆਈਪੀਸੀ), ਗਵਾਹੀ ਕਾਨੂੰਨ, ਫੌਜਦਾਰੀ ਜ਼ਾਬਤਾ ਪ੍ਰਣਾਲੀ, ਜਿਨਸੀ ਸੋਸ਼ਣ ਤੋਂ ਬੱਚਿਆਂ ਦੀ ਰੱਖਿਆ ਸਬੰਧੀ ਕਾਨੂੰਨ (ਪੋਕਸੋ) ਵਿੱਚ ਸੋਧ ਲਾਗੂ ਹੋ ਗਈ ਹੈ। ਇਸ ਦੇ ਨਾਲ ਹੀ ਬਲਾਤਕਾਰ ਮਾਮਲਿਆਂ ਦੀ ਤੇਜ਼ੀ ਦੇ ਨਾਲ ਪੜਤਾਲ ਹੋਵੇਗੀ। ਦੋ ਮਹੀਨੇ ਵਿੱਚ ਕੇਸ ਦੀ ਸੁਣਵਾਈ ਮੁਕੰਮਲ ਹੋਵੇਗੀ। ਕੇਸ ਸਬੰਧੀ ਅਪੀਲ ਦਾ ਨਿਪਟਾਰਾ ਛੇ ਮਹੀਨੇ ਵਿੱਚ ਹੋਵੇਗਾ। 16 ਸਾਲ ਤੋਂ ਘੱਟ ਉਮਰ ਦੀ ਲੜਕੀ ਨਾਲ ਬਲਾਤਕਾਰ ਦੇ ਮੁਲਜ਼ਮ ਦੀ ਅਗਾਊਂ ਜ਼ਮਾਨਤ ਨਹੀਂ ਹੋਵੇਗੀ। ਇਸ ਤੋਂ ਇਲਾਵਾ ਮੁਲਜ਼ਮ ਦੀ ਜ਼ਮਾਨਤ ਅਰਜ਼ੀ ਦੇ ਨਿਪਟਾਰੇ ਲਈ ਸਰਕਾਰੀ ਵਕੀਲ ਅਤੇ ਪੀੜਤ ਦੇ ਨੁਮਾਇੰਦੇ ਨੂੰ 15 ਦਿਨ ਦਾ ਅਗਾਊਂ ਨੋਟਿਸ ਦੇਣਾ ਹੋਵੇਗਾ। ਬਲਾਤਕਾਰ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਯਕੀਨੀ ਬਣਾਉਣ ਦੇ ਲਈ ਕੇਂਦਰੀ ਮੰਤਰੀ ਮੰਡਲ ਨੇ ਨਿਆਂਪਾਲਿਕਾ ਨੂੰ ਵਧੇਰੇ ਤਾਕਤਵਰ ਬਣਾਉਣ ਦੇ ਲਈ ਵੀ ਕਦਮ ਚੁੱਕੇ ਹਨ। ਬਲਾਤਕਾਰ ਦੇ ਕੇਸਾਂ ਦੀ ਸੁਣਵਾਈ ਲਈ ਫਾਸਟ ਟਰੈਕ ਅਦਾਲਤਾਂ ਦੀ ਕਾਇਮੀ ਦੀ ਵੀ ਵਿਵਸਥਾ ਹੈ। ਇਸ ਤੋਂ ਇਲਾਵਾ ਕੌਮੀ ਕਰਾਈਮ ਬਿਊਰੋ ਬਲਾਤਕਾਰ ਦੇ ਭਗੌੜੇ ਅਪਰਾਧੀਆਂ ਦਾ ਰਿਕਾਰਡ ਵੀ ਰੱਖੇਗਾ। ਇਨ੍ਹਾਂ ਨੂੰ ਕਾਬੂ ਕਰਨ ਲਈ ਰਾਜਾਂ ਅਤੇ ਕੇਂਦਰ ਸਾਸ਼ਿਤ ਪ੍ਰਦੇਸ਼ਾਂ ਦੇ ਨਾਲ ਸਮੇਂ ਸਮੇਂ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਕਾਨੂੰਨੀ ਸੋਧ ਸਬੰਧੀ ਸਰਕਾਰ ਨੇ ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਨੂੰ ਜਾਣਕਾਰੀ ਦੇ ਦਿੱਤੀ ਸੀ।

### ਸੁਪਰੀਮ ਕੋਰਟ 'ਚ ਦਿੱਤੀ ਸੀ ਅਗਾਊ ਜਾਣਕਾਰੀ

ਨਵੀਂ ਦਿੱਲੀ: ਸਰਕਾਰ ਨੇ ਸੁਪਰੀਮ ਕੋਰਟ ਨੂੰ ਅਗਾਊ ਦੱਸਿਆ ਸੀ ਕਿ ਉਹ 12 ਸਾਲ ਤਕ ਦੀਆਂ ਬੱਚੀਆਂ ਨਾਲ ਜਬਰ-ਜਨਾਹ ਕਰਨ ਵਾਲਿਆਂ ਨੂੰ ਸਜ਼ਾ-ਏ-ਮੌਤ ਦੇਣ ਲਈ ਕਾਨੂੰਨ 'ਚ ਸੋਧ ਕਰਨ ਬਾਰੇ ਵਿਚਾਰਾਂ ਕਰ ਰਹੀ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ ਵੱਲੋਂ 8 ਮਹੀਨਿਆਂ ਦੀ ਬੱਚੀ ਨਾਲ ਉਸ ਦੇ 28 ਵਰ੍ਹਿਆਂ ਦੇ ਭਰਾ ਵੱਲੋਂ ਜਬਰ-ਜਨਾਹ ਕਰਨ ਸਬੰਧੀ ਦਾਖ਼ਲ ਜਨਹਿੱਤ ਪਟੀਸ਼ਨ ਦੀ ਸੁਣਵਾਈ ਕੀਤੀ ਜਾ ਰਹੀ ਹੈ। ਵਧੀਕ ਸਾਲਿਸਟਰ ਜਨਰਲ ਪੀ ਐਸ ਨਰਸਿਮ੍ਹਾ ਵੱਲੋਂ ਇਕ ਪੱਤਰ ਦੀ ਕਾਪੀ ਬੈਂਚ ਮੂਹਰੇ ਪੇਸ਼ ਕੀਤੀ ਗਈ।

## ਇੱਕ-ਦੋ ਬਲਾਤਕਾਰਾਂ ਤੋਂ ਹੰਗਾਮਾ ਠੀਕ ਨਹੀਂ: ਗੰਗਵਾਰ

ਲਖਨਊ: ਭਾਜਪਾ ਦੇ ਕੇਂਦਰੀ ਮੰਤਰੀ ਸੰਤੋਸ਼ ਗੰਗਵਾਰ ਨੇ ਦੇਸ਼ ਵਿੱਚ ਉਪਰੋਥਲੀ ਵਾਪਰ ਰਹੀਆਂ ਬਲਾਤਕਾਰ ਦੀਆਂ ਘਿਨਾਉਣੀਆਂ ਘਟਨਾਵਾਂ ਉੱਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਭਾਰਤ ਵਰਗੇ ਵਿਸ਼ਾਲ ਦੇਸ਼ ਵਿੱਚ ਬਲਾਤਕਾਰ ਦੀਆਂ ਇੱਕ ਜਾਂ ਦੋ ਘਟਨਾਵਾਂ ਨੂੰ ਲੈ ਕੇ ਵਾਧੂ ਦਾ ਰੌਲਾ ਪਾਉਣਾ ਠੀਕ ਨਹੀਂ ਹੈ। ਕੇਂਦਰੀ ਮੰਤਰੀ ਦੀ ਇਹ ਟਿੱਪਣੀ ਉਦੋਂ ਆਈ ਹੈ ਜਦੋਂ ਦੇਸ਼ ਵਿੱਚ ਕਠੂਆ ਅਤੇ ਉਨਾਓ ਵਰਗੇ ਘਿਨਾਉਣੇ ਕਾਂਡਾਂ ਕਰਕੇ ਲੋਕਾਂ ਵਿੱਚ ਭਾਰੀ ਰੋਹ ਹੈ। ਜ਼ਿਕਰਯੋਗ ਹੈ ਕਿ ਉੱਤਰ ਪ੍ਰਦੇਸ਼ ਦੇ ਉਨਾਓ ਵਿੱਚ ਭਾਜਪਾ ਦਾ ਵਿਧਾਇਕ ਲੜਕੀ ਨਾਲ ਸਮੂਹਿਕ ਬਲਾਤਕਾਰ ਦੇ ਦੋਸ਼ ਵਿੱਚ ਸੀਬੀਆਈ ਰਿਮਾਂਡ ਉੱਤੇ ਹੈ। ਕੇਂਦਰੀ ਮੰਤਰੀ ਸੰਤੋਸ਼ ਗੰਗਵਾਰ ਨੇ ਰਾਏ ਬਰੇਲੀ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਲਾਤਕਾਰ ਦੀਆਂ ਘਟਨਾਵਾਂ ਮੰਦਭਾਗੀਆਂ ਹੁੰਦੀਆਂ ਹਨ ਪਰ ਕਈ ਵਾਰ ਇਨ੍ਹਾਂ ਨੂੰ ਨਹੀ ਰੋਕਿਆ ਜਾ ਸਕਦਾ। ਸਰਕਾਰ ਹਰ ਸੰਭਵ ਕਾਰਵਾਈ ਕਰ ਰਹੀ ਹੈ।

## "ਕੀ ਤੁਹਾਡੀ ਕਿਸੇ ਰਿਸ਼ਤੇਦਾਰ ਨਾਲ ਬਲਾਤਕਾਰ ਹੋਇਆ ਹੈ ?"

**ਨਵੀਂ ਦਿੱਲੀ/ਬਿਊਰੋ ਨਿਊਜ਼:** ਸੁਪਰੀਮ ਕੋਰਟ ਨੇ ਇਕ ਵਕੀਲ ਨੂੰ ਇਹ ਸਵਾਲ ਪੁੱਛ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਸੁਪਰੀਮ ਕੋਰਟ ਨੇ ਆਖਿਆ "ਕੀ ਤੁਹਾਡੀ ਕਿਸੇ ਰਿਸ਼ਤੇਦਾਰ ਨਾਲ ਬਲਾਤਕਾਰ ਹੋਇਆ ਹੈ ?" ਬੈਂਚ ਨੇ ਇਹ ਟਿੱਪਣੀ ਬਲਾਤਕਾਰਾਂ ਦੇ ਮਾਮਲੇ ਵਿੱਚ ਦਾਇਰ ਇਕ ਲੋਕ ਹਿੱਤ ਪਟੀਸ਼ਨ (ਪੀਆਈਐਲ) ਤੋਂ ਦੁਖੀ ਹੋ ਕੇ ਕੀਤੀ, ਕਿਉਂਕਿ ਅਦਾਲਤ ਦਾ ਕਹਿਣਾ ਸੀ ਕਿ ਫ਼ੌਜਦਾਰੀ ਕੇਸਾਂ ਵਿੱਚ ਲੋਕ ਹਿੱਤ ਪਟੀਸ਼ਨ ਦਾਇਰ ਨਹੀਂ ਕੀਤੀ ਜਾ ਸਕਦੀ।

ਪਟੀਸ਼ਨਰ ਵਕੀਲ ਐਮ.ਐਲ. ਸ਼ਰਮਾ ਨੇ ਦਲੀਲ ਦਿੱਤੀ ਕਿ ਮੰਤਰੀਆਂ, ਐਮਪੀਜ਼ ਤੇ ਵਿਧਾਇਕਾਂ ਵਰਗੇ ਰਸੂਖ਼ਵਾਨਾਂ ਨਾਲ ਸਬੰਧਤ ਬਲਾਤਕਾਰ ਕੇਸਾਂ ਵਿੱਚ ਪੁਲੀਸ ਕੇਸ ਦਰਜ ਨਹੀਂ ਕਰਦੀ। ਉਨ੍ਹਾਂ ਖ਼ਾਸਕਰ ਉਨਾਓ ਬਲਾਤਕਾਰ ਕੇਸ ਦਾ ਹਵਾਲਾ ਦਿੱਤਾ। ਜਸਟਿਸ ਐਸ.ਏ. ਬੋਬਡੇ ਤੇ ਜਸਟਿਸ ਐਲ. ਨਾਗੇਸ਼ਵਰ ਰਾਓ ਦੇ ਬੈਂਚ ਨੇ ਨਾਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਫ਼ੌਜਦਾਰੀ ਕੇਸਾਂ ਵਿੱਚ ਪੀਆਈਐਲ ਨਹੀਂ ਦਾਇਰ ਕੀਤੀ ਜਾ ਸਕਦੀ। ਉਨ੍ਹਾਂ ਵਕੀਲ ਨੂੰ ਸਵਾਲ ਕੀਤਾ ਕਿ ਉਹ ਉਨਾਓ ਕੇਸ ਤੋਂ ਕਿਵੇਂ ਦੁਖੀ ਹਨ। ਬੈਂਚ ਨੇ ਕਿਹਾ, "ਅਲਾਹਾਬਾਦ ਹਾਈ ਕੋਰਟ ਪਹਿਲਾਂ ਹੀ ਕੇਸ ਵਿੱਚ ਹੁਕਮ ਜਾਰੀ ਕਰ ਚੁੱਕਾ ਹੈ। ਸ੍ਰੀ ਸ਼ਰਮਾ ਤੁਸੀਂ ਇਸ ਵਿੱਚ ਪੀੜਤ ਧਿਰ ਨਹੀਂ ਹੋ ?ੳ ਕੀ ਤੁਹਾਡੀ ਕਿਸੇ ਰਿਸ਼ਤੇਦਾਰ ਨਾਲ ਬਲਾਤਕਾਰ ਹੋਇਆ ਹੈ ?" ਇਸ ਤੋਂ ਅਦਾਲਤ ਵਿੱਚ ਹਾਜ਼ਰ ਵਕੀਲ ਹੈਰਾਨ ਰਹਿ ਗਏ।

## ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਸਵਾਤੀ ਮਾਲੀਵਾਲ ਨੇ ਖ਼ਤਮ ਕੀਤੀ ਭੁੱਖ ਹੜਤਾਲ

**ਨਵੀਂ ਦਿੱਲੀ/ਬਿਊਰੋ ਨਿਊਜ਼:** ਬਾਰਾਂ ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਨਾਲ ਬਲਾਤਕਾਰ ਦੇ ਦੋਸ਼ੀਆਂ ਲਈ ਮੌਤ ਦੀ ਸਜ਼ਾ ਸਮੇਤ ਸਖ਼ਤ ਕੈਦ ਦੀ ਸਜ਼ਾ ਸਬੰਧੀ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਆਰਡੀਨੈਂਸ ਜਾਰੀ ਕਰਨ ਮਗਰੋਂ ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਸਵਾਤੀ ਮਾਲੀਵਾਲ ਨੇ ਅੱਜ 10 ਵੇਂ ਦਿਨ ਆਪਣੀ ਭੁੱਖ ਹੜਤਾਲ ਖ਼ਤਮ ਕਰ ਦਿੱਤੀ। ਸਵਾਤੀ ਇਸ ਮੁੱਖ ਮੰਗ ਨੂੰ ਲੈ ਕੇ ਰਾਜਘਾਟ ਨੇੜੇ ਭੁੱਖ ਹੜਤਾਲ ਉੱਤੇ ਸੀ। ਸਵਾਤੀ ਨੇ ਬੱਚੀਆਂ ਤੋਂ ਪਾਣੀ ਪੀ ਕੇ ਆਪਣਾ ਵਰਤ ਤੋੜਿਆ ਤੇ ਕਿਹਾ ਕਿ ਬਹੁਤ ਘੱਟ ਅੰਦੋਲਨ ਹੁੰਦੇ ਹਨ ਜੋ ਅਜਿਹੀ ਪ੍ਰਾਪਤੀ ਕਰਦੇ ਹਨ। ਉਨ੍ਹਾਂ ਕੇਂਦਰ ਸਰਕਾਰ ਦੇ ਇਸ ਕਦਮ ਨੂੰ ਆਜ਼ਾਦ ਭਾਰਤ ਦੀ ਇਤਿਹਾਸਕ ਜਿੱਤ ਕਰਾਰ ਦਿੱਤਾ। ਸਵਾਤੀ (33) ਨੇ ਫ਼ੈਸਲੇ ਦਾ ਸਵਾਗਤ ਕਰਦੇ ਹੋਏ ਵਰਤ ਤੋੜਿਆ ਤੇ ਕਿਹਾ ਕਿ ਜਦੋਂ ਉਹ ਭੁੱਖ ਹੜਤਾਲ ਉੱਤੇ ਬੈਠੀ ਸੀ ਤਾਂ ਕਈਆਂ ਨੇ ਮਜ਼ਾਕ ਉਡਾਇਆ ਸੀ ਪਰ ਹੁਣ ਕਿਹਾ ਜਾ ਸਕਦਾ ਹੈ ਕਿ ਔਰਤਾਂ ਕੁੱਝ ਵੀ ਹਾਸਲ ਕਰਨ ਦੇ ਸਮਰੱਥ ਹਨ।



ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸਵਾਤੀ ਮਾਲੀਵਾਲ ਨੂੰ ਜੂਸ ਪਿਲਾਕੇ ਭੁੱਖ ਹੜਤਾਲ ਖ਼ਤਮ ਕਰਵਾ ਰਹੀਆਂ ਬੱਚੀਆਂ।

## ਹਰਿਮੰਦਰ ਸਾਹਿਬ ਨੂੰ ਮਸਜਿਦ ਕਹਿਣ ਵਾਲੇ ਬਰਤਾਨਵੀ ਡਿਪਲੋਮੈਟ ਨੇ ਮੰਗੀ ਮੁਆਫ਼ੀ

ਲੰਡਨ/ਬਿਊਰੋ ਨਿਊਜ਼: ਬਰਤਾਨੀਆ ਦੇ ਇੱਕ ਡਿਪਲੋਮੈਟ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਮਸਜਿਦ ਕਹਿਣ ਬਾਅਦ ਸਿੱਖ ਭਾਈਚਾਰੇ ਵਿੱਚ ਉਪਜੇ ਰੋਹ ਅੱਗੇ ਝੁਕਦਿਆਂ ਮੁਆਫ਼ੀ ਮੰਗ ਲਈ ਹੈ। ਵਿਦੇਸ਼ ਅਤੇ ਰਾਸ਼ਟਰਮੰਡਲ ਦਫਤਰ ਦੇ ਅੰਡਰ ਸੈਕਟਰੀ ਸਿਮੋਨ ਮੈਕਡੋਨਲਡ ਨੇ ਅੰਮ੍ਰਿਤਸਰ ਵਿੱਚ ਸਥਿਤ ਹਰਿਮੰਦਰ ਸਾਹਿਬ ਨੂੰ ਕੱਲ੍ਹ ਇੱਕ ਟਵੀਟ ਵਿੱਚ 'ਗੋਲਡਨ ਮਸਜਿਦ ਕਹਿਣ ਦੀ ਗੁਸਤਾਖ਼ੀ ਕਰ ਲਈ ਸੀ। ਉਸ ਨੇ ਬਰਤਾਨੀਆ ਦੀ ਰਾਣੀ ਦੀ 1997 ਵਿੱਚ ਅੰਮ੍ਰਿਤਸਰ ਵਿੱਚ ਮੱਥਾ ਟੇਕਣ ਆਈ ਦੀ ਫੋਟੋ ਨੂੰ ਇੱਕ ਮੋਮੈਂਟੋ ਉੱਤੇ ਪ੍ਰਕਸ਼ਿਤ ਕਰਵਾਇਆ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਗੋਲਡਨ ਮਸਜਿਦ ਲਿਖ ਦਿੱਤਾ ਸੀ। ਗਲਤੀ ਦਾ ਅਹਿਸਾਸ ਹੋਣ ਉੱਤੇ ਉਸ ਨੇ ਮੁਆਫ਼ੀ ਮੰਗ ਲਈ ਹੈ। ਇਸ ਉੱਤੇ ਰੋਸ ਪ੍ਰਗਟਾਉਂਦਿਆਂ ਸਿੱਖ ਫੈਡਰੇਸ਼ਨ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਨੇ ਕਿਹਾ ਹੈ ਕਿ ਕਿਸੇ ਨੌਕਰਸ਼ਾਹ ਦੇ ਰੁਤਬੇ ਅਨੁਸਾਰ ਇਹ ਅਤਿ ਗੰਭੀਰ ਗਲਤੀ ਹੈ ਅਤੇ ਇਸ ਮੁਆਫ਼ੀ ਨੂੰ ਸਵੀਕਾਰ ਨਹੀ ਕੀਤਾ ਜਾ ਸਕਦਾ।







# ਸੀਨੀਅਰ ਕਾਂਗਰਸੀ ਆਗੂ ਨੇ ਪਾਰਟੀ ਦਾ ਅਸਲੀ ਕਿਰਦਾਰ ਕੀਤਾ ਨੰਗਾ

## ਮੁਸਲਮਾਨਾਂ ਦੇ ਖ਼ੂਨ ਨਾਲ ਕਾਂਗਰਸ ਦੇ ਹੱਥ ਵੀ ਰੰਗੇ ਹੋਏ ਨੇ: ਖ਼ੁਰਸ਼ੀਦ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸਾਬਕਾ ਕੇਂਦਰੀ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਸਲਮਾਨ ਖ਼ੁਰਸ਼ੀਦ ਨੇ ਇਕ ਵਿਵਾਦਗ੍ਰਸਤ ਬਿਆਨ ਵਿੱਚ ਮੰਨਿਆ ਕਿ ਉਨ੍ਹਾਂ ਦੀ ਪਾਰਟੀ ਦੇ ਹੱਥ ਵੀ ਮੁਸਲਮਾਨਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ। ਉਨ੍ਹਾਂ ਬੀਤੇ ਐਤਵਾਰ ਨੂੰ ਅਲੀਗੜ੍ਹ ਮੁਸਲਿਮ ਯੂਨੀਵਰਸਟੀ ਵਿੱਚ ਇਕ ਸਮਾਗਮ ਦੌਰਾਨ ਮੰਨਿਆ ਕਿ ਕਾਂਗਰਸ ਦੀ ਹਕੂਮਤ ਦੌਰਾਨ ਵੀ ਮੁਲਕ ਵਿੱਚ ਮੁਸਲਿਮ ਵਿਰੋਧੀ ਫ਼ਸਾਦ ਹੁੰਦੇ ਰਹੇ ਹਨ। ਦੂਜੇ ਪਾਸੇ ਕਾਂਗਰਸ ਨੇ ਖ਼ੁਦ ਨੂੰ ਇਸ ਬਿਆਨ ਤੋਂ ਵੱਖ ਕਰ ਲਿਆ ਹੈ।



ਸਮਾਗਮ ਦੌਰਾਨ ਸ੍ਰੀ ਖ਼ੁਰਸ਼ੀਦ ਨੇ ਇਹ ਗੱਲ ਇਕ ਵਿਦਿਆਰਥੀ ਦੀ ਟਿੱਪਣੀ ਦੇ ਜਵਾਬ ਕਹੀ। ਵਿਦਿਆਰਥੀ ਦਾ ਕਹਿਣਾ ਸੀ ਕਿ ਕਾਂਗਰਸ ਦੇ ਹੱਥ ਮੁਸਲਮਾਨਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ ਤੇ ਉਹ ਇਨ੍ਹਾਂ ਦਾਗ਼ਾਂ ਨੂੰ ਧੋਣ ਲਈ ਕੀ ਕਰ ਰਹੀ ਹੈ। ਇਸ 'ਤੇ ਸ੍ਰੀ ਖ਼ੁਰਸ਼ੀਦ ਨੇ ਕਿਹਾ, "ਇਹ ਇਕ ਸਿਆਸੀ ਸਵਾਲ ਹੈ। ਸਾਡੇ ਹੱਥਾਂ 'ਤੇ ਖ਼ੂਨ ਲੱਗਾ ਹੈ। ਮੈਂ ਖ਼ੁਦ ਕਾਂਗਰਸ ਦਾ ਹਿੱਸਾ ਹਾਂ ਤੇ ਮੈਂ ਆਖਦਾ ਹਾਂ ਕਿ ਸਾਡੇ ਹੱਥਾਂ ਨੂੰ ਖ਼ੂਨ ਲੱਗਾ ਹੈ।" ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਕਾਂਗਰਸ ਨੂੰ ਦੇਸ਼ ਵਿੱਚ ਮੁਸਲਮਾਨਾਂ 'ਤੇ ਹੋ ਰਹੇ ਹਮਲਿਆਂ ਖ਼ਿਲਾਫ਼ ਉਨ੍ਹਾਂ ਦੀ ਹਿਫ਼ਾਜ਼ਤ ਲਈ ਅੱਗੇ ਆਉਣ ਤੋਂ ਨਹੀਂ ਰੋਕਿਆ ਜਾ ਸਕਦਾ।

ਉਨ੍ਹਾਂ ਕਿਹਾ, "ਅਸੀਂ ਆਪਣੇ ਹੱਥਾਂ ਨੂੰ ਲੱਗਾ ਖ਼ੂਨ ਤੁਹਾਨੂੰ ਦਿਖਾਉਣ ਲਈ ਤਿਆਰ ਹਾਂ ਤਾਂ ਕਿ ਤੁਹਾਨੂੰ ਅਹਿਸਾਸ ਹੋ ਸਕੇ ਕਿ ਤੁਹਾਡੇ ਹੱਥਾਂ ਨੂੰ ਵੀ ਖ਼ੂਨ ਨਾਲ ਲੱਗੇ। ਜੇ ਤੁਸੀਂ ਉਨ੍ਹਾਂ 'ਤੇ ਹਮਲੇ ਕਰੋਗੇ ਤਾਂ ਤੁਹਾਡੇ ਹੱਥ ਵੀ ਖ਼ੂਨ ਨਾਲ ਰੰਗੇ ਜਾਣਗੇ।" ਵਿਦਿਆਰਥੀ ਨੇ ਇਸ ਮੌਕੇ ਕਾਂਗਰਸ ਹਕੂਮਤ ਦੌਰਾਨ ਹੋਏ ਵੱਖ-ਵੱਖ ਦੰਗਿਆਂ ਤੋਂ ਇਲਾਵਾ 'ਬਾਬਰੀ ਮਸਜਿਦ ਦੇ ਦਰਵਾਜ਼ੇ ਖੋਲ੍ਹੇ ਜਾਣ, ਉਥੇ ਮੂਰਤੀਆਂ ਸਥਾਪਤ ਕੀਤੇ ਜਾਣ ਤੇ ਆਖ਼ਰ ਬਾਬਰੀ ਮਸਜਿਦ ਨੂੰ ਢਾਹ ਦਿੱਤੇ ਜਾਣ' ਦਾ ਹਵਾਲਾ ਦਿੱਤਾ ਸੀ, ਜੋ ਸਾਰਾ ਕੁਝ ਕਾਂਗਰਸੀ ਹਕੂਮਤਾਂ ਦੌਰਾਨ ਹੋਇਆ ਸੀ।

ਕਾਂਗਰਸ ਨੇ ਆਪਣੇ ਆਪ ਨੂੰ ਇਸ ਬਿਆਨ ਤੋਂ ਵੱਖ ਕਰ ਲਿਆ ਹੈ। ਪਾਰਟੀ ਦੇ ਤਰਜਮਾਨ ਪੀ.ਐਲ. ਪੂਨੀਆ ਨੇ ਇਸ ਸਬੰਧੀ ਨਵੀਂ ਦਿੱਲੀ ਵਿੱਚ ਕਿਹਾ, "ਕਾਂਗਰਸ ਉਨ੍ਹਾਂ ਦੇ ਬਿਆਨ ਨਾਲ ਸਹਿਮਤ ਨਹੀਂ ਹੈ, ਇਹ ਉਨ੍ਹਾਂ ਦੇ ਨਿਜੀ ਵਿਚਾਰ ਹਨ, ਪਾਰਟੀ ਦੇ ਨਹੀਂ।"

### ਕਾਂਗਰਸ ਦਾ ਅਸਲੀ ਰੂਪ ਆਇਆ ਸਾਹਮਣੇ: ਭਾਜਪਾ

ਸਲਮਾਨ ਖ਼ੁਰਸ਼ੀਦ ਦੇ ਬਿਆਨ 'ਤੇ ਟਿੱਪਣੀ ਕਰਦਿਆਂ ਭਾਜਪਾ ਨੇ ਕਿਹਾ ਕਿ ਇਸ ਤੋਂ ਕਾਂਗਰਸ ਦੇ 'ਫ਼ਿਰਕੂ ਦੰਗੇ ਕਰਵਾਉਣ' ਦੇ ਇਤਿਹਾਸ ਦਾ ਪਤਾ ਲੱਗਦਾ ਹੈ। ਕੇਂਦਰੀ ਮੰਤਰੀ ਮੁਖ਼ਤਾਰ ਅੱਬਾਸ ਨਕਵੀ ਨੇ ਕਿਹਾ ਕਿ ਕਾਂਗਰਸ ਹਾਲੇ ਵੀ ਮਹਿਜ਼ ਵੋਟਾਂ ਖ਼ਾਤਰ ਫੁੱਟ ਪਾਊ ਸਿਆਸਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਹਮੇਸ਼ਾ 'ਧਰਮ ਨਿਰਪੱਖਤਾ ਦਾ ਨਕਾਬ ਪਾ ਕੇ ਫ਼ਿਰਕਾਪ੍ਰਸਤੀ' ਕਰਦੀ ਰਹੀ ਹੈ।

# ਕਠੂਆ ਕਾਂਡ ਨੇ ਦੇਸ਼ ਨੂੰ ਸ਼ਰਮਸਾਰ ਕੀਤਾ: ਕੋਵਿੰਦ

**ਕਕਰਿਆਲ (ਰਿਆਸੀ)/ਬਿਊਰੋ ਨਿਊਜ਼:**

ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਕਠੂਆ ਬਲਾਤਕਾਰ ਅਤੇ ਹੱਤਿਆ ਕਾਂਡ ਨੂੰ ਬਹੁਤ ਹੀ ਸ਼ਰਮਨਾਕ ਅਤੇ ਸੰਗੀਨ ਮਾਮਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਸ ਗੱਲ 'ਤੇ ਆਤਮਚਿੰਤਨ ਕਰਨ ਦੀ ਲੋੜ ਹੈ ਕਿ ਅਸੀਂ ਕਿਸ ਤਰ੍ਹਾਂ ਦਾ ਸਮਾਜ ਵਿਕਸਤ ਕਰ ਰਹੇ ਹਾਂ। ਬੱਚਿਆਂ ਖ਼ਿਲਾਫ਼ ਹੋਣ ਵਾਲੀ ਹਿੰਸਾ ਮਾਨਵਤਾ ਲਈ ਬਹੁਤ ਚਿੰਤਾ ਵਾਲੀ ਗੱਲ ਹੈ ਅਤੇ ਬੱਚਿਆਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਲਈ ਪੱਕੇ ਇਰਾਦੇ ਦੀ ਲੋੜ ਹੈ। ਇਥੇ ਸ੍ਰੀ ਮਾਤਾ ਵੈਸ਼ਨੋ ਦੇਵੀ ਯੂਨੀਵਰਸਿਟੀ ਦੇ ਛੇਵੀਂ ਕਾਨਵੋਕੇਸ਼ਨ 'ਚ ਰਾਸ਼ਟਰਪਤੀ ਨੇ ਕਿਹਾ, "ਆਜ਼ਾਦੀ ਦੇ 70 ਸਾਲ ਬਾਅਦ ਵੀ ਦੇਸ਼ ਵਿੱਚ ਇਸ ਤਰ੍ਹਾਂ ਦੀ ਘਟਨਾ ਵਾਪਰਨਾ ਬੇਹੱਦ ਸ਼ਰਮਨਾਕ ਹੈ।" ਉਨ੍ਹਾਂ ਕਿਹਾ, "ਸਾਨੂੰ ਸਾਰਿਆਂ ਨੂੰ ਸੋਚਣਾ ਹੋਵੇਗਾ ਕਿ ਅਸੀਂ ਕਿੱਥੇ ਜਾ ਰਹੇ ਹਾਂ। ਕਿਸ ਤਰ੍ਹਾਂ ਦਾ ਸਮਾਜ ਵਿਕਸਤ ਕਰ ਰਹੇ ਹਾਂ। ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਕੀ ਦੇ ਰਹੇ ਹਾਂ।" ਉਨ੍ਹਾਂ ਕਿਹਾ, "ਬੱਚਿਆਂ ਦੀ ਮੁਸਕਰਾਹਟ ਦੁਨੀਆ ਦੀ ਸਭ ਤੋਂ ਖ਼ੂਬਸੂਰਤ ਚੀਜ਼ ਹੈ। ਸਾਡੇ ਸਮਾਜ ਦੀ ਵੱਡੀ ਸਫ਼ਲਤਾ ਹੋਵੇਗੀ ਜੇ ਅਸੀਂ ਬੱਚਿਆਂ ਨੂੰ ਸੁਰੱਖਿਆ ਪ੍ਰਦਾਨ ਕਰ ਸਕੀਏ। ਇਹ ਕਿਸੇ ਵੀ ਸਮਾਜ ਦੀ ਪਹਿਲੀ ਜ਼ਿੰਮੇਵਾਰੀ ਹੈ।" ਰਾਸ਼ਟਰਪਤੀ ਨੇ ਦੇਸ਼ ਭਰ ਵਿੱਚ ਬੱਚਿਆਂ ਦੀ ਸੁਰੱਖਿਆ ਨਿਸਚਿਤ ਕਰਨ ਲਈ ਇਕ ਪ੍ਰਣ ਲੈਣ ਲਈ ਕਿਹਾ। ਸ੍ਰੀ ਕੋਵਿੰਦ ਨੇ ਕਿਹਾ, "ਸਾਡੀ ਸਭ ਦੀ ਜ਼ਿੰਮੇਵਾਰੀ ਹੈ ਕਿ ਕਠੂਆ ਵਰਗੀ ਘਟਨਾ ਭਵਿੱਖ ਵਿੱਚ ਕਿਸੇ ਵੀ ਭੈਣ ਜਾਂ ਬੇਟੀ ਨਾਲ ਨਾ ਵਾਪਰੇ।" ਰਾਸ਼ਟਰਪਤੀ ਦੇਸ਼ ਦੀ ਪ੍ਰਥਮ ਮਹਿਲਾ ਸਵਿਤਾ ਕੋਵਿੰਦ ਨਾਲ ਇਥੇ ਪੁੱਜੇ ਸਨ। ਸਰਕਾਰੀ ਸੂਤਰਾਂ ਅਨੁਸਾਰ ਰਾਜਪਾਲ ਐਨਐਨ ਵੋਹਰਾ, ਮੁੱਖ ਮੰਤਰੀ ਮਹਿਬੂਬਾ ਮੁਫ਼ਤੀ, ਵਿਧਾਨ ਪ੍ਰੀਸ਼ਦ ਦੇ ਮੁਖੀ ਹਾਜੀ ਇਨਾਇਤ ਅਲੀ ਅਤੇ ਵਿਧਾਨ ਸਭਾ ਦੇ ਸਪੀਕਰ ਕਵਿੰਦਰ ਗੁਪਤਾ ਨੇ ਹਵਾਈ ਅੱਡੇ 'ਤੇ ਰਾਸ਼ਟਰਪਤੀ ਦਾ ਸਵਾਗਤ ਕੀਤਾ।



ਮਾਤਾ ਵੈਸ਼ਨੋ ਦੇਵੀ ਯੂਨੀਵਰਸਿਟੀ ਦੀ ਛੇਵੀਂ ਕਾਨਵੋਕੇਸ਼ਨ ਦੌਰਾਨ ਵਿਦਿਆਰਥੀਆਂ ਨੂੰ ਡਿਗਰੀਆਂ ਵੰਡਦੇ ਹੋਏ ਰਾਸ਼ਟਰਪਤੀ ਕੋਵਿੰਦ ਤਸਵੀਰ ਵਿੱਚ ਜੰਮੂ-ਕਸ਼ਮੀਰ ਦੇ ਰਾਜਪਾਲ ਐਨ.ਐਨ. ਵੋਹਰਾ ਤੇ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਵੀ ਹਨ।

### ਬੱਚੀ ਦੀ ਪਛਾਣ ਜ਼ਾਹਰ ਕਰਨ ਬਦਲੇ 12 ਮੀਡੀਆ ਘਰਾਣਿਆਂ ਨੂੰ 10-10 ਲੱਖ ਰੁਪਏ ਹਰਜਾਨਾ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਜੰਮੂ ਕਸ਼ਮੀਰ ਦੇ ਕਠੂਆ ਜ਼ਿਲੇ ਵਿੱਚ ਗੈਂਗਰੇਪ ਦੀ ਸ਼ਿਕਾਰ ਹੋਈ ਅੱਠ ਸਾਲਾ ਬੱਚੀ ਦੀ ਪਛਾਣ ਜ਼ਾਹਰ ਕਰਨ ਵਾਲੇ 12 ਮੀਡੀਆ ਘਰਾਣਿਆਂ ਨੂੰ 10-10 ਲੱਖ ਰੁਪਏ ਹਰਜਾਨਾ ਅਦਾ ਕਰਨ ਦਾ ਹੁਕਮ ਦਿੱਤਾ ਹੈ ਜੋ ਕਸ਼ਮੀਰ ਪੀੜਤ ਰਾਹਤ ਕੋਸ਼ ਵਿੱਚ ਜਮ੍ਹਾਂ ਕਰਵਾਈ ਜਾਵੇਗੀ। ਕਾਇਮ ਮੁਕਾਮ ਚੀਫ ਜਸਟਿਸ ਗੀਤਾ ਮਿੱਤਲ ਤੇ ਜਸਟਿਸ ਸੀ ਹਰੀ ਸ਼ੰਕਰ ਦੇ ਬੈਂਚ ਨੇ 12 ਮੀਡੀਆ ਘਰਾਣਿਆਂ ਨੂੰ ਨੋਟਿਸ ਜਾਰੀ ਕੀਤੇ ਸਨ ਜਿਨ੍ਹਾਂ 'ਚੋਂ 9 ਹੀ ਵਕੀਲਾਂ ਰਾਹੀਂ ਹਾਜ਼ਰ ਹੋਏ ਸਨ ਤੇ ਉਨ੍ਹਾਂ ਦਲੀਲ ਦਿੱਤੀ ਸੀ ਕਿ ਪੀੜਤ ਬੱਚੀ ਦੀ ਮੌਤ ਹੋਣ ਕਰਕੇ ਉਨ੍ਹਾਂ ਨੂੰ ਇਸ ਨੇਮ ਬਾਰੇ ਭੁਲੇਖਾ ਪੈ ਗਿਆ ਸੀ।

### ਸੰਯੁਕਤ ਰਾਸ਼ਟਰ ਨੇ ਕਿਹਾ, ਦੋਸ਼ੀਆਂ ਦਾ ਬਚਣਾ ਸਭ ਲਈ ਖ਼ਤਰੇ ਦੀ ਘੰਟੀ

ਸੰਯੁਕਤ ਰਾਸ਼ਟਰ: ਬਲਾਤਕਾਰ ਅਤੇ ਕਤਲ ਵਰਗੇ ਕਾਰੇ ਗੈਰ ਸਭਿਅਕ ਸਮਾਜ ਦਾ ਵਰਤਾਰਾ ਹਨ ਅਤੇ ਦੋਸ਼ੀਆਂ ਦਾ ਬਚ ਜਾਣਾ ਸਮਾਜ ਲਈ ਖ਼ਤਰੇ ਦੀ ਘੰਟੀ ਹੈ। ਇਹ ਗੱਲ ਸੰਯੁਕਤ ਰਾਸ਼ਟਰ ਦੀ ਮਹਿਲਾ ਸਸ਼ਕਤੀਕਰਨ ਸਬੰਧੀ ਏਜੰਸੀ ਨੇ ਕਠੂਆ ਅਤੇ ਉਨਾਓ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਕਹੀ। ਏਜੰਸੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਠੂਆ ਵਿੱਚ ਸੱਤ ਸਾਲਾ ਅਤੇ ਉਨਾਓ ਵਿੱਚ 17 ਸਾਲਾ ਬੱਚੀ ਨਾਲ ਬਲਾਤਕਾਰ ਤੇ ਹੱਤਿਆ ਮਾਮਲਿਆਂ ਵਿੱਚ ਰੋਸ ਦੇ ਪ੍ਰਗਟਾਵੇ ਦਾ ਬਿਆਨ ਮਹੱਤਵਪੂਰਨ ਹੈ ਪਰ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਇਨ੍ਹਾਂ ਮਾਮਲਿਆਂ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨਾ ਹੈ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE: 209.537.0975 FAX: 209.537.0375

# ਕੀ ਦਸਤਾਰ ਬੰਨ੍ਹਣਾ ਸਿੱਖ ਧਰਮ ਵਿੱਚ ਲਾਜ਼ਮੀ ਹੈ ?

## ਸੁਪਰੀਮ ਕੋਰਟ ਨੇ ਸਾਈਕਲਿਸਟ ਜਗਦੀਪ ਸਿੰਘ ਪੁਰੀ ਨੂੰ ਕੀਤੇ ਅਜ਼ੀਬ ਸੁਆਲ

- **ਅਕਾਲੀ ਆਗੂਆਂ ਦੀ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਨੇ ਲਗਾਈ ਸੀ ਦਸਤਾਰ 'ਤੇ ਪਾਬੰਦੀ, ਜਿਸ ਕਰਕੇ ਜਗਦੀਪ ਸਿੰਘ ਪੁਰੀ ਨੂੰ ਸੁਪਰੀਮ ਕੋਰਟ 'ਚ ਲੈਣੀ ਪਈ ਪਨਾਹ**
- **ਸਰਨਾ ਨੇ ਸਾਈਕਲਿੰਗ ਫੈਡਰੇਸ਼ਨ ਦੇ ਆਗੂਆਂ ਜੀਕੇ, ਪਰਮਿੰਦਰ ਸਿੰਘ ਢੀਂਡਸਾ ਆਦਿ ਨੂੰ ਘੇਰਿਆ**
- **ਖਾਲਸਾ ਪੰਥ 'ਚ ਫੈਲਿਆ ਵੱਡਾ ਰੋਸ**



**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸੁਪਰੀਮ ਕੋਰਟ ਨੇ ਦਿੱਲੀ ਦੇ ਇਕ ਸਾਈਕਲਿਸਟ ਜਗਦੀਪ ਸਿੰਘ ਪੁਰੀ ਨੂੰ ਪੁੱਛਿਆ ਹੈ ਕਿ ਕੀ 'ਪੱਗ ਬੰਨ੍ਹਣਾ' ਸਿੱਖ ਧਰਮ ਵਿੱਚ ਜ਼ਰੂਰੀ ਹੈ ਜਾਂ ਸਿਰਫ ਸਿਰ ਨੂੰ ਢੱਕ ਕੇ ਹੀ ਕੰਮ ਚਲਾਇਆ ਜਾ ਸਕਦਾ ਹੈ। ਜਾਣਕਾਰੀ ਮੁਤਾਬਕ ਜਗਦੀਪ ਸਿੰਘ ਪੁਰੀ ਨੇ ਦਿੱਲੀ ਦੀ ਸਥਾਨਕ ਸਾਈਕਲ ਐਸੋਸੀਏਸ਼ਨ ਦੇ ਉਸ ਨਿਯਮ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਐਸੋਸੀਏਸ਼ਨ ਵਲੋਂ ਕਰਵਾਈ ਜਾਣ ਵਾਲੀ 'ਸਾਈਕਲ ਦੌੜ ਪ੍ਰਤੀਯੋਗਿਤਾ' ਵਿਚ ਹਿੱਸਾ ਲੈਣ ਲਈ ਉਨ੍ਹਾਂ ਨੂੰ ਹੈਲਮੈੱਟ ਪਾਉਣਾ ਪਵੇਗਾ। 50 ਸਾਲਾ ਜਗਦੀਪ ਪੁਰੀ ਨੇ ਐਸੋਸੀਏਸ਼ਨ ਦੇ ਇਸ ਨਿਯਮ ਨੂੰ ਅਦਾਲਤ ਵਿਚ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਸਾਈਕਲ ਚਲਾਉਣ ਵੇਲੇ ਹੈਲਮੈੱਟ ਨਹੀਂ ਪਾ ਸਕਦੇ, ਕਿਉਂਕਿ ਉਨ੍ਹਾਂ ਦਾ ਧਰਮ ਉਨ੍ਹਾਂ ਨੂੰ 'ਪੱਗ ਉਤਾਰਨ' ਦੀ ਇਜਾਜ਼ਤ ਨਹੀਂ ਦਿੰਦਾ।
ਜਸਟਿਸ ਐੱਸ. ਏ. ਗੌੜਵੇ ਅਤੇ ਐੱਲ. ਐੱਨ. ਰਾਓ ਦੀ ਬੈਂਚ ਨੇ ਹੈਰਾਨੀ ਜਤਾਉਂਦੇ ਹੋਏ ਸਵਾਲ ਪੁੱਛਿਆ ਕਿ ਕੀ ਸਿੱਖ ਧਰਮ ਵਿਚ 'ਪੱਗ ਬੰਨ੍ਹਣਾ' ਜ਼ਰੂਰੀ ਹੈ ਜਾਂ ਸਿਰਫ ਸਿਰ ਢੱਕ ਕੇ ਵੀ ਕੰਮ ਚਲਾਇਆ ਜਾ ਸਕਦਾ ਹੈ।ਅਦਾਲਤ ਨੇ ਪੁੱਛਿਆ ਕਿ ਅਰਜ਼ੀ ਕਰਤਾ ਨੇ ਸਿੱਖ ਧਰਮ ਵਿਚ 'ਪੱਗ ਬੰਨ੍ਹਣ' ਦੇ ਜ਼ਰੂਰੀ ਨਿਯਮ ਦਾ ਹਵਾਲਾ ਦਿੱਤਾ ਹੈ ਪਰ ਇਸ ਦੇ ਸਬੰਧ ਵਿਚ ਤੁਸੀਂ ਅਦਾਲਤ ਨੂੰ ਕੋਈ ਪਰਮਾਣ ਦਿੱਤਾ ਹੈ ? ਅਦਾਲਤ ਨੇ ਕਿਹਾ ਕਿ ਬਿਸ਼ਨ ਸਿੰਘ ਬੇਦੀ ਸਿਰਫ ਪਟਕਾ ਬੰਨ੍ਹ ਕੇ ਹੀ ਕ੍ਰਿਕਟ ਖੇਡਦੇ ਰਹੇ ਹਨ ਅਤੇ ਉਹ ਕਦੇ ਪਗੜੀ ਨਹੀਂ ਸੀਂ ਪਾਉਂਦੇ, ਇਸੇ ਤਰ੍ਹਾਂ ਜੰਗੇ ਮੈਦਾਨ ਵਿਚ ਲੜਾਈ ਲੜਨ ਵਾਲੇ ਲੋਕ ਵੀ ਪੱਗੜੀ ਪਾ ਕੇ ਲੜਾਈ 'ਤੇ ਨਹੀਂ ਜਾਂਦੇ।
ਅਦਾਲਤ ਨੇ ਜਗਦੀਪ ਸਿੰਘ ਪੁਰੀ ਨੂੰ ਕਿਹਾ ਕਿ ਤੁਹਾਨੂੰ ਇਹ ਪਰਿਭਾਸ਼ਿਤ ਕਰਨਾ ਪਵੇਗਾ ਕਿ ਆਖਰ 'ਪੱਗ' ਕੀ ਹੈ। ਪੁਰੀ ਦੇ ਵਕੀਲ ਆਰ. ਐੱਸ. ਪੁਰੀ ਨੇ ਅਦਾਲਤ ਨੂੰ ਦੱਸਿਆ ਕਿ 'ਸੈਂਟਰਲ ਮੋਟਰਵ੍ਹੀਕਲ ਐਕਟ' ਸਿੱਖਾਂ ਨੂੰ ਦੋਪਹੀਆ ਵਾਹਨ ਚਲਾਉਣ ਵੇਲੇ ਹੈਲਮੈੱਟ ਨਾ ਪਾਉਣ ਦੀ ਛੋਟ ਦਿੰਦਾ ਹੈ। ਯੂ. ਕੇ. ਅਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਵੀ ਸਿੱਖਾਂ ਸਮੇਤ ਹੋਰ ਕਈ ਧਰਮਾਂ ਦੇ ਲੋਕਾਂ ਨੂੰ ਖੇਡਾਂ ਵਿਚ ਹਿੱਸਾਂ ਲੈਣ ਸਮੇਂ 'ਪੱਗ ਬੰਨ੍ਹਣ' ਦੀ ਛੋਟ ਹੈ। ਇਸ ਦੇ ਜਵਾਬ ਵਿਚ ਅਦਾਲਤ ਨੇ ਮਿਲਖਾ ਸਿੰਘ ਦਾ ਹਵਾਲਾ ਦਿੰਦਿਆਂ ਕਿਹਾ ਕਿ ਮਿਲਖਾ ਸਿੰਘ ਬਹੁਤ ਵੱਡੇ ਖਿਡਾਰੀ ਰਹੇ ਹਨ ਅਤੇ ਉਨ੍ਹਾਂ ਕਦੇ 'ਪੱਗ' ਨਹੀਂ ਬੰਨ੍ਹੀ।
ਅਦਾਲਤ ਨੇ ਕਿਹਾ ਕਿ ਅਜਿਹਾ ਜਾਪਦਾ ਹੈ ਕਿ 'ਪੱਗ ਬੰਨ੍ਹਣਾ' ਜ਼ਰੂਰੀ ਨਹੀਂ ਹੈ ਪਰ ਸਿਰ ਨੂੰ ਢਕਣਾ ਜ਼ਰੂਰੀ ਹੈ। ਜਸਟਿਸ ਗੌੜਵੇ ਨੇ ਕਿਹਾ ਕਿ ਹੈਲਮੈੱਟ ਪਾਉਣ ਨਾਲ ਤੁਹਾਡੀ ਆਪਣੀ ਸੁਰੱਖਿਆ ਹੁੰਦੀ ਹੈ ਅਤੇ ਅਜਿਹੇ ਵਿਚ ਤੁਸੀਂ ਹੈਲਮੈੱਟ ਕਿਉਂ ਨਹੀਂ ਪਾਉਣਾ ਚਾਹੁੰਦੇ। ਤੁਸੀਂ ਆਪਣੇ ਸਿਰ 'ਤੇ ਸੱਟ ਵੱਜਣ ਦਾ ਜੋਖਿਮ ਕਿਉਂ ਲੈਣਾ ਚਾਹੁੰਦੇ ਹਨ? ਤੁਸੀਂ ਸਾਈਕਲਿੰਗ ਈਵੈਂਟ ਵਿਚ ਹਿੱਸਾ ਲੈ ਰਹੇ ਹੋ ਅਤੇ ਸਾਈਕਲ ਦੌੜਾਉਣ ਸਮੇਂ ਜੇਕਰ ਤੁਹਾਨੂੰ ਸੱਟ ਵੱਜ ਜਾਂਦੀ ਹੈ ਤਾਂ ਫਿਰ ਤੁਸੀਂ ਇਹ ਵੀ ਕਹਿ ਸਕਦੇ ਹੋ ਕਿ ਆਯੋਜਕਾਂ ਨੇ ਸੁੱਰਖਿਆ ਦੇ ਨਿਯਮਾਂ ਦਾ ਪੂਰਾ ਖਿਆਲ ਨਹੀਂ ਰੱਖਿਆ। ਅਦਾਲਤ ਨੇ ਇਸ ਪੂਰੇ ਮਾਮਲੇ ਵਿਚ 23 ਅਪ੍ਰੈਲ ਨੂੰ ਮੁੜ ਸੁਣਵਾਈ ਤੈਅ ਕੀਤੀ ਹੈ ਅਤੇ ਨਾਲ ਹੀ ਅਦਾਲਤ ਦੇ ਸਵਾਲਾਂ ਦੇ ਜਵਾਬ ਲਿਆਉਣ ਲਈ ਕਿਹਾ ਹੈ। ਅਦਾਲਤ ਨੇ ਕਿਹਾ ਹੈ ਕਿ ਸਿਰਫ ਗੁਰੂਆਂ ਦੇ 'ਪੱਗ ਬੰਨ੍ਹਣ' ਦੇ ਕਥਨ ਦਾ ਹਵਾਲਾ ਨਾ ਦਿੱਤਾ ਜਾਵੇ, ਸਾਨੂੰ ਇਹ ਦੱਸਿਆ ਜਾਵੇ ਕਿ ਸਿੱਖ ਧਰਮ ਵਿਚ ਕਿੱਥੇ ਲਿਖਿਆ ਹੈ ਕਿ 'ਪੱਗ ਬੰਨ੍ਹਣਾ' ਜ਼ਰੂਰੀ ਹੈ।
ਅਦਾਲਤ ਨੇ ਇਸ ਮਾਮਲੇ ਵਿਚ ਸੀਨੀਅਰ ਵਕੀਲ ਸੀ. ਯੂ. ਸਿੰਘ ਨੂੰ ਮਦਦ ਕਰਨ ਲਈ ਕਿਹਾ ਹੈ ।ਅਦਾਲਤ ਨੇ ਪੁੱਛਿਆ ਹੈ ਕਿ ਉਸ ਨੂੰ ਇਸ ਗੱਲ ਦੀ ਵੀ ਜਾਣਕਾਰੀ ਦਿੱਤੀ ਜਾਵੇ ਕਿ ਸਿੱਖ ਜੰਗ ਵਿਚ ਜਾਣ ਵੇਲੇ ਕੀ ਕਰਦੇ ਹਨ ? ਪੇਸ਼ੇ 'ਤੋਂ ਗ੍ਰਾਫਿਕ ਡਿਜ਼ਾਈਨਰ ਜਗਦੀਪ ਸਿੰਘ ਪੁਰੀ ਨੂੰ ਦਿੱਲੀ ਦੀ 'ਓਡੈਕਸ ਇੰਡੀਆ ਰੈਂਡਨਰ' ਨਾਂ ਦੀ ਸੰਸਥਾ ਨੇ ਕਰਵਾਈ ਜਾਣ ਵਾਲੀ ਲੰਬੀ ਦੂਰੀ ਦੀ ਇਕ ਸਾਈਕਲ ਦੌੜ ਵਿਚ ਹਿੱਸਾ ਲੈਣ ਤੋਂ ਅਯੋਗ ਕਰਾਰ ਦਿੱਤਾ ਸੀ, ਕਿਉਂਕਿ ਪੁਰੀ ਨੇ ਇਸ ਈਵੈਂਟ ਵਿਚ ਹਿੱਸਾ ਲੈਣ ਲਈ ਹੈਲਮੈੱਟ ਪਾਉਣ ਤੋਂ ਨਾਂਹ ਕਰ ਦਿੱਤੀ ਸੀ। ਪੁਰੀ ਨੇ ਆਪਣੀ ਅਰਜ਼ੀ ਵਿਚ ਕਿਹਾ ਹੈ ਕਿ ਹੈਲਮੈੱਟ ਪਾਉਣ ਦੀ ਜ਼ਬਰਦਸਤੀ ਸੰਵਿਧਾਨ ਦੀ ਧਾਰਾ-25 ਤਹਿਤ ਦਿੱਤੇ ਗਏ ਉਨ੍ਹਾਂ ਦੇ ਮੁੱਢਲੇ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ। ਪੁਰੀ ਨੇ 2017 ਵਿਚ ਦਿੱਲੀ ਤੋਂ ਡੇਰਾ ਬਾਬਾ ਨਾਨਕ ਦੇ ਬਾਰਡਰ ਤੱਕ 510 ਕਿਲੋਮੀਟਰ ਸਾਈਕਲ ਚਲਾਈ ਸੀ।

### ਪੰਥਕ ਜਥੇਬੰਦੀਆਂ ਵੱਲੋਂ ਵਿਰੋਧ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਲੈ ਕੇ ਆਪਣੇ ਵਕੀਲ ਰਾਹੀਂ ਕਾਨੂੰਨੀ ਕਾਰਵਾਈ ਲੜਨਗੇ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਇਸ ਸੁਆਲ ਉੱਤੇ ਕਾਨੂੰਨੀ ਪੈਰਵੀ ਕਰਨਗੇ। ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁਖੀ ਭਾਈ ਬਖਸ਼ੀਸ਼ ਸਿੰਘ ਨੇ ਆਖਿਆ ਕਿ ਜੱਜਾਂ ਵੱਲੋਂ ਦਸਤਾਰ ਵਿਰੋਧੀ ਟਿੱਪਣੀਆਂ ਮੰਦਭਾਗੀਆਂ ਹਨ।

### ਬਾਦਲ ਦਲ ਦੇ ਆਗੂ ਜ਼ਿੰਮੇਵਾਰ

ਜੱਜਾਂ ਵਲੋਂ ਕੀਤੀ ਟਿੱਪਣੀ ਕਾਰਣ ਸਮੁੱਚਾ ਸਿੱਖ ਜਗਤ ਰੋਸ ਤੇ ਰੋਹ ਵਿਚ ਹੈ। ਲੇਕਿਨ ਜਿਸ ਸਾਈਕਲ ਰੇਸ ਵਿਚ ਸ਼ਾਮਲ ਹੋਣ ਤੋਂ ਦਸਤਾਰ ਕਾਰਣ ਰੋਕਣ ਖਿਲਾਫ਼ ਸ. ਪੁਰੀ ਸੁਪਰੀਮ ਕੋਰਟ ਵਿਚ ਰਾਹਤ ਲਈ ਪੁੱਜੇ ਸਨ, ਉਸ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ, ਪੰਜਾਬ ਦੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਾਦਲਾਂ ਦੀ ਅਗਵਾਈ ਵਾਲੇ ਬਾਦਲ ਦਲ ਦੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕਾਈ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਹਨ। ਇਹ ਖੁਲਾਸਾ ਕਰਦਿਆਂ ਦਿੱਲੀ ਅਕਾਲੀ ਦਲ ਜਨਰਲ ਸਕੱਤਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਹਰਵਿੰਦਰ ਸਿੰਘ ਸਰਨਾ ਨੇ ਦੱਸਿਆ ਹੈ ਕਿ ਜਗਦੀਪ ਸਿੰਘ ਪੁਰੀ ਵਲੋਂ ਸਾਈਕਲਿੰਗ ਫੈਡਰੇਸ਼ਨ ਵੱਲੋਂ ਸਾਈਕਲ ਰੇਸ ਵਿਚ ਸ਼ਾਮਲ ਹੋਣ ਲਈ ਦਸਤਾਰ ਤੇ ਲਗਾਈ ਪਾਬੰਦੀ ਦਾ ਮਾਮਲਾ ਸੁਲਝਾਇਆ ਜਾ ਸਕਦਾ ਸੀ, ਪਰੰਤੂ ਨਾ ਤਾਂ ਢੀਂਡਸਾ ਤੇ ਨਾ ਹੀ ਮਨਜੀਤ ਸਿੰਘ ਜੀ ਕੇ ਨੇ ਇਸ ਪਾਸੇ ਧਿਆਨ ਦਿੱਤਾ। ਸਰਨਾ ਨੇ ਕਿਹਾ ਕਿ ਹੁਣ ਜਦੋਂ ਸੁਪਰੀਮ ਕੋਰਟ ਵਿਚ ਸਿੱਖ ਦੀ ਦਸਤਾਰ ਤੇ ਸਵਾਲ ਉਠਾਇਆ ਜਾ ਚੁੱਕਾ ਹੈ ਤਾਂ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਵਲੋਂ ਦਸਤਾਰ ਦੀ ਸ਼ਾਨ ਸੰਬੰਧੀ ਦਿੱਤੇ ਜਾ ਰਹੇ ਬਿਆਨ ਮਗਰਮੱਛ ਦੇ ਹੰਝੂ ਹਨ। ਉਨ੍ਹਾਂ ਦੱਸਿਆ ਕਿ ਜਗਦੀਪ ਸਿੰਘ ਪੁਰੀ ਵਲੋਂ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਨ ਲਈ ਚੁਣਿਆ ਗਿਆ ਵਕੀਲ ਆਰ ਐਸ ਐਸ ਸੂਰੀ ਉਹੀ ਵਕੀਲ ਹੈ, ਜੋ ਫ਼ਿਲਮ ਨਾਨਕਸ਼ਾਹ ਫਕੀਰ ਦੀ ਰਿਲੀਜ਼ ਦੇ ਹੱਕ ਵਿਚ ਫਿਲਮ ਨਿਰਮਾਤਾ ਹਰਿੰਦਰ ਸਿੱਖ ਸਿੱਕਾ ਵੱਲੋਂ ਭੁਗਤਿਆ। ਇਹੀ ਵਕੀਲ ਉਨ੍ਹਾਂ ਹਰਵਿੰਦਰ ਸਿੰਘ ਸਰਨਾ ਦੇ ਤਖ਼ਤ ਪਟਨਾ ਸਾਹਿਬ ਪ੍ਰਬੰਧਕ ਬੋਰਡ ਦਾ ਪ੍ਰਧਾਨ ਚੁਣੇ ਜਾਣ ਖਿਲਾਫ਼ ਬਾਦਲ ਦਲ ਵੱਲੋਂ ਪਟਨਾ ਹਾਈਕੋਰਟ ਵਿਚ ਦਾਇਰ ਪਟੀਸ਼ਨ ਦੀ ਪੈਰਵਾਈ ਲਈ ਬਾਦਲ ਧੜੇ ਦਾ ਵਕੀਲ ਸੀ। ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ ਆਰ ਐਸ ਐਸ ਦੀ ਝੋਲੀ ਪੈ ਚੁੱਕੇ ਬਾਦਲ ਪਰਿਵਾਰ ਨੇ ਬੜੀ ਸੋਚੀ ਸਮਝੀ ਸਾਜ਼ਿਸ਼ ਤਹਿਤ ਸਿੱਖ ਸਿਧਾਂਤਾਂ ਤੇ ਸਿੱਖ ਪਛਾਣ ਨੂੰ ਜੋ ਸੱਟ ਮਾਰਨ ਦੀ ਚਾਲ ਚੱਲੀ ਹੈ, ਉਹ ਅਕਾਲ ਪੁਰਖ ਵਾਹਿਗੁਰੂ ਨੇ ਹੀ ਕਿਰਪਾ ਕਰਕੇ ਜਗ ਜਾਹਿਰ ਕਰ ਦਿੱਤੀ ਹੈ। ਸਰਨਾ ਨੇ ਕਿਹਾ ਕਿ ਫ਼ਿਲਮ ਨਾਨਕ ਸ਼ਾਹ ਫਕੀਰ ਦੀ ਤਿਆਰੀ ਤੋਂ ਲੈ ਕੇ ਰਿਲੀਜ਼ ਦੀ ਕਗਾਰ ਤੱਕ ਪਹੁੰਚਾਉਣ ਵਲੋਂ ਵਿਰੋਧ ਹੁੰਦਾ ਹੈ ਤਾਂ ਬਾਦਲਾਂ ਦੇ ਕਬਜ਼ੇ ਹੇਠਲੀ ਸ਼੍ਰੋਮਣੀ ਕਮੇਟੀ ਫ਼ਿਲਮ ਤੇ ਰੋਕ ਲਾਉਂਦੀ ਲੇਕਿਨ ਦਿੱਲੀ ਕਮੇਟੀ ਦੇ ਪੈਨਲ ਦਾ ਵਕੀਲ ਆਰ ਐਸ ਐਸ ਸੂਰੀ ਫ਼ਿਲਮ ਨਿਰਮਾਤਾ ਵਲੋਂ ਸ਼੍ਰੋਮਣੀ ਕਮੇਟੀ ਤੇ ਸਿੱਖ ਪੰਥ ਖਿਲਾਫ਼ ਭੁਗਤਦਾ ਹੈ। ਉਨ੍ਹਾਂ ਕਿਹਾ ਕਿ ਜਿਸ ਅਕਾਲ ਤਖ਼ਤ ਦੇ ਫੈਸਲਿਆਂ ਨੂੰ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਤੇ ਬਾਦਲਕੇ ਇਲਾਹੀ ਹੁਕਮ ਕਹਿ ਕੇ ਸਿਆਸੀ ਵਿਰੋਧੀਆਂ ਨੂੰ ਨੱਪਣ ਦੀ ਕੋਸ਼ਿਸ਼ ਕਰਦੇ ਹਨ, ਉਸੇ ਅਕਾਲ ਤਖ਼ਤ ਦੇ ਹੁਕਮ ਨੂੰ ਚੁਣੌਤੀ ਦਿੱਲੀ ਕਮੇਟੀ ਦੇ ਪੈਨਲ ਵਿਚ ਸ਼ਾਮਲ ਵਕੀਲ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਾਈਕਲ ਰੇਸ ਵਿਚ ਸ਼ਾਮਲ ਹੋਣ ਲਈ ਦਸਤਾਰ ਦੀ ਬਜਾਏ ਹੈਲਮੇਟ ਪਹਿਨਣ ਦਾ ਹੁਕਮ ਵੀ ਜਿਹੜੀ ਸੰਸੰਥਾ ਸੁਣਾ ਰਹੀ ਹੈ, ਉਸ ਦਾ ਪ੍ਰਧਾਨ ਅਤੇ ਸੀਨੀਅਰ ਮੀਤ ਪ੍ਰਧਾਨ ਦੋਨੰ ਹੀ ਬਾਦਲਾਂ ਦੇ ਕਰਿੰਦੇ ਹਨ। ਸਰਨਾ ਨੇ ਸਮੁੱਚੇ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਬਾਦਲਾਂ ਦੇ ਕਬਜ਼ੇ ਹੇਠਲੀਆਂ ਸੰਸਥਾਵਾਂ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਵਲੋਂ ਸਿੱਖੀ ਤੇ ਸਿੱਖ ਸਿਧਾਂਤਾਂ ਪ੍ਰਤੀ ਪ੍ਰਗਟਾਏ ਹੇਜ਼ ਪਿੱਛੇ ਛੁਪੇ ਦੋਗਲੇਪਨ ਨੂੰ ਸਮਝਣ ਦੀ ਕੋਸ਼ਿਸ ਜ਼ਰੂਰ ਕਰੇ।

### ਦਸਤਾਰ ਦਾ ਵਿਸ਼ਵ ਯੋਗਦਾਨ ਤੇ ਸਿੱਖ ਫ਼ੌਜੀ

ਪਹਿਲੀ ਵਿਸ਼ਵ ਜੰਗ ਵਿੱਚ ਸੰਨ 1914 ਤੋਂ ਲੈ ਕੇ 1918 ਤੱਕ ਮੇਰਠ ਡਵੀਜ਼ਨ ਦੀ 47ਵੀਂ ਸਿੱਖ ਰੈਜਮੈਂਟ ਦੇ ਦਸਤਾਰਧਾਰੀ ਸਿੱਖਾਂ ਨੇ ਬੈਲਜੀਅਮ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ। ਬੈਲਜੀਅਮ ਦੀ ਕੌਮੀ ਯਾਦਗਾਰ 'ਮੈਨਨ ਗੇਟ' ਉਪਰ ਸਿੱਖ ਫੌਜੀਆਂ ਦੇ ਨਾਮ ਉਕਰੇ ਹੋਏ ਹਨ, ਜਿਥੇ ਹਰ ਸਾਲ 15 ਨਵੰਬਰ ਨੂੰ ਉਹਨਾਂ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਹੈ। ਦੂਸਰੀ ਵਿਸ਼ਵ ਜੰਗ ਸਮੇਂ ਵੀ ਦਸਤਾਰਧਾਰੀ ਸਿੱਖ ਫੌਜੀਆਂ ਨੇ ਇੰਡੋਨੇਸ਼ੀਆ ਵਿੱਚ ਘਿਰੇ ਡੱਚ ਲੋਕਾਂ ਨੂੰ ਸੁਰੱਖਿਅਤ ਹਾਲੈਂਡ ਪਹੁੰਚਾਇਆ। ਸਿੱਖਾਂ ਦੇ ਇਸ ਬਹਾਦਰੀ ਭਰੇ



ਕਾਰਨਾਮੇ ਤੋਂ ਪ੍ਰਭਾਵਿਤ ਕਈ ਡੱਚ ਲੋਕਾਂ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਬਰਤਾਨਵੀਂ ਹਕੂਮਤ ਨੇ ਸਿੱਖ ਫੌਜੀਆਂ ਨੂੰ ਜੰਗ ਵਿੱਚ ਲੋਹ-ਟੋਪ ਪਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ ਪਰ ਸਿੱਖਾਂ ਨੇ ਦਸਤਾਰ ਉਪਰ ਲੋਹ-ਟੋਪ ਪਾਉਣ ਤੋਂ ਨਾਂਹ ਕਰਦਿਆਂ ਇਹ ਮੰਨ ਲਿਆ ਕਿ ਦਸਤਾਰ ਵਿੱਚੋਂ ਦੀ ਸਿਰ 'ਤੇ ਗੋਲੀ ਲੱਗਣ ਨਾਲ ਸ਼ਹੀਦ ਹੋਣ ਤੋਂ ਬਾਅਦ ਉਹ ਪੈਨਸ਼ਨ ਨਹੀਂ ਲੈਣਗੇ। ਕੁੱਝ ਮਾਮਲਿਆਂ ਵਿਚ ਕਾਨੂੰਨੀ ਕਾਰਵਾਈ ਅਧੀਨ ਕਈ ਸਿੱਖਾਂ ਨੂੰ ਕਾਲੇ ਪਾਣੀ ਤੱਕ ਦੀਆਂ ਸਜਾਵਾਂ ਵੀ ਭੁਗਤਣੀਆਂ ਪਈਆਂ। ਆਜ਼ਾਦੀ ਉਪਰੰਤ ਪਾਕਿਸਤਾਨ ਦੀ ਫੌਜ਼ ਦੇ ਮੁੱਖੀ ਜਨਰਲ ਫਰੈਂਕ ਵਾਲਟਰ ਨੇ ਮੰਨਿਆ ਕਿ ਦੋਵੇਂ ਵਿਸ਼ਵ ਯੁੱਧਾਂ ਦੌਰਾਨ 83000 ਦਸਤਾਰਧਾਰੀ ਸਿੱਖ ਸ਼ਹੀਦ ਹੋਏ ਅਤੇ 1,09045 ਜਖ਼ਮੀ ਹੋਏ, ਪਰ ਉਹਨਾਂ ਨੇ ਦਸਤਾਰ ਦੀ ਥਾਂ ਲੋਕ-ਟੋਪ ਪਹਿਨਣ ਤੋਂ ਸਾਫ ਇਨਕਾਰ ਕਰ ਦਿੱਤਾ। ਭਾਰਤ ਦੀ ਆਜ਼ਾਦੀ ਦੀ ਜੰਗ ਵਿੱਚ ਕੁੱਲ ਅਬਾਦੀ ਦਾ 2ਗ਼ ਹਿੱਸਾ ਹੋਣ ਦੇ ਬਾਵਜੂਦ ਵੀ ਦਸਤਾਰਧਾਰੀ ਸਿੱਖਾਂ ਨੇ ਕਰੀਬ 80ਗ਼ ਕੁਰਬਾਨੀਆਂ ਦਿੱਤੀਆਂ। ਅੱਜ ਸਿੱਖ ਦੁਨੀਆਂ ਦੇ ਕੋਨੇ-ਕੋਨੇ ਵਿੱਚ ਆਪਣੀ ਮਿਹਨਤ ਨਾਲ ਸਫਲਤਾ ਦੇ ਝੰਡੇ ਗੱਡ ਰਹੇ ਹਨ। ਪਰ ਫੇਰ ਵੀ ਸਾਨੂੰ ਆਪਣੇ ਵਤਨ ਵਿਚ ਆਪਣੀ ਦਸਤਾਰ ਦੀ ਹੋਂਦ ਨੂੰ ਬਚਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

**-ਬਲਵਿੰਦਰਪਾਲ ਸਿੰਘ**

### ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਤਰਾਜ਼

ਅੰਮ੍ਰਿਤਸਰ (ਪਰਗਟ ਸਿੰਘ)-ਇੱਕ ਸਾਈਕਲਿਸਟ ਦੀ ਹੈਲਮੇਟ ਖ਼ਿਲਾਫ਼ ਪਾਈ ਪਟੀਸ਼ਨ 'ਤੇ ਸੁਪਰੀਮ ਕੋਰਟ ਦੇ ਜੱਜ



ਵੱਲੋਂ ਦਸਤਾਰ ਬਾਰੇ ਕੀਤੀ ਟਿੱਪਣੀ 'ਤੇ ਸਖ਼ਤ ਇਤਰਾਜ਼ ਦਾ ਪ੍ਰਗਟਾਵਾ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਖਿਆ ਕਿ ਤੁਰੰਤ ਇਸ ਕੇਸ ਦੀ ਪੈਰਵੀ ਕੀਤੀ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਦਾਲਤ ਨੇ ਦਸਤਾਰ ਸਬੰਧੀ ਕੋਈ ਗਲਤ ਫ਼ੈਸਲਾ ਦਿੱਤਾ ਤਾਂ ਮਾੜੇ ਸਿੱਟੇ ਨਿਕਲ ਸਕਦੇ ਹਨ। ਗਿਆਨੀ ਗੁਰਬਚਨ ਸਿੰਘ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਇਹ ਦੁਖਦਾਈ ਗੱਲ ਹੈ ਕਿ ਇੱਕ ਸਿੱਖ ਨੂੰ ਹੈਲਮੇਟ ਪਾਉਣ ਲਈ ਮਜਬੂਰ ਕੀਤਾ ਜਾਵੇ। ਦਸਤਾਰ ਸਿੱਖਾਂ ਦੇ ਪਹਿਰਾਵੇ ਦਾ ਅਨਿੱਖੜਵਾਂ ਅੰਗ ਹੈ ਅਤੇ ਇਸ ਨਾਲ ਸਿੱਖੀ ਦੀ ਪਛਾਣ ਨਿਸ਼ਚਿਤ ਹੋ ਚੁੱਕੀ ਹੈ। ਸਿੱਖ ਰਹਿਤ ਮਰਿਆਦਾ ਮੁਤਾਬਕ ਹਰ ਗੁਰਸਿੱਖ ਲਈ ਦਸਤਾਰ ਸਜਾਉਣਾ ਜ਼ਰੂਰੀ ਹੈ।

### ਕੀ ਕਹਿੰਦੇ ਹਨ ਸਿੱਖ ਰਹਿਤਨਾਮੇ

ਸਿੱਖ ਧਰਮ ਦੇ ਰਹਿਤਨਾਮਿਆਂ ਵਿੱਚੋਂ ਦਸਤਾਰ ਸੰਬੰਧੀ ਮਰਯਾਦਾ ਦਾ ਵਰਣਨ ਕਰਦੇ ਹਾਂ ਤਾਂ ਜੋ ਪੂਰਨ ਗਿਆਨ ਹੋ ਸਕੇ, ਕਿਉਂਕਿ ਇਸ ਮਰਿਯਾਦਾ ਦੇ ਉਲਟ ਚੱਲਣ ਵਾਲਾ ਤਨਖਾਹੀਆ ਅਰਥਾਤ ਦੰਡ (ਸਜ਼ਾ) ਦਾ ਅਧਿਕਾਰੀ ਹੋ ਜਾਂਦਾ ਹੈ। ਇਸ ਲਈ ਇਸ ਮਰਯਾਦਾ ਦਾ ਪਤਾ ਹੋਣਾ ਬਹੁਤ ਜ਼ਰੂਰੀ ਹੈ। ਸੋ ਰਹਿਤਨਾਮਿਆਂ ਅਤੇ ਹੋਰ ਗ੍ਰੰਥਾਂ ਵਿਚ ਹਵਾਲਿਆਂ ਸਹਿਤ ਲਿਖਿਆ ਹੈ:

1. ਗੁਰਸਿੱਖ ਸਵੇਰੇ ਉਠ ਕੇ ਇਸ਼ਨਾਨ ਕਰੇ ਕੰਘਾ ਕਰ ਸਿਰ ਦੇ ਮੱਧ ਜੂੜਾ ਕਰ ਕੇ ਛੋਟੀ ਦਸਤਾਰ (ਕੇਸਕੀ) ਸਜਾਏ ਫਿਰ ਵੱਡੀ ਦਸਤਾਰ ਚੁਣ ਕੇ ਬੰਨੇ।

"ਪ੍ਰਾਤ ਇਸ਼ਨਾਨ ਜਤਨ ਸੋ ਸਾਧੇ। ਕੰਘਾ ਕਰਦ ਦਸਤਾਰਹਿ ਬਾਂਧੇ"।
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)
ਭਾਈ ਦਯਾ ਸਿੰਘ ਜੀ ਨੇ ਰਹਿਤਨਾਮੇ ਵਿਚ ਲਿਖਿਆ ਹੈ:
"ਜੂੜਾ ਸੀਸ ਕੇ ਮੱਧ ਭਾਗ ਮੈਂ ਰਾਖੇ, ਔਰ ਪਾਗ ਬੜੀ ਬਾਂਧੇ"।

2. ਪੂਰਨ ਗੁਰਸਿੱਖਾਂ ਦੀ ਮਰਯਾਦਾ ਇਹ ਹੈ ਕਿ ਦਸਤਾਰ ਹਮੇਸ਼ਾਂ ਖੜ੍ਹੇ ਹੋ ਕੇ ਸਜਾਉਣੀ ਚਾਹੀਦੀ ਹੈ:

ਸਵਾ ਪਹਿਰ ਨਿਸ਼ ਕਰੇ ਸ਼ਨਾਨ, ਬਾਣੀ ਪੜ੍ਹੈ ਖੜ ਪੱਗ ਬਧਾਨ।
(ਪੰਥ ਪ੍ਰਕਾਸ, ਪੰਨਾ ੫੪)

3. ਦਸਤਾਰ ਹਮੇਸ਼ਾਂ ਦੋ ਸਮੇਂ ਸਜਾਉਣੀ ਚਾਹੀਦੀ ਹੈ। ਇਕ, ਸਵੇਰੇ ਇਸ਼ਨਾਨ ਕਰ ਕੇ ਤੇ ਦੂਸਰਾ, ਤ੍ਰਿਕਾਲਾਂ ਵੇਲੇ ਕੰਘਾ ਕਰ ਕੇ ਸਜਾਉਣੀ ਚਾਹੀਦੀ ਹੈ। ਪ੍ਰਮਾਣ:

ਪ੍ਰਾਤ ਇਸ਼ਨਾਨ ਜਤਨ ਸੋ ਸਾਧੇ। ਕੰਘਾ ਕਰਦ ਦਸਤਾਰਹਿ ਬਾਂਧੇ।
ਚਾਰ ਘੜੀ ਜਬ ਦਿਵਸ ਰਹਾਈ। ਪੰਚ ਇਸਨਾਨਾ ਪੁਨਹ ਕਰਾਈ।
ਕੰਘਾ ਕਰਦ ਦਸਤਾਰ ਸਜਾਵੈ। ਇਹੀ ਰਹਤ ਸਿੰਘਨ ਸੋ ਭਾਵੈ।
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)
ਕੰਘਾ ਦੋਨਉ ਵਕਤ ਕਰ, ਪਾਗ ਚੁਨਹਿ ਕਰ ਬਾਂਧਈ।
(ਤਨਖਾਹਨਾਮਾ ਭਾਈ ਨੰਦ ਲਾਲ ਜੀ)
ਕੰਘਾ ਦ੍ਵੈ ਕਾਲ ਕਰੇ ਪਾਗ ਚੁਨਕਿ ਬਾਧੇ।
(ਰਹਿਤਨਾਮਾ ਭਾਈ ਦਯਾ ਸਿੰਘ ਜੀ)

4. ਦਸਤਾਰ ਹਮੇਸ਼ਾਂ ਸਜਾ ਕੇ ਰੱਖਣੀ ਚਾਹੀਦੀ ਹੈ। ਭਾਵ ਕਦੇ ਸਿਰ ਨੰਗਾ ਨਹੀਂ ਰੱਖਣਾ, ਨੰਗੇ ਸਿਰ ਭੋਜਨ ਨਹੀਂ ਕਰਨਾ। ਰਾਤ ਦੇ ਸਮੇਂ ਛੋਟੀ ਦਸਤਾਰ ਭਾਵ ਕੇਸਕੀ ਸਜਾ ਸਕਦੇ ਹਾਂ ਪਰ ਸਿਰ ਨੰਗਾ ਨਹੀਂ ਰੱਖਣਾ ਯਥਾ :

- ਪੱਗ ਰਾਤੀਂ ਲਾਹਿ ਕੇ ਸਵੇਂ, ਸੋ ਭੀ ਤਨਖਾਹੀਆ।

**ਬਾਕੀ ਸਫ਼ਾ 21 'ਤੇ**

# ਦਸਤਾਰ ਬਾਰੇ ਸੁਪਰੀਮ ਕੋਰਟ ਦੇ ਜੱਜ ਵਲੋਂ ਕੀਤੀ ਟਿਪਣੀ ਦਾ ਸਿੱਖ ਜਥੇਬੰਦੀਆਂ ਵੱਲੋਂ ਤਿੱਖਾ ਵਿਰੋਧ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਸੁਪਰੀਮ ਕੋਰਟ ਦੇ ਜੱਜ ਵੱਲੋਂ ਸਿੱਖਾਂ ਦੀ ਦਸਤਾਰ ਸਬੰਧੀ ਕੀਤੀ ਗਈ ਟਿੱਪਣੀ ਅਤੇ ਉਸ 'ਤੇ ਉਠਾਏ ਗਏ ਸਵਾਲ ਦਾ ਸਿੱਖ ਜਥੇਬੰਦੀਆਂ ਨੇ ਸਖ਼ਤ ਵਿਰੋਧ ਜਤਾਇਆ ਹੈ। ਸਿੱਖ ਜਥੇਬੰਦੀਆਂ ਨੇ ਆਖਿਆ ਕਿ ਦਸਤਾਰ ਸਿੱਖਾਂ ਦੇ ਪਹਿਰਾਵੇ ਦਾ ਅਹਿਮ ਹਿੱਸਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਦਸਤਾਰ ਸਿੱਖਾਂ ਦੀ ਪਛਾਣ ਦਾ ਹਿੱਸਾ ਹੈ ਅਤੇ ਇਹ ਉਨ੍ਹਾਂ ਨੂੰ ਸੁਰੱਖਿਆ ਵੀ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਦਸਤਾਰਧਾਰੀ ਸਿੱਖਾਂ ਨੂੰ ਹੈਲਮਟ ਪਹਿਨਣ ਦੀ ਕੋਈ ਲੋੜ ਨਹੀਂ ਹੈ। ਜ਼ਿਕਰਯੋਗ ਹੈ ਕਿ ਸਾਈਕਲ ਐਸੋਸੀਏਸ਼ਨ ਵੱਲੋਂ ਹੈਲਮੇਟ ਪਹਿਨਣ ਦੀ ਲਾਜ਼ਮੀ ਸ਼ਰਤ ਨੂੰ ਸਿੱਖ ਸਾਈਕਲਿਸਟ ਜਗਦੀਪ ਸਿੰਘ ਪੁਰੀ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਉਸ ਨੇ ਅਦਾਲਤ ਨੂੰ ਦੱਸਿਆ ਸੀ ਕਿ ਸਿੱਖਾਂ ਲਈ ਹੈਲਮਟ ਪਹਿਨਣਾ ਲਾਜ਼ਮੀ ਨਹੀਂ ਹੈ। ਪਟੀਸ਼ਨ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਦੇ ਜੱਜਾਂ ਨੇ ਸਵਾਲ ਉਠਾਇਆ ਕਿ ਕੀ ਦਸਤਾਰ ਸਿੱਖਾਂ ਲਈ ਲਾਜ਼ਮੀ ਹੈ ਜਾਂ ਫਿਰ ਸਿਰਫ਼ ਸਿਰ ਢੱਕਣ ਦਾ ਇਕ ਸਾਧਨ ਹੈ। ਇਤਿਹਾਸ ਦਾ ਹਵਾਲਾ ਦਿੰਦਿਆਂ ਭਾਈ ਲੌਂਗੋਵਾਲ ਨੇ ਕਿਹਾ ਕਿ ਵਿਸ਼ਵ ਜੰਗਾਂ ਦੌਰਾਨ ਵੀ ਸਿੱਖ ਸੈਨਿਕਾਂ ਨੇ ਦਸਤਾਰਾਂ ਸਜਾ ਕੇ ਹੀ ਯੁੱਧ ਲੜੇ ਸਨ। ਉਨ੍ਹਾਂ ਕਿਹਾ,"ਦੇਸ਼ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਫ਼ੌਜ ਮੁਖੀ ਵੀ ਸਿੱਖ ਵਿਅਕਤੀ ਰਹਿ ਚੁੱਕੇ ਹਨ। ਇਸ ਲਈ ਦਸਤਾਰ ਸਬੰਧੀ ਕਿਸੇ ਕਿਸਮ ਦਾ ਭੁਲੇਖਾ ਨਹੀਂ ਹੋਣਾ ਚਾਹੀਦਾ।"

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਦਿੱਲੀ ਕਮੇਟੀ ਵੱਲੋਂ ਇਸ ਕੇਸ ਵਿੱਚ ਸ਼ਾਮਲ ਹੋਣ ਦਾ ਐਲਾਨ



ਕੀਤਾ। ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁਖੀ ਭਾਈ ਬਖਸ਼ੀਸ਼ ਸਿੰਘ ਨੇ ਆਖਿਆ ਕਿ ਜੱਜਾਂ ਵੱਲੋਂ ਦਸਤਾਰ ਵਿਰੋਧੀ ਟਿੱਪਣੀਆਂ ਮੰਦਭਾਗੀਆਂ ਹਨ।

ਉਧਰ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸੁਪਰੀਮ ਕੋਰਟ ਦੇ ਜੱਜਾਂ ਵੱਲੋਂ ਦਸਤਾਰ ਦੀ ਮਹੱਤਤਾ ਬਾਰੇ ਪੁੱਛੇ ਸਵਾਲਾਂ ਨੂੰ ਗ਼ੈਰ-ਜ਼ਿੰਮੇਵਾਰਾਨਾ ਅਤੇ ਮੰਦਭਾਗਾ ਕਰਾਰ ਦਿੱਤਾ ਹੈ।

## ਸੁਪਰੀਮ ਕੋਰਟ ਦਾ ਜੱਜ ਸਿੱਖ ਲਈ ਦਸਤਾਰ ਦੀ ਮਹੱਤਤਾ ਨੂੰ ਸਮਝੇ : ਸਵਰਨਜੀਤ ਸਿੰਘ ਖਾਲਸਾ

**ਨਿਊਯਾਰਕ/ਬਿਊਰੋ ਨਿਊਜ਼:** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ, ਮੈਂਬਰ ਡਿਪਾਰਟਮੈਂਟ ਆਫ ਜਸਟਿਸ ਅਤੇ ਪਲੇਨਿੰਗ ਬੋਰਡ ਕਨੈਕਟੀਕਟ ਸਵਰਨਜੀਤ ਸਿੰਘ ਖਾਲਸਾ ਨੇ ਭਾਰਤੀ ਸੁਪਰੀਮ ਕੋਰਟ ਤੇ ਉਸ ਬਿਆਨ 'ਤੇ ਟਿੱਪਣੀ ਕਰਦਿਆਂ ਕਿਹਾ ਜਿਸ ਵਿਚ ਉਸ ਨੇ ਦਿੱਲੀ ਦੇ ਇਕ ਸਿੱਖ ਸਾਈਕਲਿਸਟ ਜਗਦੀਪ ਸਿੰਘ ਪੁਰੀ ਨੂੰ ਪੁੱਛਿਆ ਹੈ ਕਿ ਕੀ ਪੱਗ ਬੰਨ੍ਹਣਾ' ਸਿੱਖ ਧਰਮ ਵਿੱਚ ਜ਼ਰੂਰੀ ਹੈ ਜਾਂ ਸਿਰਫ ਸਿਰ ਨੂੰ ਢੱਕ ਕੇ ਹੀ ਕੰਮ ਚਲਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ ਪ੍ਰਧਾਨ ਮੰਤਰੀ ਤੇ ਫ਼ੌਜ ਦਾ ਮੁਖੀ ਤੇ ਸੁਪਰੀਮ ਕੋਰਟ ਦਾ ਜੱਜ ਸਿੱਖ ਬਣ ਚੁੱਕੇ ਹਨ ਤਾਂ ਸੁਪਰੀਮ ਕੋਰਟ ਦੇ ਇਸ ਜੱਜ ਨੂੰ ਸਿੱਖ ਪੱਗ ਤੇ ਦਸਤਾਰ ਬਾਰੇ ਗਿਆਨ ਕਿਉਂ ਨਹੀਂ ਜਾਂ ਫਿਰ ਉਹ ਅਜਿਹੇ ਫੈਸਲੇ ਕਿਉਂ ਸੁਣਾ ਰਹੇ ਹਨ ਜਿਸ ਨਾਲ ਸਿੱਖ ਕੌਮ ਜਲਾਲਤ ਮਹਿਸੂਸ ਕਰਦੀ ਹੋਵੇ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਜੱਜ ਨੂੰ ਅਜਿਹੇ ਫੈਸਲਿਆਂ ਤੋਂ ਬਚਣਾ ਚਾਹੀਦਾ ਹੈ ਤੇ ਸੰਵਿਧਾਨਕ ਨੀਤੀ



ਤਹਿਤ ਜਿਸ ਵਿਚ ਸਿੱਖ ਕੌਮ ਨੂੰ ਆਪਣੇ ਅਧਿਕਾਰ ਮਿਲੇ ਹੋਏ ਹਨ, ਉਸ ਤਹਿਤ ਫੈਸਲੇ ਸੁਣਾਉਣੇ ਚਾਹੀਦੇ ਹਨ। ਜੱਜਾਂ ਦਾ ਇਹ ਕਹਿਣਾ ਵੀ ਗਲਤ ਹੈ ਕਿ ਅਦਾਲਤ ਨੇ ਕਿਹਾ ਕਿ ਬਿਸ਼ਨ ਸਿੰਘ ਬੇਦੀ ਸਿਰਫ ਪਟਕਾ ਬੰਨ੍ਹ ਕੇ ਹੀ ਕ੍ਰਿਕਟ ਖੇਡਦੇ ਰਹੇ ਹਨ ਅਤੇ ਉਹ ਕਦੇ ਪਗੜੀ ਨਹੀਂ ਸੀਂ ਪਾਉਂਦੇ, ਇਸੇ ਤਰ੍ਹਾਂ ਜੰਗੇ ਮੈਦਾਨ ਵਿਚ ਲੜਾਈ ਲੜਨ ਵਾਲੇ ਲੋਕ ਵੀ ਪਗੜੀ ਪਾ ਕੇ ਲੜਾਈ 'ਤੇ ਨਹੀਂ ਜਾਂਦੇ। ਉਨ੍ਹਾਂ ਕਿਹਾ ਕਿ ਬੇਦੀ ਤੇ ਮਿਲਖਾ ਸਿੰਘ ਸਿੱਖ ਪੰਥ ਦੇ ਰਹਿਬਰ ਨਹੀਂ ਹਨ, ਜਿਸ ਤੋਂ ਸੇਧ ਲਈ ਜਾ ਸਕੇ। ਸਿੱਖ ਪੰਥ ਲਈ ਰਹਿਬਰ ਸਿਰਫ਼ ਗੁਰੂ ਸਾਹਿਬਾਨ ਹਨ ਜਾਂ ਸਿੱਖ ਮਰਿਯਾਦਾ ਹੈ, ਜਿਸ ਤੋਂ ਸਿੱਖ ਸੇਧ ਲੈਂਦਾ ਹੈ। ਸਿੱਖ ਰਹਿਤ ਮਰਿਯਾਦਾ ਇਸ ਵਿਚ ਸਾਫ਼ ਦੱਸਦੀ ਹੈ ਕਿ ਸਿੱਖ ਲਈ ਦਸਤਾਰ ਕਿੰਨੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ, ਕੈਨੇਡਾ ਵਿਚ ਪੁਲੀਸ ਤੇ ਫ਼ੌਜ ਵਿਚ ਸਿੱਖ ਦਸਤਾਰ ਸਜ਼ਾ ਸਕਦੇ ਹਨ ਤੇ ਪੱਗਾਂ ਬੰਨ੍ਹ ਕੇ ਮੋਟਰਸਾਈਕਲ ਚਲਾ ਸਕਦੇ ਹਨ ਤਾਂ ਭਾਰਤ ਦੇ ਜੱਜ ਨੂੰ ਵੀ ਇਸ ਸੰਦਰਭ ਵਿਚ ਫੈਸਲੇ ਲੈਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਦਸਤਾਰ ਸਿਰਫ਼ ਸਿਰ ਢੱਕਣ ਦੇ ਲਈ ਇਹ ਸਿੱਖ ਦੀ ਵੱਖਰੀ ਹੋਂਦ ਦਾ ਚਿੰਨ੍ਹ ਹੈ, ਜਿਸ ਨੂੰ ਕੇਸ ਕਕਾਰ ਦਾ ਹਿੱਸਾ ਕਰਾਰ ਦਿੱਤਾ ਗਿਆ ਹੈ। ਇਸ ਨੂੰ ਸਿੱਖ ਆਪਣੇ ਆਪ ਤੋਂ ਅਲੱਗ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਇਸ ਸੰਬੰਧ ਵਿਚ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤੇ ਦ੍ਰਿੜ੍ਹਤਾ ਨਾਲ ਕਾਨੂੰਨੀ ਜੰਗ ਲੜਨੀ ਚਾਹੀਦੀ ਹੈ।

# ਸਿੱਖਾਂ, ਦਲਿਤਾਂ, ਮੁਸਲਮਾਨਾਂ ਅਤੇ ਇਸਾਈਆਂ ਦੇ ਸ਼ੋਸ਼ਣ ਵਿਰੁਧ ਭਾਰਤੀ ਅੰਬੈਸੀ ਦੇ ਸਾਹਮਣੇ ਰੋਸ ਮੁਜ਼ਾਹਰਾ

**ਵਾਸ਼ਿੰਗਟਨ ਡੀਸੀ/ਹੁਸਨ ਲੜੋਆ ਬੰਗਾ:**
ਵਾਸਿੰਗਟਲ ਡੀਸੀ ਵਿਚ ਭਾਰਤੀ ਅੰਬੈਸੀ ਦੇ ਸਾਹਮਣੇ ਜਿਥੇ ਗਾਂਧੀ ਦਾ ਬੁੱਤ ਲੱਗਾ ਸੀ ਮੁਜ਼ਾਹਰਾ ਕੀਤਾ ਗਿਆ ਅਤੇ ਭਾਰਤ ਸਰਕਾਰ ਖਿਲਾਫ਼ ਸਿੱਖਾਂ, ਦਲਿਤਾਂ, ਮੁਸਲਮਾਨਾਂ ਅਤੇ ਇਸਾਈਆਂ ਦੇ ਹੁੰਦੇ ਸ਼ੋਸ਼ਣ ਬਾਰੇ ਰੋਸ ਪ੍ਰਗਟਾਇਆ। ਇਸ ਸੰਘਰਸ਼ ਦੀ ਅਗਵਾਈ ਅਲਾਇੰਸ ਫਾਰ ਜਸਟਿਸ ਐਂਡ ਅਕਾਊਂਟਬਿਲਟੀ ਨੇ ਕੀਤੀ। ਇਸ ਭਾਰੀ ਇਕੱਠ ਵਿਚ ਸਿੱਖ, ਕਸ਼ਮੀਰੀ, ਤਾਮਿਲ,




ਨਾਗਾ, ਦਲਿਤ ਦੇ ਹਜ਼ਾਰਾਂ ਕਾਰਕੁੰਨਾਂ ਨੇ ਹਿੱਸਾ ਲਿਆ। ਭਾਰਤ ਅੰਦਰ ਦਲਿਤਾਂ 'ਤੇ ਹੋ ਰਹੇ ਜ਼ੁਲਮਾਂ ਦੀ ਦਾਸਤਾਨ ਨੂੰ ਉਜਾਗਰ ਕੀਤਾ ਗਿਆ। ਇਸ ਮੌਕੇ ਆਗੂਆਂ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਅਤੇ ਦਿੱਲੀ ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਜਦੋਂ ਤੱਕ ਸਜ਼ਾ ਨਹੀਂ ਮਿਲਦੀ, ਸਿੱਖ ਕਦੇ ਵੀ ਆਰਾਮ ਨਾਲ ਨਹੀਂ ਬੈਠਣਗੇ। ਲੋਕ ਭਾਰਤ ਵਿਚ ਔਰਤਾਂ ਉਤੇ ਜਿਨਸੀ ਹਿੰਸਾ ਅਤੇ ਵਿਸ਼ੇਸ਼ ਤੌਰ 'ਤੇ ਬਲਾਤਕਾਰ ਦੇ ਘਿਨਾਉਣੇ ਮਾਮਲਿਆਂ ਤੋਂ

HOTHI FREIGHTLINES
HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਪੰਥ ਭਾਰਤੀ ਜੱਜਾਂ ਦੀਆਂ ਦਸਤਾਰ ਮਾਮਲੇ ਤੋਂ ਵੀ ਵੱਧ ਗੰਭੀਰ ਟਿੱਪਣੀਆਂ ਬਾਰੇ ਖਾਮੋਸ਼ ਕਿਉਂ ?

**ਸਿੱਖ ਸਿਆਸਤ ਬਿਊਰੋ**

ਦਸਤਾਰ ਮਾਮਲੇ 'ਤੇ ਭਾਰਤੀ ਸੁਪਰੀਮ ਕੋਰਟ ਦੇ ਜੱਜਾਂ ਦੀਆਂ ਟਿੱਪਣੀਆਂ ਦਾ ਤਾਂ ਭਾਵੇਂ 'ਭਾਰਤੀ ਮੁੱਖ ਧਾਰਾ ਦੇ ਵਹਿਣ ਵਿੱਚ ਰਹਿਣ' ਵਾਲੇ ਸਿੱਖ ਆਗੂਆਂ ਨੇ ਬੜੀ ਤੇਜ਼ੀ ਨਾਲ ਫੜੀਆਂ ਤੇ ਇਨ੍ਹਾਂ ਦੀ ਨਿਖੇਧੀ ਵੀ ਕੀਤੀ ਪਰ ਇਸ ਤੋਂ ਵੱਧ ਗੰਭੀਰ ਮਾਮਲੇ 'ਤੇ ਜੋ ਇਸ ਤੋਂ ਵੀ ਵੱਧ ਗਲਤ ਟਿੱਪਣੀਆਂ ਭਾਰਤੀ ਸੁਪਰੀਮ ਕੋਰਟ ਦੇ ਜੱਜਾਂ ਨੇ ਕੀਤੀਆਂ ਹਨ ਉਨਹਾਂ ਬਾਰੇ ਹਾਲੀ ਇਨ੍ਹਾਂ ਆਗੂਆਂ ਵਿੱਚੋਂ ਕੋਈ ਨਹੀਂ ਬੋਲ ਰਿਹਾ। ਉਹ ਟਿੱਪਣੀਆਂ ਪੰਥਕ ਮੁੱਖ ਧਾਰਾ ਨੇ ਵੀ ਪਤਾ ਨਹੀਂ ਕਿਉਂ ਹਾਲ ਦੀ ਘੜੀ ਅਣਗੌਲੀਆਂ ਹੀ ਕੀਤੀਆਂ ਹੋਈਆਂ ਹਨ। ਵਿਵਾਦਤ ਫਿਲਮ ਨਾਨਕ ਸ਼ਾਹ ਫਕੀਰ ਨੂੰ ਚਲਵਾਉਣ ਲਈ ਫਿਲਮ ਦਾ ਨਿਰਮਾਤਾ ਹਰਿੰਦਰ ਸਿੱਕਾ ਭਾਰਤੀ ਸੁਪਰੀਮ ਕੋਰਟ ਵਿੱਚ ਚਲਾ ਗਿਆ। ਭਾਵੇਂ ਕਿ 12 ਅਪਰੈਲ ਦੀ ਸੁਣਵਾਈ ਦੌਰਾਨ ਭਾਰਤੀ ਸੁਪਰੀਮ ਕੋਰਟ ਦੇ ਜੱਜਾਂ ਇਸ ਫਿਲਮ ਦੇ ਮਾਮਲੇ ਵਿੱਚ ਸਿੱਖਾਂ ਦੇ ਸਰੋਕਾਰਾਂ ਨੂੰ ਛਿੱਕੇ 'ਤੇ ਟੰਗ ਦਿੱਤਾ ਗਿਆ ਸੀ ਤੇ ਇਹ ਕਿਹਾ ਗਿਆ ਸੀ ਕਿ ਜਦੋਂ ਭਾਰਤ ਦੇ ਫਿਲਮਾਂ ਨੂੰ ਪਰਮਾਣ ਪੱਤਰ ਜਾਰੀ ਕਰਨ ਵਾਲੀ ਸੰਸਥਾ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ' ਨੇ ਕਿਸੇ ਫਿਲਮ ਨੂੰ ਜਾਰੀ ਕਰਨ ਦਾ ਪਰਮਾਣ ਪੱਤਰ ਦੇ ਦਿੱਤਾ ਹੈ ਤਾਂ ਕਿਸੇ ਵੀ 'ਨਿੱਜੀ ਸੰਸਥਾ' ਨੂੰ ਕੋਈ ਹੱਕ ਨਹੀਂ ਹੈ ਕਿ ਉਹ ਇਸ ਉੱਤੇ ਰੋਕ ਲਾਵੇ। ਇੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਨੂੰ ਨਿੱਜੀ ਸੰਸਥਾ' ਕਹਿ ਕੇ ਭਾਰਤੀ ਅਦਾਲਤ ਦੇ ਜੱਜਾਂ ਨੇ ਸਿੱਖਾਂ ਦੀ ਹਸਤੀ ਨੂੰ ਮੰਨਣ ਤੋਂ ਇਨਕਾਰ ਕੀਤਾ ਸੀ। ਅਦਾਲਤ ਨੇ ਸਰਕਾਰਾਂ ਨੂੰ ਇਸ ਮਾਮਲੇ ਵਿੱਚ ਅਮਨ ਕਾਨੂੰਨ ਬਣਾਈ ਰੱਖਣ ਦੀ ਤਕੀਦ ਕਰਕੇ ਸਿੱਖਾਂ 'ਤੇ ਡੰਡਾ ਚਲਾਉਣ ਦੀ ਅਸਿੱਧੀ ਪਰਵਾਨਗੀ ਦਿੱਤੀ ਸੀ। ਹਾਲਾਂਕਿ ਇਹ ਟਿੱਪਣੀਆਂ ਵੀ ਘੱਟ ਗੰਭੀਰ ਨਹੀਂ ਸਨ ਪਰ 16 ਅਪਰੈਲ ਦੀ ਸੁਣਵਾਈ ਦੌਰਾਨ ਮਾਮਲਾ ਬਹੁਤ ਹੀ ਗੰਭੀਰ ਬਣ ਗਿਆ। ਭਾਵੇਂ ਕਿ 16 ਅਪਰੈਲ ਦੀ ਲਿਖਤੀ ਕਾਰਵਾਈ ਸਿਰਫ ਇਕ ਸਤਰ ਦੀ ਹੈ ਕਿ ਮਾਮਲਾ ਅਗਲੀ ਕਿਸ ਤਰੀਕ ਨੂੰ ਸੁਣਿਆ ਜਾਵੇਗਾ ਪਰ ਦਰਤਾਰ ਵਾਲੇ ਮਾਮਲੇ ਦੀ ਸੁਣਵਾਈ ਵਾਙ ਹੀ ਜੱਜਾਂ ਨੇ ਅਦਾਲਤੀ ਕਾਰਵਾਈ ਦੌਰਾਨ ਜੋ ਟਿੱਪਣੀਆਂ ਕੀਤੀਆਂ ਉਹ ਬਹੁਤ ਘਾਤਕ ਹਨ। ਭਾਰਤੀ ਸੁਪਰੀਮ ਕੋਰਟ ਦੇ ਜੱਜ ਚੰਦਰਚੂੜ ਨੇ ਕਿਹਾ ਕਿ ਇਕ ਧਰਮ ਨੂੰ ਇਸ ਗੱਲ ਤੱਕ ਸੰਕੋਚ ਕੇ ਨਹੀਂ ਰੱਖਿਆ ਜਾ ਸਕਦਾ ਕਿ ਉਸ ਦਾ ਇਕ ਮਾਤਰ ਪ੍ਰਗਟਾਵਾ ਸਿਰਫ "ਇੱਕ ਕਿਤਾਬ" ਤੱਕ ਸੀਮਤ ਹੋਣਾ ਚਾਹੀਦਾ ਹੈ' (ਏ ਰਿਲੀਜ਼ਨ ਕੈਨ ਨੌਟ ਬੀ ਐਡੇਮੈਂਟ ਦੈਟ ਇਟਸ ਸੋਲ ਪੋਟਰੇਅਲ ਸ਼ੁੱਡ ਬੀ ਕਨਫਾਈਨਡ ਟੂ ਜਸਟ ਵਨ ਬੁੱਕ') ਸਰੋਤ: ਉਹੀ ਸਿੱਖਾਂ ਦੇ ਗੁਰੂ, ਗੁਰੂ ਗ੍ਰੰਥ ਸਾਹਿਬ, ਜਿਸ ਨੂੰ ਭਾਰਤੀ ਅਦਾਲਤ ਵੀ ਪ੍ਰਤੱਖ ਗੁਰੂ (ਲਿਵੰਗ ਗੁਰੂ) ਤਸਲੀਮ ਕਰ ਚੁੱਕੀ ਹੈ ਬਾਰੇ ਅਜਿਹੀ ਟਿੱਪਣੀ ਨਾ-ਕਾਬਲੇ ਬਰਦਾਸ਼ਤ ਹੈ।

> ## ਪੱਗ ਤੇ ਪੱਗ
>
> 8-10 ਦਿਨ ਪਹਿਲਾਂ ਭਾਰਤ ਦੁ ਉਘੇ ਅਖ਼ਬਾਰਾਂ ਦ ਹਿੰਦੂ , ਇੰਡੀਅਨ ਅਕਸਪ੍ਰੈਸ, ਲਾਈਵ ਲਾਅ ਸਮੇਤ ਕਈਆਂ ਨੇ ਵਡੀਆਂ ਖਬਰਾਂ ਛਾਪੀਆਂ ਕਿ ਵਡੀ ਅਦਾਲਤ ਦੇ ਵਡੇ ਨਿਆਈ ਨੇ ਬੋਲ ਕਿਹਾ ਕਿ ਮਸਲਾ ਏਨਾ ਸੀ ਫਿਲਮ ਦੀ ਪੇਸਕਾਰੀ ਠੀਕ ਹੈ ਕਿ ਨਹੀ। ਜਦੋ ਫਿਲਮ ਬੋਰਡ ਨੇ ਪਰਵਾਨਾ ਲਿਖਤਾ ਅਤੇ ਸਰਕਾਰ ਇਨਾਮ ਦੇਤਾ ਫਿਰ ਹੋਰ ਕੋਈ ਕਿਵੇ ਕੁਝ ਕਹਿ ਸਕਦੈ ? ਭਾਰਤੀ ਸਿਨੇਮੇ ਕਾਨੂੰਨ ਅਨੁਸਾਰ ਸਭ ਸਹੀ ਹੈ। ਬਸ, ਜਿਹੜਾ ਕਲਾਕਾਰ ਰੋਲ ਕਰੇ ਉਹ ਮਸਹੂਰੀ ਨਾ ਲਵੇ। ਕੋਲ ਬੈਠੇ ਵਡੇ ਵਕੀਲ ਜੇਠਮਲਾਨੀ ਨੇ ਵੀ ਹਾਮੀ ਭਰੀ।

ਇਸੇ ਦਿਨ ਭਾਰਤੀ ਸੁਪਰੀਮ ਕੋਰਟ ਦੇ ਵਿਵਾਦਤ ਮੁੱਖ ਜੱਜ ਨੇ ਕਿਹਾ ਕਿ "ਇਹ ਉਹ ਖੇਤਰੀ ਫਿਲਮ ਹੈ ਜਿਸ ਨੇ ਰਾਸ਼ਟਰੀ ਏਕਤਾ' ਦਾ 'ਰਾਸ਼ਟਰੀ ਇਨਾਮ' ਜਿੱਤਿਆ ਹੈ, ਅਜਿਹਾ ਸਿਰਫ ਇੱਕ ਹੀ ਇਨਾਮ ਹੈ੩ ਇਹ ਕੋਈ ਆਮ ਇਨਾਮ ਨਹੀਂ ਹੈ"। ਇਕ ਧਿਰ ਵਲੋਂ ਆਪੂ ਘੜੇ ਇਨਾਮ ਨੂੰ ਇੰਨੀ ਵੱਡੀ ਗੱਲ ਬਣਾ ਕੇ ਪੇਸ਼ ਕਰਨ ਵਾਲਾ ਮੁੱਖ ਜੱਜ ਦੀਪਕ ਮਿਸ਼ਰਾ ਸਿੱਖੀ ਸਿਧਾਂਤਾਂ ਨੂੰ ਰੱਦ ਕਰਦਿਆਂ ਕਹਿੰਦਾ ਹੈ: "ਇਸ ਮਾਮਲੇ ਵਿੱਚ ਮਸਲਾ ਇਹ ਨਹੀਂ ਸੀ ਕਿ ਸਿੱਖੀ ਦੇ ਬੁਨਿਆਦੀ ਸਿਧਾਂਤ ਕੀ ਕਹਿੰਦੇ ਹਨ, ਬਲਕਿ (ਮਾਮਲਾ ਇਹ ਹੈ) ਕਿ ਕੀ ਫਿਲਮ ਨੇ ਸਿਨੇਮਾਕਾਰੀ ਕਾਨੂੰਨ ਦੀਆਂ ਮੱਦਾਂ ਦੀ ਉਲੰਘਣਾ ਕੀਤੀ ਹੈ ਜਾਂ ਨਹੀਂ" (ਦਾ ਇਸ਼ੂ ਇਨ ਦਾ ਕੇਸ ਵਾਜ਼ ਨੌਟ ਦਾ ਇਸੈਨਸੀਅਲ ਫੀਚਰਜ਼ ਆਫ ਸਿੱਖਇਜ਼ਮ, ਬਟ ਇਨਸਟੈਡ, ਵੈਦਰ ਦਿਸ ਮੂਵੀ ਹੈਜ਼ ਵਾਇਲੇਟਿਡ ਦਾ ਪ੍ਰੋਵਿਜ਼ਨਸ ਆਪ ਦਾ ਸਿਨੇਮੈਟੋਗਰਾਫੀ ਐਕਟ) ਸਰੋਤ: ਦਾ ਹਿੰਦੂ, ਵੈਬਸਾਈਟ, 16 ਅਪਰੈਲ, ਨਵੀਂ ਦਿੱਲੀ, 7:38 ਸ਼ਾਮ)।

ਇਸ ਮਾਮਲੇ ਵਿੱਚ ਵਕੀਲ ਰਾਮ ਜੇਠਮਲਾਨੀ ਵੀ ਪਿੱਛੇ ਨਹੀਂ ਰਿਹਾ ਤੇ ਉਸ ਨੇ ਕਿਹਾ ਕਿ "ਇਕ ਧਾਰਮਕ ਮਨਾਹੀ ਅਤੇ ਨੇਮ ਨੂੰ (ਕਿ ਕੋਈ ਵੀ ਮਨੁੱਖ ਗੁਰੂ ਸਾਹਿਬਾਨ ਦੀ ਨਕਲ ਨਹੀਂ ਲਾਹ ਸਕਦਾ) ਨੂੰ ਕਾਨੂੰਨੀ ਮਨਾਹੀ ਦੀ ਪੱਧਰ ਤੱਕ ਨਹੀਂ ਲਿਆਂਦਾ ਜਾ ਸਕਦਾ੩ ਬੰਦੇ ਗੁਰੂ ਦੀ ਨਕਲ ਲਾਹ ਰਹੇ ਹਨ੩ ਇਹਦੇ ਵਿੱਚ ਐਡੀ ਕਿਹੜੀ ਗੱਲ ਹੋ ਗਈ ?" (ਏ ਰਿਲੀਜੀਅਸ ਇਨਜੰਕਸ਼ਨ ਕੈਨ ਨੌਟ ਬੀ ਕਨਵਰਟਿਡ ਇਨ ਟੂ ਏ ਲੀਗਲ ਇਨਜੰਕਸ਼ਨ੩ ਹਿਊਮਨ ਬੀਂਗਸ ਆਰ ਪੋਟਰੇਇੰਗ ਦਾ ਗੁਰੂ੩ ਸੋ ਵੱਟ ?) (ਸਰੋਤ: ਉਹੀ)ਮੁੱਖ ਜੱਜ ਦੀਪਕ ਮਿਸ਼ਰਾ ਨੇ ਅੱਗੇ ਕਿਹਾ ਕਿ "ਗੁਰੂ ਸਾਹਿਬ ਦੀ ਨਕਲ ਲਾਹੁਣ ਵਾਲੇ ਬੰਦੇ ਨੂੰ ਇਸ ਗੱਲ ਦੀ ਵਡਿਆਈ ਨਾਲ ਲੈਣ ਦਿਓ। ਉਸ ਨੂੰ ਗੁਮਨਾਮ ਬੰਦਾ ਰਹਿਣ ਦਿਓ।" (ਲੈਟ ਦਾ ਐਕਟਰ ਪਲੇਇੰਗ ਦਾ ਗੁਰੂ ਨੌਟ ਟੇਕ ਕਰੈਡਿਟ। ਲੈਟ ਇਟ ਬੀ ਐਨ ਐਬਸਟਰੈਕਟ ਪਰਸਨ) (ਸਰੋਤ: ਉਹੀ)।

ਇਹ ਟਿੱਪਣੀਆਂ ਨਾ ਤਾਂ ਸਧਾਰਨ ਹਨ ਤੇ ਨਾ ਹੀ ਦਸਤਾਰ ਮਾਮਲੇ ਵਿੱਚ ਕੀਤੀਆਂ ਟਿੱਪਣੀਆਂ ਵਰਗੀ ਟਿੱਚਰ ਹਨ। ਇਨ੍ਹਾਂ ਪਿੱਛੇ ਸਿੱਖਾਂ ਦਾ 'ਵਿਸ਼ਵਾਸ਼-ਨਾਸ਼' ਕਰਨ ਦੀ ਭਾਵਨਾ ਸਾਫ ਨਜ਼ਰ ਆ ਰਹੀ ਹੈ। ਸਾਰਾ ਸਿੱਖ ਸਿਧਾਂਤ, ਸਿੱਖ ਪਰੰਪਰਾ ਰੱਦੀ ਜਾ ਰਹੀ ਹੈ ਤੇ ਕੋਮਲ ਸਿੱਖ ਭਾਵਨਾਵਾਂ ਦੀ ਬੇਕਿਰਕੀ ਨਾਲ ਦਰੜਿਆ ਜਾ ਰਿਹਾ ਹੈ। ਨਾ ਤਾਂ ਇਸ ਵਿਵਾਦ ਨੂੰ ਸਹੇੜਨ ਲਈ ਦਬਾਅ ਬਣਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਮੁਖੀ ਸੁਖਬੀਰ ਸਿੰਘ ਤੇ ਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੁਝ ਬੋਲ ਰਹੇ ਹਨ ਅਤੇ ਦਸਤਾਰ ਮਾਮਲੇ ਵਿੱਚ ਹੋਈਆਂ ਟਿੱਪਣੀਆਂ ਤੋਂ ਬਾਅਦ ਉਸ ਮਾਮਲੇ ਚ ਸੁਪਰੀਮ ਕੋਰਟ ਵਿੱਚ ਧਿਰ ਵੱਜੋਂ ਸ਼ਾਮਲ ਹੋਣ ਦਾ ਐਲਾਨ ਕਰਨ ਵਾਲੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਫਿਲਮ ਮਾਮਲੇ ਵਿੱਚ ਧਿਰ ਹੋਣ ਦੇ ਬਾਵਜੂਦ ਵੀ ਮੂੰਹ ਵਿੱਚ ਘੁੰਗਣੀਆਂ ਪਾਈ ਬੈਠੇ ਹਨ। ਪੰਥਕ ਮੁੱਖ ਧਾਰਾ ਵੀ ਇਸ ਮਾਮਲੇ ਵਿੱਚ ਹਾਲ ਦੀ ਘੜੀ ਖਾਮੋਸ਼ ਹੈ। ਜਿਸ ਤਰ੍ਹਾਂ ਦਾ ਮਾਹੌਲ ਭਾਰਤੀ ਉੱਪ-ਮਹਾਂਦੀਪ ਦਾ ਉੱਭਰ ਰਿਹਾ ਹੈ ਤੇ ਜਿਸ ਤਰ੍ਹਾਂ ਦੀ ਹਾਲਤ ਵਿੱਚ ਸਿੱਖ ਇੱਥੇ ਘਿਰੇ ਹੋਏ ਹਨ, ਇਨ੍ਹਾਂ ਟਿੱਪਣੀਆਂ ਨੂੰ ਅਣਗੌਲਿਆਂ ਕਰਨ ਦੇ ਗੰਭੀਰ ਨਤੀਜੇ ਸਜਿਹੇ ਹੀ ਕਿਆਸੇ ਜਾ ਸਕਦੇ ਹਨ।

ਭਾਰਤੀ ਜੱਜ ਦੀ ਅੱਜ ਦੇ ਦਿਨ ਸਾਖ ਸਤਹੀ ਪੱਧਰ ਤੋਂ ਉਤਾਂਹ ਨਹੀਂ ਹੈ ਤੇ ਮੁੱਖ ਜੱਜ ਆਪ ਹੀ ਵਿਵਾਦਾਂ ਦੇ ਘੇਰੇ ਵਿੱਚ ਹੈ। ਭਾਰਤੀ ਮੁੱਖ ਧਾਰਾ ਦੇ ਕਈ ਹਿੱਸੇ ਅਦਾਲਤਾਂ ਦੀ ਕਾਰਗੁਜ਼ਾਰੀ ਤੇ ਜਰਜ਼ਰੇਪਣ ਉੱਤੇ ਸਵਾਲ ਚੁੱਕ ਰਹੇ ਹਨ ਅਜਿਹੇ ਸਮੇਂ ਤਾਂ ਭਾਰਤੀ ਮੁੱਖ ਧਾਰਾ ਦੇ ਵਹਿਣ ਵਿੱਚ ਵਿਚਰਣ ਵਾਲੀਆਂ ਸਿੱਖ ਧਿਰਾਂ 'ਤੇ ਵੀ ਕੋਈ ਦਬਾਅ ਨਹੀਂ ਹੋਣਾ ਚਾਹੀਦਾ ਕਿ ਉਹ ਇੰਨੀਆਂ ਗੰਭੀਰ ਟਿੱਪਣੀਆਂ ਨੂੰ ਉੱਚੀ ਸੁਰ ਵਿੱਚ ਰੱਦ ਨਾ ਕਰਨ। ਸਿੱਖਾਂ ਲਈ ਗੁਰੂ ਅੱਵਲ ਹੈ ਤੇ ਗੁਰੂ ਦਾ ਸਤਿਕਾਰ ਕਦੇ ਕਿਸੇ ਹੋਰ ਸੋਰਕਾਰ ਸਾਹਮਣੇ ਦੋਮ ਨਹੀਂ ਹੋ ਸਕਦਾ। ਪੰਥ ਜੀ ਭਾਰਤੀ ਜੱਜਾਂ ਨੂੰ ਉਨ੍ਹਾਂ ਦਾ ਹੱਦ ਦੱਸਣ ਦਾ ਵੇਲਾ ਹੈ ਇਸ ਮੌਕੇ ਚੁੱਪ ਨਾ ਰਹੋ।

# ਭਾਈ ਹਰਮਿੰਦਰ ਸਿੰਘ ਮਿੰਟੂ ਦਾ ਸਟੇਟ ਦੀ ਸਿੱਧੀ ਸਾਜ਼ਿਸ਼ ਤਹਿਤ ਕਤਲ

**ਐਡਵੋਕੇਟ ਜਸਪਾਲ ਸਿੰਘ ਮੰਝਪੁਰ**
(ਫੋਨ ਸੰਪਰਕ: 0091-985-540-1843),
ਜਿਲ੍ਹਾ ਕਚਹਿਰੀਆਂ, ਲੁਧਿਆਣਾ।



ਭਾਈ ਹਰਮਿੰਦਰ ਸਿੰਘ ਮਿੰਟੂ ਦੀ ਕੇਂਦਰੀ ਜੇਲ੍ਹ, ਪਟਿਆਲਾ ਵਿਚ ਮੌਤ ਦੀ ਖਬਰ ਆਈ ਤਾਂ ਹਿਰਦਾ ਵਲੂੰਧਰਿਆ ਗਿਆ। ਕੈਨੇਡਾ ਆਉਂਣ ਤੋਂ ਪਹਿਲਾਂ ਜਦੋਂ 9 ਅਪਰੈਲ 2018 ਦਿਨ ਸੋਮਵਾਰ ਨੂੰ ਉਹਨਾਂ ਦੀ ਮੁਲਾਕਾਤ ਕਰਨ ਕੇਂਦਰੀ ਜੇਲ੍ਹ ਪਟਿਆਲਾ ਗਿਆ ਸੀ ਤਾਂ ਉਹ ਹਮੇਸ਼ਾ ਦੀ ਤਰ੍ਹਾਂ ਚੜ੍ਹਦੀ ਕਲਾ ਵਿਚ ਮੁਸਕਰਾਉਂਦੇ ਹੋਏ ਚਿਹਰੇ ਨਾਲ ਮਿਲੇ ਪਰ ਸਿਹਤ ਪੱਖ ਤੋਂ ਢਿੱਲੇ ਨਜ਼ਰ ਆ ਰਹੇ ਸਨ। ਉਹਨਾਂ ਨੂੰ ਮੇਰੇ ਕੈਨੇਡਾ ਜਾਣ ਦੀ ਖੁਸ਼ੀ ਸੀ ਅਤੇ ਉਹਨਾਂ ਖਾਸ ਕਰਕੇ ਕਿਹਾ ਕਿ ਮੰਝਪੁਰ ਤੂੰ ਕਿਸੇ ਨਾਲ ਵੀ ਕਾਨੂੰਨ ਤੋਂ ਬਾਹਰ ਦੀ ਗੱਲ ਨਹੀਂ ਕਰਨੀ ਅਤੇ ਵਕਾਲਤ ਦੀਆਂ ਹੱਦਾਂ ਵਿਚ ਰਹਿ ਕੇ ਸਭ ਨਾਲ ਮਿਲਵਰਤਨ ਰੱਖਣਾ ਹੈ ਕਿਉਂਕਿ ਸਿੰਘਾਂ ਦੇ ਕੇਸਾਂ ਦੀ ਸੁਚੱਜੀ ਪੈਰਵਾਈ ਦੀ ਲੋੜ ਹੈ।ਪਤਾ ਨਹੀਂ ਸੀ ਕਿ ਉਹਨਾਂ ਮੈਨੂੰ ਕੈਨੇਡਾ ਭੇਜ ਕੇ ਆਪ ਖੁੱਦ ਅਕਾਲ ਚਲਾਣਾ ਕਰ ਜਾਣਾ ਹੈ।ਉਹਨਾਂ ਦੱਸਿਆ ਸੀ ਕਿ ਜੇਲ੍ਹ ਡਾਕਟਰ ਨੇ ਚੈੱਕਅੱਪ ਕਰਕੇ ਉਹਨਾਂ ਦੀ ਪੀ.ਜ਼ੀ.ਆਈ ਚੰਡੀਗੜ੍ਹ ਤੋਂ ਜਾਂਚ ਕਰਵਾਉਂਣ ਲਈ ਜੇਲ੍ਹ ਸੁਪਰਡੈਂਟ ਨੂੰ ਕਈ ਵਾਰ ਲਿਖਿਆ ਹੈ ਪਰ ਜੇਲ੍ਹ ਸੁਪਰਡੈਂਟ ਰਾਜਨ ਕਪੂਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀਂ ਅਤੇ ਅੱਜ ਵੀ ਮੁਲਾਕਾਤ ਤੋਂ ਬਾਅਦ ਉਸਨੂੰ ਮਿਲਣਾ ਹੈ।

**ਮੈਡੀਕਲ ਹਿਸਟਰੀ:**

ਭਾਈ ਹਰਮਿੰਦਰ ਸਿੰਘ ਮਿੰਟੂ ਦੀ ਹਾਰਟ ਸਰਜਰੀ 2010 ਵਿਚ ਵਿਦੇਸ਼ੀ ਧਰਤੀ ਉਪਰ ਹੋਈ ਸੀ ਅਤੇ ਸਟੰਟ ਪਏ ਹੋਏ ਸਨ। ਉਹਨਾਂ ਦੀ 2014 ਵਿਚ ਗ੍ਰਿਫਤਾਰੀ ਤੋਂ ਬਾਅਦ ਵੀ ਸਮੇਂ-ਸਮੇਂ 'ਤੇ ਅਦਾਲਤਾਂ ਦੇ ਧਿਆਨ ਵਿਚ ਇਸ ਸਬੰਧੀ ਲਿਆਂਦਾ ਗਿਆ ਅਤੇ ਅਦਾਲਤਾਂ ਨੇ ਇਸ ਸਬੰਧੀ ਪੁਲਿਸ ਤੇ ਜੇਲ੍ਹ ਨੂੰ ਹਦਾਇਤਾਂ ਜਾਰੀ ਕੀਤੀਆਂ ਸਨ ਅਤੇ ਉਹਨਾਂ ਨੂੰ ਇਸ ਸਬੰਧੀ ਰਜਿੰਦਰਾ ਹਸਪਤਾਲ ਪਟਿਆਲਾ ਤੇ ਪੀ.ਜ਼ੀ.ਆਈ ਚੰਡੀਗੜ੍ਹ ਕਈ ਵਾਰ ਜਾਂਚ ਲਈ ਲਿਜਾਇਆ ਗਿਆ ਸੀ ਪਰ ਨਾਭਾ ਜੇਲ੍ਹ ਬਰੇਕ ਕੇਸ 2016 ਅਤੇ ਅਖੌਤੀ ਟਾਰਗੇਟ ਕਿਲਿੰਗ ਕੇਸਾਂ ਵਿਚ ਗ੍ਰਿਫਤਾਰੀ ਤੋਂ ਬਾਅਦ ਭਾਈ ਹਰਮਿੰਦਰ ਸਿੰਘ ਮਿੰਟੂ ਉਪਰ ਜੇਲ੍ਹ ਵਿਚ ਸਖਤੀ ਕੀਤੀ ਜਾਣ ਲੱਗੀ ਅਤੇ ਉਹਨਾਂ ਨੂੰ ਹਾਰਟ ਮਰੀਜ਼ ਵਜੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬੰਦ ਕਰ ਦਿੱਤੀਆਂ ਗਈਆਂ ਅਤੇ ਕੇਂਦਰੀ ਜੇਲ੍ਹ ਪਟਿਆਲਾ ਦੇ ਬੰਦ ਅਹਾਤੇ ਵਿਚ ਪੱਕੇ ਤੌਰ 'ਤੇ ਬੰਦ ਕਰ ਦਿੱਤਾ ਗਿਆ ਤੇ ਆਮ ਵਿਅਕਤੀ ਤੋਂ ਵੀ ਨੀਵੇਂ ਪੱਧਰ ਦੀਆਂ ਹਲਾਤਾਂ ਵਿਚ ਰੱਖਿਆ ਜਾਣ ਲੱਗਾ ਜਿਸ ਬਾਰੇ ਪਤਾ ਲੱਗਣ ਪਰ ਮੇਰੇ ਵਲੋਂ ਲੁਧਿਆਣਾ ਦੇ ਇਕ ਕੇਸ ਵਿਚ ਵੀਡਿਓ ਕਾਨਫਰੰਸਿੰਗ ਰਾਹੀਂ ਪੇਸ਼ੀ ਰਾਹੀਂ ਜੇਲ਼ ਦੇ ਡਿਪਟੀ ਸੁਪਰਡੈਂਟ ਨੂੰ ਇਸ ਸਬੰਧੀ ਕਿਹਾ ਗਿਆ ਤਾਂ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਅਗਲੇ ਦਿਨ ਹੀ ਬੰਦ ਅਹਾਤੇ ਤੋਂ ਆਮ ਬੰਦੀਆਂ ਵਿਚ ਤਬਦੀਲ ਕਰ ਦਿੱਤਾ ਗਿਆ ਤੇ ਕੁਝ ਮੈਡੀਕਲ ਸਹੂਲਤਾਂ ਵੀ ਬਹਾਲ ਕਰ ਦਿੱਤੀਆਂ ਗਈਆਂ ਪਰ ਫਿਰ ਵੀ ਜਿਹੜੀਆਂ ਹਾਲਤਾਂ ਵਿਚ ਇਕ ਹਾਰਟ ਮਰੀਜ਼ ਨੂੰ ਰੱਖਣਾ ਚਾਹੀਦਾ ਸੀ ਉਹ ਕਦੇ ਬਹਾਲ ਨਹੀਂ ਹੋਈਆਂ ਖਾਸ ਕਰ ਜੇਲ੍ਹ ਡਾਕਟਰ ਵਲੋਂ ਉਹਨਾਂ ਨੂੰ ਬਾਰ-ਬਾਰ ਪੀ.ਜ਼ੀ.ਆਈ ਚੰਡੀਗੜ੍ਹ ਰੈਫਰ ਕਰਨ ਦੇ ਬਾਵਜੂਦ ਵੀ ਉਹਨਾਂ ਨੂੰ ਪੀ.ਜ਼ੀ.ਆਈ ਚੰਡੀਗੜ੍ਹ ਨਹੀਂ ਲਿਜਾਇਆ ਗਿਆ ਜੋ ਕਿ ਉਹਨਾਂ ਦੀ ਮੌਤ ਦਾ ਤਤਕਾਲੀ ਕਾਰਨ ਬਣਿਆ।

**ਸਰਕਾਰੀ ਸਾਜ਼ਿਸ਼:**

ਭਾਈ ਹਰਮਿੰਦਰ ਸਿੰਘ ਮਿੰਟੂ ਦੀ ਮੌਤ ਨੂੰ ਦਿਲ ਦੇ ਦੌਰੇ ਨਾਲ ਜੋੜਿਆ ਜਾ ਰਿਹਾ ਹੈ ਜੋ ਕਿ ਓਪਰੀ ਨਜ਼ਰੋਂ ਦੇਖਿਆਂ ਸਹੀ ਲੱਗਦਾ ਹੈ ਪਰ ਸਹੀ ਗੱਲ ਇਹ ਹੈ ਕਿ ਦਿਲ ਦਾ ਦੌਰਾ ਪੈਣ ਲਈ ਹਲਾਤ ਪਿਛਲੇ ਸਮੇਂ ਤੋਂ ਬਣਾਏ ਜਾ ਰਹੇ ਸਨ ਕਿਉਂਕਿ ਸਭ ਨੂੰ ਪਤਾ ਸੀ ਕਿ ਭਾਈ ਹਰਮਿੰਦਰ ਸਿੰਘ ਮਿੰਟੂ ਹਾਰਟ ਦੀ ਮਰੀਜ਼ ਸੀ ਅਤੇ ਉਸਨੂੰ ਖਾਸ ਦਵਾਈਆਂ ਤੇ ਡਾਈਟ ਮੁਹੱਈਆ ਕਰਵਾਉਂਣੀ ਅਤੇ ਹਾਰਟ ਸਪੈਸ਼ਲਿਸਟ ਮਾਹਰ ਡਾਕਟਰਾਂ ਤੋਂ ਲਗਾਤਾਰ ਜਾਂਚ ਕਰਵਾਉਂਣੀ ਲਾਜ਼ਮੀ ਹੈ ਜਿਸ ਬਾਰੇ ਜੇਲ੍ਹ ਡਾਕਟਰ ਬਾਰ-ਬਾਰ ਕਹਿ ਰਿਹਾ ਸੀ ਅਤੇ ਉਸ ਵਲੋਂ ਕੀਤੀਆਂ ਜਾ ਰਹੀਆਂ ਸਿਫਾਰਸ਼ਾਂ ਨੂੰ ਜਾਣ-ਬੁੱਝ ਕੇ ਸਾਜ਼ਿਸ਼ ਤਹਿਤ ਅੱਖੋਂ ਓਹਲੇ ਕੀਤਾ ਜਾ ਰਿਹਾ ਸੀ। ਕਾਨੂੰਨੀ ਪਰਕਿਰਿਆ ਇਹ ਬਣਦੀ ਹੈ ਕਿ ਜੇਕਰ ਜੇਲ੍ਹ ਡਾਕਟਰ ਵਲੋਂ ਕਿਸੇ ਬੰਦੀ ਦਾ ਕਿਸੇ ਮਾਹਰ ਡਾਕਟਰ ਕੋਲੋਂ ਇਲਾਜ਼ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਜੇਲ੍ਹ ਸੁਪਰਡੈਂਟ ਉਸ ਸਿਫਾਰਸ਼ ਦੇ ਆਧਾਰ 'ਤੇ ਆਮ ਹਾਲਤਾਂ ਵਿਚ ਸਬੰਧ ਜਿਲ੍ਹਾ ਪੁਲਿਸ ਲਾਈਨ ਤੋਂ ਗਾਰਦ ਮੰਗਦਾ ਹੈ ਅਤੇ ਐਮਰਜੈਂਸੀ ਹਾਲਤਾਂ ਵਿਚ ਜੇਲ੍ਹ ਵਿਚ ਤਾਇਨਾਤ ਗਾਰਦ ਦੀ ਡਿਊਟੀ ਲਗਾ ਸਕਦਾ ਹੈ ਪਰ ਭਾਈ ਹਰਮਿੰਦਰ ਸਿੰਘ ਮਿੰਟੂ ਦੇ ਕੇਸ ਵਿਚ ਕਿਸੇ ਵੀ ਕਿਸਮ ਦੀ ਗਾਰਦ ਮੁਹੱਈਆ ਨਹੀਂ ਕਰਵਾਈ ਗਈ ਜਿਸ ਲਈ ਸਿੱਧੇ ਤੌਰ 'ਤੇ ਜੇਲ੍ਹ ਸੁਪਰਡੈਂਟ ਤੇ ਜਿਲ੍ਹਾ ਪੁਲਿਸ ਮੁਖੀ ਜਿੰਮੇਵਾਰ ਹਨ।

ਦੂਜੇ ਪਾਸੇ ਜੇ ਦੇਖੀਏ ਤਾਂ ਭਾਈ ਹਰਮਿੰਦਰ ਸਿੰਘ ਮਿੰਟੂ ਦੇ ਕੇਸਾਂ ਨੂੰ ਧਿਆਨ ਵਿਚ ਰੱਖਦਿਆਂ ਉਹਨਾਂ ਨੂੰ ਹਾਈ ਪਰੋਫਾਈਲ ਬੰਦੀ ਐਲਾਨਿਆ ਗਿਆ ਸੀ ਤੇ ਅਖੌਤੀ ਟਾਰਗੇਟ ਕਿਲਿੰਗ ਕੇਸਾਂ ਵਿਚ ਉਹਨਾਂ ਦੀ ਗ੍ਰਿਫਤਾਰੀ ਤੋਂ ਬਾਅਦ ਉਹਨਾਂ ਦੀ ਇਹਨਾਂ ਕੇਸਾਂ ਵਿਚ ਪਰਮੁੱਖ ਜਿੰਮੇਵਾਰੀ ਨਾਮਜ਼ਦ ਕਰਕੇ ਉਹਨਾਂ ਨੂੰ ਪੰਜਾਬ ਸਰਕਾਰ, ਪੁਲਿਸ ਤੇ ਏਜੰਸੀਆਂ ਉਹਨਾਂ ਨੂੰ ਹਰ ਪੱਖ ਤੋਂ ਖਤਮ ਕਰਨ ਲਈ ਸਾਜ਼ਿਸ਼ ਰਚ ਰਹੀਆਂ ਸਨ ਅਤੇ ਉਹਨਾਂ ਦੀ ਹਾਰਟ ਪਰੋਬਲਮ ਨੂੰ ਠੀਕ ਕਰਨ ਦੀ ਬਜਾਇ ਹੋਰ ਖਰਾਬ ਹੋਣ ਦਿੱਤਾ ਗਿਆ ਜਿਸ ਦੇ ਸਿੱਟੇ ਵਜੋਂ ਸਾਨੂੰ ਇਸ ਦੁਖਦ ਘੜ੍ਹੀ ਦਾ ਸਾਹਮਣਾ ਕਰਨਾ ਪੈ ਰਿਹਾ। ਜਿਕਰਯੋਗ ਹੈ ਕਿ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ ਅਤੇ ਇਹਨਾਂ ਸਿਆਸੀ ਕਤਲਾਂ ਲਈ ਜਿੰਮੇਵਾਰ ਖਾਲਿਸਤਾਨ ਲਿਬਰੇਸ਼ਨ ਫੋਰਸ ਨੂੰ ਦਰਸਾਇਆ ਗਿਆ ਸੀ ਜਿਸ ਤਹਿਤ ਸਰਕਾਰਾਂ, ਏਜੰਸੀਆਂ ਤੇ ਪੁਲਿਸ ਨੂੰ ਬੜੇ ਲੰਮੇ ਸਮੇਂ ਬਾਅਦ ਅਜਿਹੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਮੁਲਕ ਦੀਆਂ ਕੇਂਦਰੀ ਤੇ ਸੂਬਾਈ ਏਜੰਸੀਆਂ ਦੀ ਫਿਕਰਾਂ ਦਾ ਡਾਢਾ ਵੱਡਾ ਕਾਰਨ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਮੰਨਿਆ ਜਾ ਰਿਹਾ ਸੀ ਅਤੇ ਲੰਮੇ ਸਮੇਂ ਤੋਂ ਖਾੜਕੂ ਸੰਘਰਸ਼ ਵਿਚ ਆਈ ਖੜੋਤ ਨੂੰ ਤੋੜਣ ਦਾ ਜਿੰਮੇਵਾਰ ਵੀ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਮੰਨਦਿਆਂ ਉਹਨਾਂ ਦੇ ਕਤਲ ਦੀ ਸਾਜ਼ਿਸ਼ ਰਚੀ ਗਈ ਲੱਗਦੀ ਹੈ।ਸਾਜ਼ਿਸ ਤੌਰ 'ਤੇ ਪੰਜਾਬ ਪੁਲਿਸ ਮੁਖੀ ਤੇ ਗ੍ਰਹਿ ਮੰਤਰੀ/ਮੁੱਖ ਮੰਤਰੀ ਪੰਜਾਬ ਭਾਈ ਹਰਮਿੰਦਰ ਸਿੰਘ ਮਿੰਟੂ ਦੇ ਕਤਲ ਕਰਨ ਦੀ ਸਾਜ਼ਿਸ ਦੇ ਦੋਸ਼ੀ ਹਨ।

**ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ ਅਤੇ ਇਹਨਾਂ ਸਿਆਸੀ ਕਤਲਾਂ ਲਈ ਜਿੰਮੇਵਾਰ ਖਾਲਿਸਤਾਨ ਲਿਬਰੇਸ਼ਨ ਫੋਰਸ ਨੂੰ ਦਰਸਾਇਆ ਗਿਆ ਸੀ ਜਿਸ ਤਹਿਤ ਸਰਕਾਰਾਂ, ਏਜੰਸੀਆਂ ਤੇ ਪੁਲਿਸ ਨੂੰ ਬੜੇ ਲੰਮੇ ਸਮੇਂ ਬਾਅਦ ਅਜਿਹੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਮੁਲਕ ਦੀਆਂ ਕੇਂਦਰੀ ਤੇ ਸੂਬਾਈ ਏਜੰਸੀਆਂ ਦੀ ਫਿਕਰਾਂ ਦਾ ਡਾਢਾ ਵੱਡਾ ਕਾਰਨ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਮੰਨਿਆ ਜਾ ਰਿਹਾ ਸੀ ਅਤੇ ਲੰਮੇ ਸਮੇਂ ਤੋਂ ਖਾੜਕੂ ਸੰਘਰਸ਼ ਵਿਚ ਆਈ ਖੜੋਤ ਨੂੰ ਤੋੜਣ ਦਾ ਜਿੰਮੇਵਾਰ ਵੀ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਮੰਨਦਿਆਂ ਉਹਨਾਂ ਦੇ ਕਤਲ ਦੀ ਸਾਜ਼ਿਸ਼ ਰਚੀ ਗਈ ਲੱਗਦੀ ਹੈ।ਸਾਜ਼ਿਸ ਤੌਰ 'ਤੇ ਪੰਜਾਬ ਪੁਲਿਸ ਮੁਖੀ ਤੇ ਗ੍ਰਹਿ ਮੰਤਰੀ/ਮੁੱਖ ਮੰਤਰੀ ਪੰਜਾਬ ਭਾਈ ਹਰਮਿੰਦਰ ਸਿੰਘ ਮਿੰਟੂ ਦੇ ਕਤਲ ਕਰਨ ਦੀ ਸਾਜ਼ਿਸ ਦੇ ਦੋਸ਼ੀ ਹਨ।**

**ਦਰਜ਼ ਕੇਸ:**

ਭਾਈ ਹਰਮਿੰਦਰ ਸਿੰਘ ਮਿੰਟੂ ਉਪਰ 2014 ਤੋਂ ਹੁਣ ਤੱਕ 19 ਕੇਸ ਦਰਜ਼ ਕੀਤੇ ਜਾ ਚੁੱਕੇ ਸਨ ਅਤੇ ਹੋਰ ਵੀ ਕਈ ਨਵੇਂ ਕੇਸ ਪਾਉਂਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। ਦਰਜ਼ ਕੀਤੇ 19 ਕੇਸਾਂ ਵਿਚੋਂ 5 ਕੇਸ ਬਰੀ, 1 ਕੇਸ ਕੱਟੀ-ਕਟਾਈ ਸਜ਼ਾ ਨਾਲ ਖਤਮ, 4 ਕੇਸ ਜਮਾਨਤਾਂ ਉਪਰ ਅਦਾਲਤਾਂ ਵਿਚ ਵਿਚਾਰਅਧੀਨ, 3 ਕੇਸ ਜਮਾਨਤਾਂ ਤੋਂ ਬਿਨਾਂ ਅਦਾਲਤਾਂ ਵਿਚ ਵਿਚਾਰਅਧੀਨ ਅਤੇ 6 ਕੇਸਾਂ ਵਿਚ ਗ੍ਰਿਫਤਾਰੀ ਤੋਂ ਬਾਅਦ ਚਲਾਨ ਪੇਸ਼ ਨਹੀਂ ਸੀ ਕੀਤਾ ਗਿਆ ਸੀ। ਚੱਲ ਰਹੇ ਕੇਸਾਂ ਵਿਚ ਨਾਭਾ ਜੇਲ ਬਰੇਕ ਕੇਸ ਪਰਮੁੱਖ ਸੀ। ਭਾਵੇਂ ਕਿ ਸਰਕਾਰ ਵਲੋਂ ਭਾਈ ਹਰਮਿੰਦਰ ਸਿੰਘ ਮਿੰਟੂ ਦੀ ਮੌਤ ਲਈ ਨਿਆਂਇਕ ਜਾਂਚ ਕਰਵਾਉਂਣ ਦੀ ਗੱਲ ਕੀਤੀ ਜਾ ਰਹੀ ਹੈ ਪਰ ਭਾਰਤ ਵਿਚ ਅਜਿਹੇ ਕਮਿਸ਼ਨਾਂ ਦੇ ਹਸ਼ਰ ਤੇ ਕਾਰਵਾਈ ਬਾਰੇ ਭੇਤ ਕਿਸੇ ਕੋਲੋਂ ਗੁੱਝਾ ਨਹੀਂ ਹੈ। ਸਭ ਨੂੰ ਪਤਾ ਹੈ ਕਿ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਸਾਜ਼ਿਸ਼ ਤਹਿ ਮੌਤ ਵੱਲ਼ ਧੱਕਿਆ ਗਿਆ ਹੈ। ਸਮੁੱਚੇ ਪੰਥ ਤੇ ਖਾਸ ਕਰ ਨੌਜਵਾਨਾਂ ਨੂੰ ਸਰਕਾਰ, ਪੁਲਿਸ ਤੇ ਏਜੰਸੀਆਂ ਵਲੋਂ ਜੁਝਾਰੂਆਂ ਨੂੰ ਖਤਮ ਕਰਨ ਲਈ ਅਪਣਾਈ ਜਾ ਰਹੀ ਨਵੀਂ ਨੀਤੀ ਨੂੰ ਸਮਝ ਕੇ ਅਗਲੇਰੇ ਰਾਹ ਅਪਣਾਉਂਣ ਦੀ ਲੋੜ ਹੈ। ਦੂਜੇ ਪਾਸੇ ਸਰਕਾਰਾਂ, ਪੁਲਿਸ ਤੇ ਏਜੰਸੀਆਂ ਨੂੰ ਸਮਝਣਾ ਚਾਹੀਦਾ ਹੈ ਕਿ ਕਾਨੂੰਨ ਤੇ ਅਦਾਲਤਾਂ ਤੋਂ ਬਾਹਰ ਜਾ ਕੇ ਕੀਤੀਆਂ ਜਾ ਰਹੀਆਂ ਕਿਰਿਆਵਾਂ ਦੀਆਂ ਪ੍ਰਤੀਕਿਰਿਆਵਾਂ ਵੀ ਸੁਭਾਵਕ ਹੋ ਸਕਦੀਆਂ ਹਨ ਕਿਉਂਕਿ ਅਖਾਣ ਹੈ ਕਿ ਜਦ ਤੱਕ ਇੰਨਸਾਫ ਨਹੀਂ ਮਿਲਦਾ ਤਾਂ ਸ਼ਾਂਤੀ ਕਾਇਮ ਨਹੀਂ ਹੋ ਸਕਦੀ।

## ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਸਭਨਾਂ ਸਿੱਖਾਂ ਨੂੰ 27 ਅਪਰੈਲ ਨੂੰ ਪਿੰਡ ਡੱਲੀ ਪੁੱਜਣ ਦਾ ਸੱਦਾ

### ਭਾਈ ਹਰਮਿੰਦਰ ਸਿੰਘ ਮਿੰਟੂ ਦੀ ਸ਼ਹਾਦਤ ਬਾਅਦ ਸਮੁੱਚੀ ਸਿੱਖ ਕੌਮ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਹਿਫਾਜ਼ਤ ਲਈ ਢੁੱਕਵੇਂ ਉਪਰਾਲੇ ਕਰਦਿਆਂ ਠੋਸ ਪ੍ਰੋਗਰਾਮ ਉਲੀਕੇ

**ਲੰਡਨ/ਬਿਊਰੋ ਨਿਊਜ਼:**
ਯੁਨਾਈਟਿਡ ਖਾਲਸਾ ਦਲ ਯੂ. ਕੇ. ਨੇ ਕਿਹਾ ਹੈ ਕਿ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਹੋਏ ਖਾਲਿਸਤਾਨ ਦੀ ਜੰਗੇ ਆਜਾਦੀ ਦੇ ਜੁਝਾਰੂ ਭਾਈ ਹਰਮਿੰਦਰ ਸਿੰਘ ਮਿੰਟੂ ਦੀ ਪਟਿਆਲਾ ਜੇਲ੍ਹ ਵਿੱਚ ਹੋਈ ਸ਼ਹਾਦਤ ਤੋਂ ਬਾਅਦ ਸਮੁੱਚੀ ਸਿੱਖ ਕੌਮ ਨੂੰ ਵੱਖ ਵੱਖ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਹਿਫਾਜ਼ਤ ਲਈ ਢੁੱਕਵੇਂ ਉਪਰਾਲੇ ਅਤੇ ਠੋਸ ਪ੍ਰੋਗਰਾਮ ਉਲੀਕਣ ਦੀ ਜਰੂਰਤ ਹੈ। ਗੌਰ ਤਲਬ ਹੈ ਕਿ ਭਾਈ ਹਰਮਿੰਦਰ ਸਿੰਘ ਮਿੰਟੂ ਦੀ ਸ਼ਹਾਦਤ ਪਟਿਆਲਾ ਦੇ ਜੇਲ੍ਹ ਪ੍ਰਸਾਸ਼ਨ ਅਤੇ ਸਰਕਾਰੀ ਏਜੰਸੀਆਂ ਦੀ ਮਿਲੀ ਭੁਗਤ ਨਾਲ ਹੋਈ ਹੈ । ਇਸੇ ਦੌਰਾਨ ਭਾਈ ਜਗਤਾਰ ਸਿੰਘ ਤਾਰਾ ਵਲੋਂ ਜਾਨੀ ਨੁਕਸਾਨ ਦਾ ਖਦਸ਼ਾ ਪ੍ਰਗਟਾਇਆ ਗਿਆ ਹੈ ਜਿਸ ਬਾਰੇ ਉਹਨਾਂ ਦੇ ਵਕੀਲ ਵਲੋਂ ਬਕਾਇਦਾ ਅਦਾਲਤ ਵਿੱਚ ਲਿਖਤੀ ਸ਼ਿਕਦਰਜ ਕਰਵਾਈ ਗਈ ਹੈ । ਇਸੇ ਤਰ੍ਹਾਂ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਭਾਈ ਦਇਆ ਸਿੰਘ ਲਾਹੌਰੀਆ ਅਤੇ ਭਾਈ ਜਗਤਾਰ ਸਿੰਘ ਹਵਾਰਾ ਵੀ ਸਿਹਤ ਪੱਖੋਂ ਠੀਕ ਨਹੀਂ ਹਨ । ਜੇਲ੍ਹ ਅਧਿਕਾਰੀ ਇਨ੍ਹਾਂ ਸਿੰਘਾਂ ਦਾ ਢੁੱਕਵਾਂ ਇਲਾਜ ਨਹੀਂ ਕਰਵਾ ਰਹੇ ਬਲਕਿ ਅਦਾਲਤੀ ਹੁਕਮਾਂ ਤੇ ਵੀ ਅਮਲ ਨਹੀਂ ਕੀਤਾ ਗਿਆ । ਇਸ ਕਰਕੇ ਖਾਲਿਸਤਾਨ ਦੀ ਜੰਗੇ ਅਜਾਦੀ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਸਮੂਹ ਬੰਦੀ ਸਿੰਘਾਂ ਦੀ ਹਿਫਾਜ਼ਤ ਲਈ ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰਾਂ ਦੀਆਂ ਅਲੰਬਰਦਾਰ ਜਥੇਬੰਦੀਆਂ ਨੂੰ ਇੱਕਜੁਟ ਹੋ ਕੇ ਸਾਰਥਕ ਉਪਰਾਲਾ ਕਰਨ ਦੀ ਜਰੂਰਤ ਹੈ ।

ਯੁਨਾਈਟਿਡ ਖਾਲਸਾ ਦਲ ਦੇ ਜਰਨਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਖਦਸ਼ਾ ਜਾਹਰ ਕੀਤਾ ਗਿਆ ਕਿ ਭਾਰਤ ਸਰਕਾਰ ਨੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕਰਨ ਮਗਰੋਂ ਹੁਣ ਉਹਨਾਂ ਨੂੰ ਜੇਹਲਾਂ ਵਿੱਚ ਖਤਮ ਕਰਨ ਲਈ ਨਵਾਂ ਤਰੀਕਾ ਲੱਭ ਲਿਆ ਹੈ । ਖਲਿਸਤਾਨ ਦੇ ਨਿਸ਼ਾਨੇ ਨੂੰ ਪ੍ਰਨਾਈ ਜਥੇਬੰਦੀ ਵਲੋਂ ਭਾਈ ਹਰਮਿੰਦਰ ਸਿੰਘ ਮਿੰਟੂ ਦੀ ਸ਼ਹਾਦਤ ਨੂੰ ਕੇਸਰੀ ਪ੍ਰਣਾਮ ਕਰਦਿਆਂ ਉਸ ਵਲੋਂ ਸਿੱਖ ਕੌਮ ਪ੍ਰਤੀ ਕੀਤੀਆਂ ਸੇਵਾਵਾਂ ਦੀ ਹਾਰਦਿਕ ਪ੍ਰਸੰਸਾ ਕੀਤੀ ਗਈ । ਸਮਾਂ ਸੰਘਰਸ਼ ਵਿੱਚ ਯੋਗਦਾਨ ਪਾਉਂਦਿਆਂ ਅਕਿਹ ਅਤੇ ਅਸਿਹ ਕਸ਼ਟ ਸਹਾਰਦਿਆਂ ਆਪਣੇ ਸਵਾਸ ਕੌਮ ਦੀ ਅਜਾਦੀ ਪ੍ਰਤੀ ਵਾਰ ਦਿੱਤੇ । ਸਿੱਖਾਂ ਦਾ ਕੌਮੀ ਨਿਸ਼ਾਨਾ ਅਤੇ ਜਨਮ ਸਿੱਧ ਅਧਿਕਾਰ ਹੈ ਜਿਸ ਦੀ ਪੂਰਤੀ ਲਈ ਹਰ ਸਿੱਖ ਨੂੰ ਯੋਗਦਾਨ ਪਾਉਣ ਦੀ ਜਰੂਰਤ ਹੈ ।

ਯੁਨਾਈਟਿਡ ਖਾਲਸਾ ਦਲ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵਲੋਂ ਖਾਲਿਸਤਾਨ ਦੀ ਵਿਰੋਧਤਾ ਕਰਨ ਨੂੰ ਆਰ.ਐੱਸ.ਐੱਸ ਦੀ ਸੋਚ ਕਰਾਰ ਦਿੱਤਾ ਗਿਆ । ਖਾਲਿਸਤਾਨ ਦਾ ਸੰਘਰਸ਼ ਇੱਕ ਸੱਚ ਹੈ । ਵੀਹਵੀ ਸਦੀ ਦੇ ਮਹਾਨ ਸ਼ਹੀਦ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਚਲਾਈ ਹੋਈ ਦਮਦਮੀ ਟਕਸਾਲ ਦੇ ਜਥੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਸਾਨੀ ਸ਼ਹਾਦਤ ਨਾਲ ਸਿਰਜੇ ਹੋਏ ਖਾਲਿਸਤਾਨ ਦੇ ਨਿਸ਼ਾਨੇ ਰੂਪੀ ਇਸ ਸੱਚ ਦੀ ਪ੍ਰਾਪਤੀ ਸਿੱਖ ਕੌਮ ਨੂੰ ਅਵੱਸ਼ ਹੋਵੇਗੀ । ਸਿੱਖ ਗੁਰਦਆਰਿਆਂ ਤੇ ਮਹੰਤ ਨਰੈਣੂ ਦੀ ਸੋਚ ਦੇ ਵਾਰਸ ਲੋਕ ਕਾਬਜ਼ ਹੋ ਚੁੱਕੇ ਹਨ ਜਿਹਨਾਂ ਤੋਂ ਗੁਰੂ ਘਰਾਂ ਨੂੰ ਅਜਾਦ ਕਰਵਾ ਕੇ ਕੌਮੀ ਅਜਾਦੀ ਦੀ ਲਹਿਰ ਨੂੰ ਪ੍ਰਚੰਡ ਕਰਨਾ ਸਮੇਂ ਦੀ ਲੋੜ ਹੈ ।

# ਨਿਆਂਪਾਲਿਕਾ ਖ਼ੁਦ ਹੀ ਕਰੇ ਲੋਕਾਂ ਦਾ ਭਰੋਸਾ ਬਹਾਲ

**ਰਣਬੀਰ ਸਿੰਘ**
(ਲੇਖਕ ਨੈਸ਼ਨਲ ਲਾਅ ਯੂਨੀਵਰਸਿਟੀ ਦਾ ਉਪ ਕੁਲਪਤੀ ਹੈ।)



ਜਨਤਕ ਜੁਆਬਦੇਹੀ ਵਾਲੀਆਂ ਸਾਡੀਆਂ ਸੰਸਥਾਵਾਂ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਬੀਤੇ ਕੁਝ ਸਮੇਂ ਦੌਰਾਨ ਉਪਰੋਥਲੀ ਕਈ ਝਟਕੇ ਲੱਗੇ ਹਨ। ਸਿਆਸੀ ਤੇ ਨਿਆਂਇਕ ਹਲਕਿਆਂ ਵਿੱਚ, ਭਾਰਤ ਦੇ ਚੀਫ਼ ਜਸਟਿਸ ਦੇ ਵਿਹਾਰ ਦੀ ਆਲੋਚਨਾ ਦਾ ਹੀ ਨਤੀਜਾ ਹੈ ਕਿ ਰਾਜ ਸਭਾ ਦੇ ਮੈਂਬਰਾਂ ਨੇ ਚੀਫ਼ ਜਸਟਿਸ ਖ਼ਿਲਾਫ਼ ਮਹਾਦੋਸ਼ ਚਲਾਉਣ ਲਈ ਮਤਾ ਸਦਨ ਦੇ ਚੇਅਰਮੈਨ ਨੂੰ ਸੌਂਪਿਆ। ਇਹ ਮਤਾ ਚੇਅਰਮੈਨ ਨੇ ਰੱਦ ਕਰ ਦਿੱਤਾ ਹੈ। ਪਰਖ਼ ਦੀ ਇਸ ਘੜੀ ਮੌਕੇ ਚੀਫ਼ ਜਸਟਿਸ ਦੇ ਸਕੱਤਰੇਤ ਦੀ ਸਰਵਉੱਚਤਾ ਨੂੰ ਮੰਨਦਿਆਂ ਅਤੇ ਚੀਫ਼ ਜਸਟਿਸ ਦੇ ਅਹੁਦੇ ਦਾ ਸਤਿਕਾਰ ਬਰਕਰਾਰ ਰੱਖਦਿਆਂ ਹਮਾਇਤ ਵਿੱਚ ਆਵਾਜ਼ ਉੱਠੀ ਹੈ ਅਤੇ ਹੋਰ ਜੱਜਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਜਿਵੇਂ ਆਸ ਹੀ ਸੀ, ਨਿਆਂਪਾਲਿਕਾ ਵਿੱਚ ਲੋਕਾਂ ਦਾ ਵਿਸ਼ਵਾਸ ਹੋਰ ਕਮਜ਼ੋਰ ਕਰਨ ਅਤੇ ਮਹਾਦੋਸ਼ ਪ੍ਰਕਿਰਿਆ ਉੱਪਰ ਅਮਲ ਦੀ ਪਵਿੱਤਰਤਾ ਨੂੰ ਠੇਸ ਪਹੁੰਚਾਏ ਜਾਣ ਕਰ ਕੇ, ਮਹਾਦੋਸ਼ ਮਤਾ ਆਲੋਚਨਾ ਵਿੱਚ ਘਿਰ ਗਿਆ ਹੈ। ਇਹ ਦਾਅਵਾ ਕੀਤਾ ਗਿਆ ਹੈ ਕਿ ਵਿਰੋਧੀ ਧਿਰ, ਖਾਸ ਕਰ ਕੇ ਕਾਂਗਰਸ ਨੇ ਮਹਾਦੋਸ਼ ਪ੍ਰਕਿਰਿਆ ਦੀ ਨਿਆਂਇਕ ਜਵਾਬਦੇਹੀ ਲਈ ਨਹੀਂ, ਸਗੋਂ ਸਿਆਸੀ ਮੰਤਵ ਹਾਸਲ ਕਰਨ ਲਈ ਦੁਰਵਰਤੋਂ ਕੀਤੀ ਹੈ।

ਸੰਵਿਧਾਨ ਵਿੱਚ ਸੁਪਰੀਮ ਕੋਰਟ ਦੇ ਜੱਜ ਨੂੰ ਹਟਾਉਣ (ਮਹਾਦੋਸ਼ ਦਾ ਜ਼ਿਕਰ ਨਹੀਂ) ਵਾਲੇ ਮਤੇ ਉੱਤੇ ਵਿਚਾਰ ਲਈ ਕੇਵਲ ਖਾਕਾ ਉਲੀਕਿਆ ਗਿਆ ਹੈ। ਘੱਟੋ-ਘੱਟ ਸੰਸਦ ਮੈਂਬਰਾਂ ਦੀ ਹਮਾਇਤ ਨਾਲ ਮਤਾ ਪੇਸ਼ ਕਰਨ ਅਤੇ ਇਸ ਉੱਪਰ ਅੰਤਿਮ ਫ਼ੈਸਲਾ ਲਏ ਜਾਣ ਦੇ ਸਮੇਂ ਵਿਚਕਾਰ ਚੱਲਣ ਵਾਲੀ ਜਾਂਚ ਪ੍ਰਕਿਰਿਆ ਦੀ ਵਿਆਖਿਆ ਦਾ ਅਧਿਕਾਰ ਵਿਧਾਨ ਪਾਲਿਕਾ ਨੂੰ ਦਿੱਤਾ ਗਿਆ ਹੈ।

'ਜੱਜਿਸ (ਇਨਕੁਆਰੀ) ਐਕਟ 1968' ਅਤੇ 'ਜੱਜਿਸ (ਇਨਕੁਆਰੀ) ਰੂਲਜ਼ 1969' ਵਿੱਚ ਇਸ ਪ੍ਰਕਿਰਿਆ ਬਾਰੇ ਬਹੁਪਰਤੀ ਬਚਾਓ ਵਿਵਸਥਾ ਮੁਹੱਈਆ ਕਰਵਾਈ ਗਈ ਹੈ ਤਾਂ ਕਿ ਜੱਜ ਨੂੰ ਇਸ ਪ੍ਰਕਿਰਿਆ ਦੀ ਸਿਆਸੀ ਮਾਰ ਤੋਂ ਸੁਰੱਖਿਅਤ ਕੀਤਾ ਜਾ ਸਕੇ। ਇੱਕ ਵਾਰ ਜਦੋਂ ਘੱਟੋ-ਘੱਟ 50 ਸੰਸਦ ਮੈਂਬਰ ਮਤਾ ਪਾ ਦੇਣ, ਤਾਂ ਸੰਵਿਧਾਨ ਅਤੇ 1968 ਐਕਟ ਤਹਿਤ, ਰਾਜ ਸਭਾ ਦੇ ਚੇਅਰਮੈਨ ਕੋਲ ਮਤਾ ਪ੍ਰਵਾਨ ਜਾਂ ਰੱਦ ਕਰਨ ਦੇ ਕਾਰਨਾਂ ਦੀ ਵਾਜਬੀਅਤ ਦਾ ਕੋਈ ਅਖ਼ਤਿਆਰ ਨਹੀਂ ਹੁੰਦਾ। ਮਤਾ ਦਾਖ਼ਲ ਕਰਨ ਤੋਂ ਬਾਅਦ ਤਿੰਨ ਮੈਂਬਰੀ ਕਮੇਟੀ ਕਾਇਮ ਕੀਤੀ ਜਾਂਦੀ ਹੈ। ਇਸ ਵਿੱਚ ਖ਼ੁਦ ਚੀਫ਼ ਜਸਟਿਸ ਸ਼ਾਮਲ ਹੋ ਸਕਦਾ ਹੈ ਜਾਂ ਜਿਵੇਂ ਇਸ ਕੇਸ ਵਿੱਚ ਸੁਪਰੀਮ ਕੋਰਟ ਦਾ ਕੋਈ ਮੌਜੂਦਾ ਜੱਜ ਸ਼ਾਮਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦੇ ਨਾਲ ਕਿਸੇ ਹਾਈ ਕੋਰਟ ਦਾ ਮੌਜੂਦਾ ਚੀਫ਼ ਜਸਟਿਸ ਅਤੇ ਇਕ ਉੱਘਾ ਕਾਨੂੰਨਦਾਨ ਕਮੇਟੀ ਵਿੱਚ ਸ਼ਾਮਲ ਹੋਣਗੇ ਜਿਹੜੇ ਜੱਜ ਉਪਰ ਲੱਗੇ ਦੁਰਵਿਹਾਰ ਦੇ ਦੋਸ਼ਾਂ ਦੀ ਪੜਚੋਲ ਤੇ ਜਾਂਚ ਕਰਨਗੇ। ਜੇ ਇਹ ਕਮੇਟੀ ਜੱਜ ਉਪਰ ਲੱਗੇ ਕਿਸੇ ਵੀ ਦੋਸ਼ ਨੂੰ ਸਹੀ ਪਾਵੇਗੀ ਤਾਂ ਰਾਜ ਸਭਾ ਵਿੱਚ ਮਤੇ 'ਤੇ ਵਿਚਾਰ ਕੀਤਾ ਜਾ ਸਕਦਾ ਹੈ। ਕਮੇਟੀ ਰਾਹੀਂ ਕੀਤੀ ਇਹ ਜਾਂਚ ਸਬੰਧਤ ਜੱਜ ਦੇ ਸਕੱਤਰੇਤ ਦਾ ਮਾਣ-ਸਤਿਕਾਰ ਰੱਖਦਿਆਂ, ਵਿਸਥਾਰਤ ਅਤੇ ਮਸ਼ਵਰੇ ਵਾਲੀ ਪ੍ਰਕਿਰਿਆ ਹੈ। ਇਸ ਪ੍ਰਕਿਰਿਆ ਦੀ ਕੋਈ ਸਮਾਂ-ਸੀਮਾ ਨਿਸ਼ਚਿਤ ਨਹੀਂ, ਇਸ ਕਰ ਕੇ ਇਸ ਨੂੰ ਕਾਹਲ ਵਿੱਚ ਨਿਬੇੜਨ ਦੀ ਆਸ ਨਹੀਂ ਕੀਤੀ ਜਾ ਸਕਦੀ। ਸੁਪਰੀਮ ਕੋਰਟ ਦੇ ਮੌਜੂਦਾ ਚੀਫ਼ ਜਸਟਿਸ ਦੇ ਕਾਰਜਕਾਲ ਦੀ ਮਿਆਦ ਇਸ ਸਾਲ ਅਕਤੂਬਰ ਵਿੱਚ ਸਮਾਪਤ ਹੋਣੀ ਹੈ। ਉਂਜ, ਲੋਕਾਂ ਦੇ ਨਿਆਂਪਾਲਿਕਾ ਵਿੱਚ ਵਿਸ਼ਵਾਸ ਨੂੰ ਇਸ ਪ੍ਰਕਿਰਿਆ ਦੇ ਨਿਕਲਣ ਵਾਲੇ ਨਤੀਜੇ ਤੋਂ ਕੋਈ ਖ਼ਤਰਾ ਨਹੀਂ ਹੈ ਸਗੋਂ ਖ਼ਤਰਾ ਤਾਂ ਨਾਜ਼ੁਕ ਅਤੇ ਸਿਆਸੀ ਅਮਲ ਦਾ ਹੈ।

ਵਿਧਾਨ ਪਾਲਿਕਾ ਨੇ ਭਾਵੇਂ ਜੱਜਾਂ ਦੇ ਹੱਕ ਵਿੱਚ ਮਤਾ ਪਾਇਆ ਹੈ ਜਾਂ ਨਹੀਂ, ਮਹਾਦੋਸ਼ ਦੀ ਵਿਸਤ੍ਰਿਤ ਪ੍ਰਕਿਰਿਆ ਕਾਨੂੰਨੀ ਜਾਇਜ਼ਤਾ ਅਤੇ ਜੱਜਾਂ ਦੀ ਵਿਰਾਸਤ ਨੂੰ ਪਹਿਲਾਂ ਹੀ ਖ਼ੋਰਾ ਲਾ ਚੁੱਕੀ ਹੈ। ਨਿਆਂਪਾਲਿਕਾ ਦੇ ਪੱਖ ਤੋਂ ਜੇ ਲਈਏ ਤਾਂ ਸੁਪਰੀਮ ਕੋਰਟ ਨੇ ਜੱਜਾਂ ਖ਼ਿਲਾਫ਼ ਦੋਸ਼ਾਂ ਨਾਲ ਪਹਿਲਾਂ ਨਜਿੱਠਿਆ ਹੋਇਆ ਹੈ, ਜਿਨ੍ਹਾਂ ਵਿੱਚ ਕੁਝ ਮਾਮਲਿਆਂ 'ਤੇ ਅੰਦਰੂਨੀ ਅਨੁਸ਼ਾਸਨੀ ਕਾਰਵਾਈ ਕਰਨੀ ਪਈ ਸੀ। ਸਬ-ਕਮੇਟੀ (1991), ਸਰੋਜਿਨੀ ਰਾਮਾਸਵਾਮੀ (1992) ਅਤੇ ਰਵੀਚੰਦਰਾ ਅਈਅਰ (1995) ਕੇਸਾਂ ਵਿੱਚ ਪਹਿਲੀਆਂ ਕੁਝ ਨਿਆਂਇਕ ਮਿਸਾਲਾਂ ਹਨ ਜੋ ਜੱਜਾਂ ਖ਼ਿਲਾਫ਼ ਜਾਂਚ, ਅਨੁਸ਼ਾਸਨੀ ਕਾਰਵਾਈ ਅਤੇ ਉਨ੍ਹਾਂ ਨੂੰ ਹਟਾਉਣ ਲਈ ਸੰਸਥਾਈ ਪੱਧਰ 'ਤੇ ਆਧਾਰ ਪੇਸ਼ ਕਰਦੀਆਂ ਹਨ। ਦਿਲਚਸਪ ਗੱਲ ਹੈ ਕਿ ਰਵੀਚੰਦਰਾ ਅਈਅਰ ਵਾਲੇ ਕੇਸ ਦੇ ਫੈਸਲੇ ਵਿੱਚ, ਮੌਜੂਦਾ ਚੀਫ਼ ਜਸਟਿਸ (ਹਾਈ ਕੋਰਟ ਦੇ) ਖ਼ਿਲਾਫ਼ ਲੱਗੇ ਦੋਸ਼ਾਂ ਬਾਬਤ ਅੰਦਰੂਨੀ ਪ੍ਰਕਿਰਿਆ ਚਲਾਉਣ ਸਬੰਧੀ ਉੱਘੇ ਵਕੀਲ ਫਾਲੀ ਨਰੀਮਨ ਦਾ ਸੁਝਾਅ ਦਰਜ ਕੀਤਾ ਗਿਆ ਹੈ।

**ਵਿਧਾਨ ਪਾਲਿਕਾ ਕੋਲ ਕੇਵਲ ਸੰਵਿਧਾਨ ਦੇ ਤਹਿਤ ਮਹਾਦੋਸ਼ ਦੀ ਪ੍ਰਕਿਰਿਆ ਨੂੰ ਹੋਰ ਪ੍ਰਭਾਸ਼ਿਤ ਕਰਨ ਦੀਆਂ ਤਾਕਤਾਂ ਹਨ ਅਤੇ ਇਹ ਤਾਕਤਾਂ ਅਜਿਹੀਆਂ ਅੰਦਰੂਨੀ ਪ੍ਰਕਿਰਿਆਵਾਂ ਸ਼ਾਇਦ ਨਹੀਂ ਘੜ ਸਕਦੀਆਂ, ਜਿਹੜੀਆਂ ਨਿਆਂਇਕ ਕੰਮਕਾਜ ਵਾਪਸ ਲੈਣ ਵਰਗੇ ਅਨੁਸ਼ਾਸਨੀ ਫੈਸਲੇ ਲੈ ਸਕਦੀਆਂ ਹੋਣ। ਇਹ ਤਾਕਤ ਚੀਫ਼ ਜਸਟਿਸ ਕੋਲ ਹੀ ਹੈ। ਲੱਗਦਾ ਹੈ ਕਿ ਸੁਪਰੀਮ ਕੋਰਟ ਕੋਲ ਚੀਫ਼ ਜਸਟਿਸ ਨੂੰ ਛੱਡ ਕੇ ਮੌਜੂਦਾ ਜੱਜਾਂ ਖ਼ਿਲਾਫ਼ ਪ੍ਰਭਾਵਸ਼ਾਲੀ ਜਾਂਚ ਕਰਾਉਣ ਦੀਆਂ ਹੀ ਤਾਕਤਾਂ ਹਨ। ਇਸ ਲਈ ਸਾਨੂੰ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਹੜਾ ਮੌਜੂਦਾ ਹਾਲਾਤ ਤੋਂ ਭਵਿੱਖ ਵਿੱਚ ਬਚਣ ਲਈ ਅੰਦਰੂਨੀ ਜਾਂਚ ਦੀ ਤਰਜ਼ 'ਤੇ ਨਿਆਂਪਾਲਿਕਾ ਅੰਦਰ ਸੁਧਾਰ ਲਿਆਉਣ ਦਾ ਸੱਦਾ ਦਿੰਦਾ ਹੈ।**

ਇਸ ਤੋਂ ਇਲਾਵਾ 1997 ਵਿੱਚ ਇਕ ਮਤੇ ਰਾਹੀਂ ਨਿਆਂਇਕ ਮੈਂਬਰਾਂ ਦੇ ਅਸੰਤੁਸ਼ਟੀ ਵਾਲੇ ਕੇਸਾਂ ਨਾਲ ਨਜਿੱਠਣ ਲਈ ਸੁਪਰੀਮ ਕੋਰਟ ਨੇ ਸੰਵਿਧਾਨ ਤੋਂ ਬਾਹਰਾ ਤਰੀਕਾ ਘੜਿਆ ਸੀ। ਸੁਪਰੀਮ ਕੋਰਟ ਦੀ 7 ਮਈ 1997 ਨੂੰ ਹੋਈ ਪੂਰਨ ਅਦਾਲਤੀ ਮੀਟਿੰਗ ਵਿੱਚ ਮਤਾ ਪਾਸ ਕਰ ਕੇ ਭਾਰਤ ਦੇ ਚੀਫ਼ ਜਸਟਿਸ ਨੂੰ ਅੰਦਰੂਨੀ ਪ੍ਰਕਿਰਿਆ ਘੜਨ ਦੇ ਅਖ਼ਤਿਆਰ ਦਿੱਤੇ ਗਏ ਸਨ। ਇਸ ਤਹਿਤ ਉਨ੍ਹਾਂ ਜੱਜਾਂ ਜਿਹੜੇ ਸਰਵ ਪ੍ਰਵਾਨਿਤ ਨਿਆਂਇਕ ਜੀਵਨ ਦੀਆਂ ਕਦਰਾਂ-ਕੀਮਤਾਂ ਉੱਪਰ ਖ਼ਰੇ ਉਤਰਨ ਵਿੱਚ ਨਾਕਾਮ ਰਹੇ ਹੋਣ, ਖ਼ਿਲਾਫ਼ ਪ੍ਰਕਿਰਿਆ ਤੈਅ ਵਿੱਚ ਚੀਫ਼ ਜਸਟਿਸ ਨੂੰ ਮੁੱਖ ਸਥਾਨ ਦਿੱਤਾ ਗਿਆ ਸੀ, ਇਨ੍ਹਾਂ ਕਦਰਾਂ-ਕੀਮਤਾਂ ਦਾ 'ਰੀਸਟੇਟਮੈਂਟ ਆਫ ਵੈਲਿਊਜ਼ ਆਫ ਜੁਡੀਸ਼ੀਅਲ ਲਾਈਫ' ਵਿੱਚ ਜ਼ਿਕਰ ਹੈ। ਇਹ 'ਰੀਸਟੇਟਮੈਂਟ' ਉੱਚ ਅਦਾਲਤਾਂ ਦੇ ਜੱਜਾਂ ਲਈ ਵਿਸਥਾਰਿਤ ਜ਼ਾਬਤਾ ਹੈ, ਜਿਹੜਾ ਦਸੰਬਰ 1999 ਵਿੱਚ ਚੀਫ਼ ਜਸਟਿਸਾਂ ਦੀ ਕਾਨਫਰੰਸ ਵਿੱਚ ਅਪਣਾਇਆ ਗਿਆ ਸੀ, ਵਿਹਾਰ ਦੇ 16 ਨਿਯਮਾਂ ਵਾਲਾ ਇਹ ਜ਼ਾਬਤਾ ਸਵੈ-ਨਿਯਮਤ ਢਾਂਚੇ ਨੂੰ ਅਮਲ ਵਿੱਚ ਲਿਆਉਣ ਲਈ ਮਦਦਗਾਰ ਹੈ। ਇਹ ਜ਼ਾਬਤਾ ਜੱਜਾਂ ਨੂੰ ਅਜਿਹੇ ਕਾਰਜ, ਨੌਕਰੀ ਨਾਲ ਜੁੜੇ ਜਾਂ ਨਿੱਜੀ ਸਮਰੱਥਾ ਵਜੋਂ ਕਰਨ ਤੋਂ ਬਚਣ ਦੀ ਸਲਾਹ ਦਿੰਦਾ ਹੈ, ਜਿਸ ਕਰ ਕੇ ਲੋਕਾਂ ਦਾ ਨਿਆਂਪਾਲਿਕਾ ਜਾਂ ਨਿਆਂਇਕ ਅਧਿਕਾਰੀਆਂ ਵਿੱਚ ਵਿਸ਼ਵਾਸ ਨੂੰ ਖੋਰਾ ਲੱਗਦਾ ਹੋਵੇ। ਫਿਰ ਵੀ ਮੁਲਕ ਦੇ ਸਰਵਉੱਚ ਨਿਆਂਇਕ ਅਧਿਕਾਰੀ ਖ਼ਿਲਾਫ਼ ਦੋਸ਼ਾਂ ਦੀ ਵਿਸ਼ੇਸ਼ ਹਾਲਤ ਮੌਕੇ ਅੰਦਰੂਨੀ ਪ੍ਰਕਿਰਿਆ ਪ੍ਰਭਾਵਸ਼ਾਲੀ ਰਾਹਤ ਮੁਹੱਈਆ ਨਹੀਂ ਕਰਦੀ।

ਭਾਰਤ ਦੇ ਮੌਜੂਦਾ ਚੀਫ਼ ਜਸਟਿਸ ਖ਼ਿਲਾਫ਼ ਦੋਸ਼ਾਂ ਦੇ ਕੇਸ ਵਿੱਚ ਪ੍ਰਕਿਰਿਆ ਦੀ ਇਸੇ ਤਰ੍ਹਾਂ ਦੀ ਘੋਖ, ਉਸ ਦੀ ਸਰਦਾਰੀ ਤੇ ਪ੍ਰਸ਼ਾਸਕੀ ਤਾਕਤਾਂ ਦੀ ਰੌਸ਼ਨੀ 'ਚ ਗੁਆਚ ਗਈ ਹੋ ਸਕਦੀ ਹੈ। ਜਾਂ ਇਸ ਕਰ ਕੇ ਕਿ ਚੀਫ਼ ਜਸਟਿਸ ਦਾ ਆਪਣਾ ਸਕੱਤਰੇਤ ਜੱਜਾਂ ਉੱਪਰ ਪ੍ਰਭਾਵਸ਼ਾਲੀ ਅਨੁਸ਼ਾਸਨੀ ਢਾਂਚਾ ਲਾਗੂ ਕਰਨ ਲਈ ਕਾਰਜਬੱਧ ਹੈ, ਜਿਹੜਾ ਕੁਝ ਮੌਕਿਆਂ 'ਤੇ ਮਹਾਦੋਸ਼ ਦੀ ਪ੍ਰਕਿਰਿਆ ਨੂੰ ਬੇਲੋੜਾ ਰੋਕਦਾ ਹੈ।

ਵਿਧਾਨ ਪਾਲਿਕਾ ਕੋਲ ਕੇਵਲ ਸੰਵਿਧਾਨ ਦੇ ਤਹਿਤ ਮਹਾਦੋਸ਼ ਦੀ ਪ੍ਰਕਿਰਿਆ ਨੂੰ ਹੋਰ ਪ੍ਰਭਾਸ਼ਿਤ ਕਰਨ ਦੀਆਂ ਤਾਕਤਾਂ ਹਨ ਅਤੇ ਇਹ ਤਾਕਤਾਂ ਅਜਿਹੀਆਂ ਅੰਦਰੂਨੀ ਪ੍ਰਕਿਰਿਆਵਾਂ ਸ਼ਾਇਦ ਨਹੀਂ ਘੜ ਸਕਦੀਆਂ, ਜਿਹੜੀਆਂ ਨਿਆਂਇਕ ਕੰਮਕਾਜ ਵਾਪਸ ਲੈਣ ਵਰਗੇ ਅਨੁਸ਼ਾਸਨੀ ਫੈਸਲੇ ਲੈ ਸਕਦੀਆਂ ਹੋਣ। ਇਹ ਤਾਕਤ ਚੀਫ਼ ਜਸਟਿਸ ਕੋਲ ਹੀ ਹੈ। ਲੱਗਦਾ ਹੈ ਕਿ ਸੁਪਰੀਮ ਕੋਰਟ ਕੋਲ ਚੀਫ਼ ਜਸਟਿਸ ਨੂੰ ਛੱਡ ਕੇ ਮੌਜੂਦਾ ਜੱਜਾਂ ਖ਼ਿਲਾਫ਼ ਪ੍ਰਭਾਵਸ਼ਾਲੀ ਜਾਂਚ ਕਰਾਉਣ ਦੀਆਂ ਹੀ ਤਾਕਤਾਂ ਹਨ। ਇਸ ਲਈ ਸਾਨੂੰ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਹੜਾ ਮੌਜੂਦਾ ਹਾਲਾਤ ਤੋਂ ਭਵਿੱਖ ਵਿੱਚ ਬਚਣ ਲਈ ਅੰਦਰੂਨੀ ਜਾਂਚ ਦੀ ਤਰਜ਼ 'ਤੇ ਨਿਆਂਪਾਲਿਕਾ ਅੰਦਰ ਸੁਧਾਰ ਲਿਆਉਣ ਦਾ ਸੱਦਾ ਦਿੰਦਾ ਹੈ।

ਸੁਪਰੀਮ ਕੋਰਟ ਨੂੰ ਜਾਂਚ ਲਈ ਵਧੇਰੇ ਸਦਭਾਵਨਾ ਭਰਿਆ ਹੱਲ ਤਲਾਸ਼ਣਾ ਹੋਵੇਗਾ, ਜਿਹੜਾ ਚੀਫ਼ ਜਸਟਿਸ ਖ਼ਿਲਾਫ਼ ਦੋਸ਼ਾਂ ਬਾਰੇ ਘੱਟੋ-ਘੱਟ ਪੜ੍ਹਿਆਂ-ਲਿਖਿਆਂ ਵਾਲਾ ਮਸ਼ਵਰਾ ਮੁਹੱਈਆ ਕਰ ਸਕੇ; ਵਰਨਾ ਅਜਿਹੇ ਵਿਵਾਦਾਂ ਦਾ ਨਿਬੇੜਾ ਨਹੀਂ ਹੋ ਸਕੇਗਾ। ਮੌਜੂਦਾ ਵਿਵਾਦ ਤੋਂ ਇਹ ਸਬਕ ਜ਼ਰੂਰ ਸਿੱਖਣਾ ਚਾਹੀਦਾ ਹੈ। ਨਿਆਂਪਾਲਿਕਾ ਨੂੰ ਆਪਸ ਵਿੱਚ ਮਿਲ ਕੇ ਹੀ ਅਜਿਹਾ ਢਾਂਚਾ ਬਣਾਉਣਾ ਚਾਹੀਦਾ ਹੈ, ਜਿਸ ਰਾਹੀਂ ਜੱਜਾਂ, ਚੀਫ਼ ਜਸਟਿਸ ਖ਼ਿਲਾਫ਼ ਦੋਸ਼ਾਂ ਜਾਂ ਸ਼ੱਕ ਬਾਰੇ ਸਹੀ ਜਾਂਚ, ਨਿਆਂਪਾਲਿਕਾ ਦੀ ਅੰਦਰੂਨੀ ਪ੍ਰਕਿਰਿਆ ਰਾਹੀਂ ਹੋਵੇ ਅਤੇ ਇਕ ਫੈਸਲਾਕੁਨ ਮਸ਼ਵਰਾ ਲੋਕਾਂ ਸਾਹਮਣੇ ਰੱਖਿਆ ਜਾਵੇ। ਜੇ ਬੇਲੋੜੀ ਮਹਾਦੋਸ਼ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ, ਸੁਪਰੀਮ ਕੋਰਟ ਦੀ ਸ਼ਾਨੋ-ਸ਼ੌਕਤ, ਸਿਆਸੀ ਸੰਸਥਾਵਾਂ ਦੀ ਡਿਕੋ-ਡੋਲੇ ਖਾਂਦੀ ਸ਼ਾਨੋ-ਸ਼ੌਕਤ ਦੀ ਮਾਰ ਹੇਠ ਨਹੀਂ ਆਉਣੀ ਚਾਹੀਦੀ। ਸਿਆਸੀ ਵਿਵਾਦ ਜਿਹੜਾ ਅਗਲੇ ਦਿਨਾਂ ਵਿੱਚ ਘਟੇਗਾ ਨਹੀਂ, ਦੀ ਹੋਣੀ ਤੋਂ ਬੇਪ੍ਰਵਾਹ ਰਹਿੰਦਿਆਂ ਹੁਣ ਸਮਾਂ ਆ ਗਿਆ ਹੈ ਕਿ ਲੋਕਾਂ ਦੇ ਉਸ ਭਰੋਸੇ ਉੱਪਰ ਆਤਮ ਚਿੰਤਨ ਕੀਤਾ ਜਾਏ, ਜਿਸ ਨੂੰ ਕਾਇਮ ਰੱਖਣ ਲਈ ਅਦਾਲਤ ਦਾ ਹਰ ਜੱਜ ਨਿੱਜੀ ਤੌਰ 'ਤੇ ਹੀ ਨਹੀਂ, ਸਮੂਹਿਕ ਤੌਰ 'ਤੇ ਵੀ ਵਚਨਬੱਧ ਹੈ। ਰੂਜ਼ਵੈਲਟ ਦੇ ਸ਼ਬਦਾਂ ਅਨੁਸਾਰ, "ਸਾਡੇ ਅੱਜ ਦੇ ਸ਼ੱਕ ਹੀ ਸਾਡੀਆਂ ਭਲਕ ਦੀਆਂ ਉਪਲਬਧੀਆਂ ਨੂੰ ਸੀਮਿਤ ਕਰਨਗੇ। ਆਓ, ਮਜ਼ਬੂਤ ਅਤੇ ਪੂਰੇ ਭਰੋਸੇ ਨਾਲ ਅੱਗੇ ਵਧੀਏ।"

# ਭਾਈ ਹਰਮਿੰਦਰ ਸਿੰਘ ਮਿੰਟੂ ਦੀ ਪਟਿਆਲਾ ਜੇਲ੍ਹ ਵਿੱਚ ਅਚਾਨਕ ਹੋਈ ਮੌਤ ਤੇ ਦੁੱਖ ਦਾ ਪ੍ਰਗਟਾਵਾ

**ਸ਼ਿਕਾਗੋ/ਮੱਖਣ ਸਿੰਘ ਕਲੇਰ:**
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁੱਖੀ ਭਾਈ ਹਰਮਿੰਦਰ ਸਿੰਘ ਮਿੰਟੂ ਦੀ ਜੇਲ੍ਹ ਵਿੱਚ ਅਚਾਨਕ ਹੋਈ ਮੌਤ ਉਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਇੱਥੇ ਜਾਰੀ ਇੱਕ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋ ਕਿਹਾ ਗਿਆ ਕਿ ਸਿੱਖ ਸੰਘਰਸ਼ ਦਾ ਉਹ ਨਾਮੀਂ ਯੋਧਾ ਜੇਲ੍ਹ ਅਧਿਕਾਰੀਆਂ ਦੀ ਨਕਾਮੀ ਅਤੇ ਭਾਰਤੀ ਏਜੰਸੀਆਂ ਦੀ ਕਿਸੇ ਡੂੰਘੀ ਸ਼ਾਜਿਸ਼ ਆਧੀਨ ਪੰਥ ਕੋਲੋਂ ਖੋਹ ਲਿਆ ਗਿਆ ਹੈ। ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਭਾਈ ਹਰਮਿੰਦਰ ਸਿੰਘ ਮਿੰਟੂ ਦੀ ਜੇਲ੍ਹ ਵਿੱਚ ਅਚਾਨਕ ਹੋਈ ਮੌਤ ਨੇ ਸਿੱਖ ਹਿਰਦਿਆਂ ਨੂੰ ਧੁਰ ਅੰਦਰੋਂ ਵਲੂੰਧਰ ਸੁੱਟਿਆ ਹੈ। ਭਾਈ ਮਿੰਟੂ ਦੀ ਇਸ ਤਰ੍ਹਾਂ ਹੋਈ ਮੌਤ ਨੇ ਪੰਥਕ ਦਰਦੀਆਂ ਨੂੰ ਇਕ ਨਵੀਂ ਸੋਚ ਵਿੱਚ ਡੋਬ ਦਿੱਤਾ ਹੈ ਕਿਉਂਕਿ ਪੰਜਾਬ ਸਮੇਤ ਭਾਰਤ ਦੀਆਂ ਵੱਖ ਵੱਖ ਜੇਲ੍ਹਾਂ ਅੰਦਰ ਲੰਮੇ ਸਮੇਂ ਤੋਂ ਸਿੱਖ ਸ਼ੰਘਰਸ਼ ਨਾਲ ਸਬੰਧਤ ਸਿੱਖ ਨੌਜਵਾਨ ਬੰਦ ਹਨ। ਅੱਜ ਭਾਈ ਮਿੰਟੂ ਇਸ ਸਾਜਿਸ਼ ਦਾ ਸ਼ਿਕਾਰ ਹੋਏ ਹਨ ਤੇ ਕੱਲ੍ਹ ਕੋਈ ਹੋਰ ਸਿੱਖ ਨੌਜਵਾਨ ਇਸ ਸਿਜਸ਼ ਦਾ ਹਿੱਸਾ ਬਣ ਸਕਦਾ ਹੈ। ਭਾਈ ਜਗਤਾਰ ਸਿੰਘ ਤਾਰਾ ਦਾ ਤਾਜਾ ਆਇਆ ਬਿਆਨ ਵੀ ਇਸ ਸ਼ੱਕ ਨੂੰ ਹੋਰ ਗੂੜ੍ਹਾ ਕਰਦਾ ਹੈ ਤੇ ਉਨਾਂ ਆਪਣੇ ਵਕੀਲ ਰਾਹੀਂ ਸ.ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੂੰ ਵਿਸ਼ੇਸ਼ ਤੌਰ 'ਤੇ ਸੁਨੇਹਾ ਵੀ ਲਾਇਆ ਹੈ ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਸਰਬਤ ਖ਼ਾਲਸਾ ਵਲੋਂ ਚੁਣੇ ਹੋਏ ਜਥੇਦਾਰ ਸਾਹਿਬਾਨਾਂ, ਸਿਮਰਨਜੀਤ ਸਿੰਘ ਮਾਨ ਅਤੇ ਸਮੂਹ ਪੰਥਕ ਜਥੇਬੰਦੀਆਂ ਦੇ ਆਗੂਆਂ ਨੂੰ ਆਪੀਲ ਕੀਤੀ ਗਈ ਹੈ ਕ ਜੇਲ੍ਹੀਂ ਬੈਠੇ ਨੌਜਵਾਨਾਂ ਅਤੇ ਉਨਾਂ ਦੇ ਪਰਿਵਾਰਾਂ ਦਾ ਖਿਆਲ ਰੱਖਿਆ ਜਾਵੇ ਤੇ ਉਨ੍ਹਾਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇ। ਭਾਈ ਹਰਮਿੰਦਰ ਸਿੰਘ ਮਿੰਟੂ ਦੇ ਸਦੀਵੀ ਵਿਛੋੜੇ ਨਾਲ ਜਿਥੇ ਪਰਿਵਾਰ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉਥੇ ਹੀ ਸਮੁੱਚੀਆਂ ਜਥੇਬੰਦੀਆਂ ਨੂੰ ਵੀ ਭਾਈ ਮਿੰਟੂ ਦੀ ਘਾਟ ਹਮੇਸ਼ਾਂ ਰੜਕਦੀ ਦੀ ਰਹੇਗੀ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਚੈਅਰਮੈਨ ਸ੍ਰ ਬੂਟਾ ਸਿੰਘ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਪੈਨਲ ਮੈਂਬਰ ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ ਤੇ ਸਰਬਜੀਤ ਸਿੰਘ । ਯੂਥ ਆਗੂ ਅਮਨਦੀਪ ਸਿੰਘ ਤੇ ਅਮਰਜੀਤ ਸਿੰਘ ਸਮੇਤ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਸਮੁੱਚੀ ਟੀਮ ਭਾਈ ਮਿੰਟੂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦੀ ਹੈ ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੀ ਹੈ ।



First Punjabi Channel to go HD Worldwide
jus punjabi HD
IS NOW
HD
HIGH DEFINITION
Subscribe to the JUS Pack Today!
subscribe now
JUS Pack
has it all!
jus punjabi
JUS one
jus 24x7
9x TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com

# ਅਮਰੀਕਾ ਵਿੱਚ ਸੋਲਰ ਪੈਨਲ KING ਕੰਪਨੀ Sunpreme ਨੂੰ ਫਾਸਟ ਐਂਡ ਸੁਲਿਵਾਨ ਨਿਊ ਪ੍ਰੋਡਕਟ ਇਨੋਵੇਸ਼ਨ ਐਵਾਰਡ








Sunpreme, ਗਲੋਬਲ ਬਿਜ਼ਨਸ ਡਿਵੈਲਪਮੈਂਟ ਦੇ ਕਾਰਜਕਾਰੀ ਵਾਈਸ ਪ੍ਰਧਾਨ (Executive Vice President for Global Business Development) ਸ. ਸੁਰਿੰਦਰ ਸਿੰਘ ਬੇਦੀ ਸੰਬੋਧਨ ਅਤੇ ਐਵਾਰਡ ਪ੍ਰਪਤ ਕਰਦੇ ਹੋਏ

ਸਨਫਰਾਂਸਿਸਕੋ, ਕੈਲੀਫੋਰਨੀਆ : ਸੋਲਰ ਪੈਨਲ ਵਿੱਚ ਦੁਨੀਆ ਦੀ ਨਾਮਵਰ ਅਮਰੀਕਾ ਸਥਿਤ ਸੋਲਰ ਫੋਟੋਵੋਲਿਟਕ ਕੰਪਨੀ ਜੋ ਆਪਣੀ ਖੁਦ ਦੀ ਬ੍ਰਾਂਚਾਂ, ਉਨਤ ਸੌਰ ਪੈਨਲਾਂ ਅਤੇ ਪ੍ਰਣਾਲੀਆਂ ਦਾ ਡਿਜ਼ਾਇਨ ਅਤੇ ਨਿਰਮਾਣ ਕਰਦੀ ਹੈ ਡਿਆਗੋ 'ਚ ਆਪਣੇ ਗ੍ਰੈਂਡ ਗਾਲਾ ਸਮਾਰੋਹ 'ਚ 2018 ਫਾਸਟ ਐਂਡ ਸੁਲਿਵਾਨ ਨਿਊ ਪ੍ਰੋਡਕਟ ਇਨੋਵੇਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਨਪ੍ਰੀਮ ਜੀਐਕਸਬੀ 380 ਬਿਫਾਸਿਕ ਸਮਾਰਟ ਸੋਲਰ ਨੂੰ ਅਭਿਨਵ ਪ੍ਰਯੋਗਿਕ, ਵਿਸ਼ਵ ਪੱਧਰੀ ਗੁਣਵੱਤਾ ਅਤੇ ਉਤਕ੍ਰਸ਼ਟ ਗ੍ਰਾਹਕ ਅਨੁਭਵ ਦੇ ਲਈ ਸਰਵੋਤਮ ਸੇਵਾਵਾਂ ਦੇ ਲਈ ਬੋਰਡ 'ਚ ਉਚ ਅੰਕ ਪ੍ਰਾਪਤ ਹੋਇਆ। ਸਨਪ੍ਰੀਤ ਦੇ ਗਲੋਬਲ ਬਿਜਨੈਸ ਡਿਵੈਲਪਮੈਂਟ ਦੇ ਐਗਜ਼ੀਕਿਊਟਿਵ ਵਾਈਸ ਪ੍ਰੇਜੀਡੈਂਟ ਸ.ਸੁਰਿੰਦਰ ਐਸ ਬੇਦੀ ਨੇ ਦੱਸਿਆ ਕਿ ਸਾਨੂੰ ਫਾਸਟ ਐਂਡ ਸੁਲਿਵਾਨ ਜਿਹੇ ਇਕ ਸੁਤੰਤਰ ਅਤੇ ਮੋਹਰੀ ਸੰਗਠਨ ਵੱਲੋਂ 2018 ਨਿਊ ਪ੍ਰੋਡਕਟ ਇਨੋਵੇਸ਼ਨ ਐਵਾਰਡ ਅਰਜਿਤ ਕਰਨ ਦੇ ਲਈ ਸਨਮਾਨਿਤ ਕੀਤਾ ਗਿਆ ਹੈ। ਸਨਪ੍ਰੀਮ ਜੀਐਕਸਬੀ 380 ਐਸਐਮ ਬਿਫਾਸਿਕ ਪੈਨਲ ਪੱਧਰ ਪਾਵਰ ਆਪਟੀਮਾਈਜ਼ੇਸ਼ਨ 'ਚ ਮਾਰਕੀਟ ਲੀਡਰ ਹੈ ਅਤੇ ਉਤਪਾਦ ਨਵਾਚਾਰ ਅਤੇ ਭਰੋਸੇਮੰਦ, ਪੇਸ਼ਕਸ਼ ਦੇ ਲਈ ਬੈਂਚਮਾਰਕ ਸੈਟ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਗ੍ਰਾਹਕਾਂ ਨੂੰ ਵਧੀਆ ਜੀਵਨਕਾਲ ਪੈਦਾਵਾਰ ਅਤੇ ਸਭ ਤੋਂ ਲੰਬੇ ਸਮੇਂ ਤੱਕ ਜਲਦੀ ਊਰਜਾ ਨਿਵੇਸ਼ ਇਕ ਉਤਕ੍ਰਸ਼ਟ ਉਦਯੋਗ ਮੋਹਰੀ ਵਾਰੰਟੀ ਦੁਆਰਾ ਸਮਰਪਿਤ ਕੀਤਾ ਜਾਂਦਾ ਹੈ। ਸਨਪ੍ਰੀਮ ਜੀਐਕਸਬੀ 380 ਐਸਐਮ ਬਿਸਾਸਿਕ ਸਮਾਰਟ ਸੌਰ ਪੈਨਲ ਪ੍ਰਤੀਵਾਧਾ ਮਿਲਾਨ ਤਕਨੀਕ ਦਾ ਇਸਤੇਮਾਲ ਕਰਕੇ ਊਰਜਾ ਉਪਜ ਅਤੇ ਪੀਕ ਸਟ੍ਰਿੰਗ ਪੱਧਰ ਏਸੀ/ਡੀਸੀ ਪਾਵਰ ਨੂੰ ਵਧਾਉਣ ਦੇ ਲਈ ਉਨਤ ਤਰੀਕੇ ਨਾਲ ਕੰਮ ਕਰਦਾ ਹੈ। ਆਪਟੀਮਾਈਜ਼ਰ ਵਾਲੇ ਪੈਨਲਾਂ ਨੂੰ ਛਾਇਆਕਨ ਅਤੇ ਹੋਰ ਰੁਕਾਵਟਾਂ ਦੇ ਨਾਲ ਮੁਸ਼ਕਲ ਛੱਤ 'ਤੇ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ। ਬਿਜਲੀ ਉਤਪਨ ਵਿਅਕਤੀਗਤ ਸੌਰ ਪੈਨਲ ਪੱਧਰ 'ਤੇ ਅਨੁਕੂਲਿਤ ਹੋ ਜਾਂਦਾ ਹੈ, ਪਰੰਪਰਿਕ ਪੈਨਲਾਂ ਦੀ ਤੁਲਨਾ 'ਚ ਉਚ ਸਮੱਗਰੀ ਊਰਜਾ ਉਪਜ ਪ੍ਰਦਾਨ ਕਰਦਾ ਹੈ ਅਤੇ ਐਨਈਸੀ ਨੂੰ ਸੁਰੱਖਿਆ ਮਾਪਦੰਡਾਂ ਨੂੰ ਤੇਜੀ ਨਾਲ ਬੰਦ ਕਰਦੇ ਸਮੇਂ ਜ਼ਿਆਦਾ ਬਿਜਲੀ ਉਤਪਾਦਨ ਯਕੀਨੀ ਕਰਨ ਦੇ ਲਈ ਵਾਸਤਵਿਕ ਸਮੇਂ 'ਚ ਆਸਾਨੀ ਨਾਲ ਨਿਗਰਾਨੀ ਕੀਤੀ ਜਾਂਦੀ ਹੈ। ਪੈਨਲ ਸਥਾਈ ਅਤੇ ਖੂਬਸੂਰਤੀ ਦੇ ਲਈ ਡਬਲ ਗਲਾਸ ਹੈ ਅਤੇ ਭਾਰੀ ਬਰਫਬਾਰੀ ਸਮੇਂ, ਉਚ ਹਵਾ ਦੀ ਗਤੀ, ਰੇਤ ਵਾਲੇ ਤੂਫਾਨ, ਧੂੰਦ, ਵਿਆਪਕ ਤਾਪਮਾਨ ਅਤੇ ਪੈਨਲ ਉਮਰ ਵਧਣ ਸਮੇਤ ਹਰ ਮੌਸਮ ਦਾ ਸਾਹਮਣਾ ਕਰਨ ਦੇ ਸਮਰੱਥ ਹੈ। ਫਾਸਟ ਐਂਡ ਸੁਲਿਵਾਨ ਨੇ ਸਰਵੋਤਮ ਅਭਿਆਸ ਦੀ ਖੋਜ, ਪਹਿਚਾਣ ਕਰਨ ਦੇ ਲਈ ਦਸ ਹਿੱਸਿਆਂ ਦੀ ਪ੍ਰਕ੍ਰਿਆ ਦਾ ਪਾਲਨ ਕੀਤਾ ਹੈ। ਅਸੀਂ ਉਤਪਾਦ ਨਵਾਚਾਰ, ਲਗਾਤਾਰ ਗੁਣਵੱਤਾ ਅਤੇ ਗ੍ਰਾਹਕ ਮੁੱਲ ਜਿਹੇ ਖੇਤਰਾਂ 'ਚ ਉਤਕ੍ਰਸ਼ਟਤਾ ਪ੍ਰਦਰਸ਼ਿਤ ਕਰਨ ਵਾਲੀ ਸਰਵੋਤਮ ਕੰਪਨੀਆਂ ਦੀ ਪਹਿਚਾਣ ਦੇ ਲਈ ਡੂੰਘੀ ਖੋਜ, ਵਿਸ਼ਲੇਸ਼ਣ ਅਤੇ ਵਿਆਪਕ ਮਾਧਿਅਮਕ ਸ਼ੋਧ ਦੇ ਮਾਧਿਅਮ ਨਾਲ ਪ੍ਰਦਰਸ਼ਨ ਨੂੰ ਮਾਪਦੇ ਹਨ ਅਤੇ ਤੁਲਨਾ ਕਰਦੇ ਹਨ। ਪੁਰਸਕਾਰ ਉਤਪਾਦਾਂ ਦੇ ਨਾਲ ਉਚ ਪੱਧਰ ਦੀ ਨਵਾਚਾਰ ਨੂੰ ਮਾਨਤਾ ਦਿੰਦਾ ਹੈ ਅਤੇ ਪ੍ਰਯੋਗਿਕ ਅਤੇ ਪਰਿਣਾਮੀ ਅਗਵਾਈ ਗ੍ਰਾਹਕ ਮੁੱਲ ਅਤੇ ਬਾਜ਼ਾਰ 'ਚ ਪ੍ਰਵੇਸ਼ ਦੇ ਸੰਦਰਭ 'ਚ। ਜੀਐਕਸਬੀ 380 ਐਮਐਸ ਉਦਯੋਗ 'ਚ ਏਕੀਕ੍ਰਿਤ ਅਨੁਕੂਲਕ ਦੇ ਨਾਲ ਇਕਮਾਤਰ ਦੋਪੱਖੀ ਪੈਨਲ ਹੈ ਜੋ ਉਚ ਪ੍ਰਦਰਸ਼ਨ, ਲੰਬੀ ਤਾਰ, ਘੱਟ ਸਿਸਟਮ ਹਾਨੀ ਅਤੇ ਤੇਜੀ ਨਾਲ ਬੰਦ ਹੋਣ ਦੇ ਮਾਧਿਅਮ ਨਾਲ ਸੁਰੱਖਿਅਤ ਸੰਚਾਲਨ ਨੂੰ ਸਮਰਥ ਬਣਾਉਂਦਾ ਹੈ। ਫਾਸਟ ਐਂਡ ਸੁਲਿਵਾਨ 'ਚ ਰਿਸਰਚ ਅਨਾਲਿਸਟ ਗੁਹਾਨ ਸ੍ਰੀਰਾਮ ਆਰਵੀ ਨੇ ਕਿਹਾ, ਫਾਸਟ ਐਂਡ ਸੁਲਿਵਾਨ ਨੇ ਭਵਿੱਖਬਾਣੀ ਕੀਤੀ ਹੈ ਕਿ ਮੁਕਾਬਲਾ ਕਰਨ ਦੇ ਲਈ ਵਿਕਸਤ ਹੋਣ ਵਾਲੇ ਦੋਪੱਖੀ ਸਮਾਰਟ ਮਾਡਿਊਲ ਹੋਣਗੇ, ਜਦਕਿ ਸਨਪ੍ਰੀਮ ਜੀਐਕਸਬੀ 380 ਐਸਐਮ ਆਪਣੇ ਬਾਜ਼ਾਰ 'ਚ ਅੱਗੇ ਹੋਵੇਗਾ। ਅਸ਼ੋਕ ਕੇ ਸਿਨ੍ਹਾ, ਚੇਅਰਮੈਨ ਅਤੇ ਸੀਈਓ, ਸਨਪ੍ਰੀਮ ਨੇ ਕਿਹਾ ਕਿ ਅਸੀਂ ਇਸ ਪ੍ਰਭਾਵਸ਼ਾਲੀ ਮਾਨਤਾ ਨੂੰ ਜਿੱਤਣ ਦੇ ਲਈ ਉਤਸ਼ਾਹਿਤ ਅਤੇ ਸੰਤੁਸ਼ਟ ਹਾਂ। ਏਕੀਕ੍ਰਿਤ ਸ਼ਕਤੀਸ਼ਾਲੀ ਅਨੁਕੂਲਾਂ ਦੀ ਵਿਸ਼ੇਸ਼ਤਾ ਵਾਲੇ ਸਾਡੇ ਸ਼ਕਤੀਸ਼ਾਲੀ ਬਿਫਾਸਿਕ ਸੌਰ ਪੀਵੀ ਪੈਨਲਾਂ ਨੇ ਸਿਸਟਮ ਦੇ ਜੀਵਨ 'ਚ ਕੁਲ 1520 ਪ੍ਰਤੀਸ਼ਤ ਵਾਧੂ ਊਰਜਾ ਉਪਜ ਦੇਣ ਦੇ ਲਈ ਇਕ ਉਤਕ੍ਰਸ਼ਟ ਸਮਰਥਾ ਦਿਖਾਈ ਹੈ। ਸਿਨਹਾ ਨੇ ਕਿਹਾ ਕਿ ਵਣਜ ਅਤੇ ਉਦਯੋਗਿਕ ਅੰਤਰਿਕਸ਼ 'ਚ ਸਾਡੇ ਮੋਹਰੀ ਗ੍ਰਾਹਕਾਂ ਨੇ ਇਸ ਤਰ੍ਹਾਂ ਦੇ ਭੇਦਭਾਵ ਦੇ ਮੁੱਲ ਨੂੰ ਪਹਿਚਾਣਿਆ ਹੈ। ਉਨ੍ਹਾਂ ਨੇ ਅਮਰੀਕਾ ਦੇ ਅੰਦਰ ਕੁਝ ਸਭ ਤੋਂ ਪ੍ਰਮੁੱਖ ਬੈਂਕ ਯੋਗ ਪਰਿਯੋਜਨਾਵਾਂ ਦੇ ਨਾਲ ਸਨਪ੍ਰੀਮ ਨੂੰ ਸਨਮਾਨਿਤ ਕੀਤਾ ਹੈ। ਸਨਪ੍ਰੀਮ ਬਿਫੇਸ਼ਿਅਲ ਪੈਨਲ ਪਰਿਯੋਜਨਾਵਾਂ ਦੇ ਉਦਾਹਰਣਾਂ 'ਚ ਪਲੇਟਿਨਮ ਲੀਡ ਪ੍ਰਮਾਣਿਤ ਸਕੂਲ ਸ਼ਾਮਲ ਹੈ, ਕੈਂਬ੍ਰਿਜ, ਐਮਏ 'ਚ ਕੈਂਪਸ ਅਤੇ ਐਲ ਏ, ਕੈਲੀਫੋਰਨੀਆ 'ਚ 10 ਮੇਗਾਵਾਟ ਉਦਯੋਗਿਕ ਛੱਤ ਦੇ ਮੋਹਰੀ, ਦੁਨੀਆ ਦੇ ਸਭ ਤੋਂ ਵੱਡਮੁੱਲੇ 'ਚੋਂ ਇਕ ਹੈ। ਸਨਪ੍ਰੀਮ ਦੇ ਗਲੋਬਲ ਬਿਜਨਸ ਡਿਵੈਲਪਮੈਂਟ ਦੇ ਐਗਜ਼ੀਕਿਊਟਿਵ ਵਾਈਸ ਪ੍ਰੇਜੀਡੈਂਟ ਸੁਰਿੰਦਰ ਐਸ ਬੇਦੀ ਨੇ ਦੱਸਿਆ ਕਿ ਸਾਨੂੰ ਫਾਸਟ ਐਂਡ ਸੁਲਿਵਾਨ ਜਿਹੇ ਇਕ ਸੁਤੰਤਰ ਅਤੇ ਮੋਹਰੀ ਸੰਗਠਨ ਵੱਲੋਂ 2018 ਨਿਊ ਪ੍ਰੋਡਕਟ ਇਨੋਵੇਸ਼ਨ ਐਵਾਰਡ ਜਿੱਤਣ ਦੇ ਲਈ ਸਨਮਾਨਿਤ ਕੀਤਾ ਗਿਆ ਹੈ। ਸਨਪ੍ਰੀਮ ਜੀਐਕਸਬੀ 380 ਐਮਐਸ ਬਿਫਾਸਿਕ ਪੈਨਲ ਪੱਧਰ ਪਾਵਰ ਆਪਟੀਮਾਈਜ਼ ਦੇ ਲਈ ਇਕ ਮਾਰਕੀਟ ਲੀਡਰ ਹੈ ਅਤੇ ਉਤਪਾਦ ਨਵਾਵਾਚ ਅਤੇ ਵਿਸ਼ਵਧੱਧਰੀ, ਪੇਸ਼ਕਸ਼ ਦੇ ਲਈ ਬੈਂਚਮਾਰਕ ਸੈਟ ਕਰਦਾ ਹੈ। ਗ੍ਰਾਹਕਾਂ ਨੂੰ ਵਧੀਆ ਜੀਵਨਕਾਲ ਉਪਜ, ਅਤੇ ਸਭ ਤੋਂ ਲੰਬੇ ਸਮੇਂ ਤੱਕ ਦੀਰਘਕਾਲੀਨ ਊਰਜਾ ਨਿਵੇਸ਼ ਸਮਰਪਿਤ ਉਦਯੋਗ ਮੋਹਰੀ ਵਾਰੰਟੀ ਵੱਲੋਂ ਸਮਰਪਿਤ ਹੈ। ਇਨ੍ਹਾਂ ਨਵੇਂ ਪਰਿਵਰਤਨਾਂ ਡਿਜ਼ਾਇਨ ਕੀਤੇ ਗਏ ਫਿਬਾਸਿਕ ਸਮਾਰਟ ਪੈਨਲ ਦੋਵੇਂ ਪਾ ਸੇ ਤੋਂ ਪ੍ਰਕਾਸ਼ ਨੂੰ ਅਵਸ਼ੋਸ਼ਿਤ ਕਰਦੇ ਹਨ।

RESIDENTIAL, COMMERCIAL AND SOLAR FARMS

with Sunpreme High Performance Bifacial Smart Panels

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



Satnam Singh Khalsa
510-706-1300

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME®
Premium Bifacial Thin Film Solar

# ਪੀ.ਸੀ.ਐਸ. ਸੈਕਰਾਮੈਂਟੋ ਵਲੋਂ 5 ਮਈ ਦੇ ਵਿਸਾਖੀ ਮੇਲੇ ਦੀਆਂ ਤਿਆਰੀਆਂ ਮੁਕੰਮਲ



**ਸੈਕਰਾਮੈਂਟੋ/ਬਿਊਰੋ ਨਿਊਜ਼:** ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਦੇ ਸਮੂਹ ਮੈਂਬਰਾਂ ਦੀ ਮੀਟਿੰਗ ਅਮਰੀਕੀ ਸਿੰਘ ਪਰਹਾਰ ਦੀ ਪ੍ਰਧਾਨਗੀ ਹੇਠ ਮਾਊਟਨ ਮਾਈਕ ਮੈਕ ਰੋਡ ਪੀਜਾ ਵਿਖੇ 21 ਮਾਰਚ ਨੂੰ ਹੋਈ ਜਿਸ ਵਿਚ 5 ਮਈ ਦੇ ਵਿਸਾਖੀ ਮੇਲੇ ਦੀ ਤਿਆਰੀ ਬਾਰੇ ਸਾਰੇ ਮੈਂਬਰਾਂ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਇਹ ਮੇਲਾ 5 ਮਈ 2018 ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 3:00 ਵਜੇ Sheldon High School ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਗਿੱਧਾ, ਭੰਗੜਾ, ਗੀਤ ਸੰਗੀਤ, ਸਕਿੱਟ ਤੇ ਹੋਰ ਆਰਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੌਕੇ ਕੁਲਵੰਤ ਉਭੀ ਅਤੇ ਦਲਵੀਰ ਦਿਲ ਨਿੱਝਰ ਨੂੰ ਸਨਮਾਨਿਤ ਕੀਤਾ ਜਾਵੇਗਾ। ਇਹ ਸਮਾਰੋਹ ਵਿਸ਼ੇਸ਼ ਤੌਰ 'ਤੇ ਪਰਿਵਾਰਕ ਸਮਾਰੋਹ ਹੋਵੇਗਾ। ਪੰਜਾਬੀ ਕਲਚਰਲ ਸੁਸਾਇਟੀ ਸਾਰਿਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਸਾਰੇ ਪਰਿਵਾਰਾਂ ਸਮੇਤ ਮੇਲੇ ਪਹੁੰਚ ਕੇ ਰੌਣਕਾਂ ਵਧਾਉਣ। ਰਸ਼ਪਾਲ ਸਿੰਘ ਫਰਵਾਲਾ ਨੇ ਦਸਿਆ ਕਿ ਪੰਜਾਬੀ ਕਲਚਰਲ ਸੁਸਾਇਟੀ ਦਾ ਇਨ੍ਹਾਂ ਮੇਲਿਆਂ ਨੂੰ ਕਰਵਾਉਣ ਦਾ ਇਕੋ ਹੀ ਮਕਸਦ ਹੈ ਕਿ ਅਸੀਂ ਭਾਵੇਂ ਵਿਦੇਸ਼ਾਂ ਵਿਚ ਆ ਗਏ ਹਾਂ ਪਰ ਆਉਣ ਵਾਲੀ ਪੀੜ੍ਹੀ ਲਈ ਆਪਣੇ ਵਿਰਸੇ ਨੂੰ ਜੋੜਨ ਦਾ ਉਪਰਾਲਾ ਕਰ ਰਹੇ ਹਾਂ। ਮੀਟਿੰਗ ਵਿਚ ਹਾਜ਼ਰ ਮੈਂਬਰਾਂ ਵਿਚ ਵਿਜੇ ਪਰਹਾਰ, ਅਵਤਾਰ ਡੌਡ, ਅੰਮ੍ਰਿਤ ਸਿੰਘ, ਕਮਲ ਬੰਗਾ, ਭੀਲੀ ਸੰਧੂ, ਸੁਖਰਾਜ ਔਲਖ, ਅਮਰੀਕ ਪਰਹਾਰ, ਜਤਿੰਦਰ ਬੀਸਲਾ, ਗੁਰਪਾਲ ਤੱਖਰ, ਸੰਗਾਰਾ ਰਾਮ, ਬਲਦੇਵ ਗਰੇਵਾਲ ਅਤੇ ਰਸ਼ਪਾਲ ਫਰਵਾਲਾ ਸ਼ਾਮਲ ਸਨ। ਹੋਰ ਜਾਣਕਾਰੀ ਲਈ ਰਸ਼ਪਾਲ ਸਿੰਘ ਫਰਵਾਲਾ ਫੋਨ ਨੰਬਰ 916-880-0531 ਅਤੇ ਤੀਰਥ ਸਿੰਘ ਸਹੋਤਾ 916-271-8382 'ਤੇ ਸੰਪਰਕ ਕੀਤਾ ਜਾ ਸਕਦਾ ਹੈ।


Non Profit

PCS SACRAMENTO (USA) Presents

Since 1990

29ਵਾਂ ਵਿਸਾਖੀ ਮੇਲਾ

Visakhi Mela





Featuring : Songs, Gidha & Bhangra, Dances, Skits and Much More

Celebration On

Saturday 5th May 2018

at 3:00 P.M.

Performing Art Centre

Sheldon High School

8333 Kingsbridge Drive, Sacramento CA 95829

Spcl. Appearance Bhangra & Gidda

ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

ਪ੍ਰਬੰਧਕੀ ਕਮੇਟੀ: ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਜਤਿੰਦਰ ਬੀਸਲਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਹਰਕਿੰਦਰ ਬਾਸੀ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਰੀਹਲ, ਜਸਵੰਤ ਸ਼ਾਦ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਡੌਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਮਨੋਹਰ ਲਾਲ ਰੱਤੀ, ਮਨਜੀਤ ਢਿਲੋਂ (ਮੋਡੇਸਟੋ), ਦਲਜੀਤ ਸਿੰਘ ਲੋਪੋਂ, ਭੀਲੀ ਸਿੰਘ, ਯਾਦਵਿੰਦਰ ਗਿੱਲ, ਬਲਦੇਵ ਗਰੇਵਾਲ, ਗੁਰਪਾਲ ਤੱਖਰ, ਗੁਰਮਿੰਦਰ ਗੁਰੀ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਢੁੰਬਰ (ਐਡੀਟਰ ਦੇਸ਼ ਦੋਆਬਾ)

ਸਪੌਂਸਰ ਕਰਤਾ: ਹਰਜੀਤ ਸਿੰਘ (ਮਾਉਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਬੱਗਾ ਪੈਲੇਸ (ਰੋਹਿਤ), ਇੰਡੀਆ ਹਾਊਸ ਆਫ਼ ਗਰੋਸਰੀ, ਇੰਡੀਆ ਮਾਰਕੀਟ (ਕਸ਼ਮੀਰ ਸਿੰਘ), ਇੰਡੀਆ ਬਜ਼ਾਰ (ਜੈ ਰਾਮ ਗੌਂਡ) ਪੰਜਾਬੀ ਬਜ਼ਾਰ (ਗੁਰਮਿੰਦਰ ਗੁਰੀ), ਸਟਾਰ ਆਫ ਇੰਡੀਆ, ਬੱਗਾ ਜਿਊਲਰਜ਼ (ਜੌਨੀ), ਗੁਰਨੇਕ ਸਿੰਘ ਫੈਟਡੱਕ ਪੀਜ਼ਾ), ਏ.ਵੀ. ਸਵੀਟਸ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇਮੀਗ੍ਰੇਸ਼ਨ ਟੈਕਸ ਸਰਵਿਸ), ਦੇਸੀ ਬਜ਼ਾਰ, ਜਸਵੀਰ ਸਿੰਘ ਰਾਣਾ (Seven-Elevan) ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਜਰਨੈਲ ਮੰਡੇਰ, ਜਗਜੀਤ ਕੰਦੋਲਾ, ਸੁਰਿੰਦਰ ਬਿੰਦਰਾ, ਸਮੋਸਾ ਗਾਰਡਨ।

For More Information Please Contact : Participation: Rashpal Pharwala (916) 880-0531,
Stalls: Tirath Sahota (916) 271-8382, Amrik Parhar (916) 502-0064, Host by: Jaswant S. Shad (209) 992-7185

ADMISSION FREE

Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

punjabiculturalsociety

This organization is committed to preserving and promoting the rich culture of Punjab. Our main goal is to inspire children brought up in the west to learn about their ancestral culture and values.


## ਹਥਿਆਰਾਂ ਦਾ ਸ਼ੌਂਕ ਮਹਿੰਗਾ, ਡੋਪ ਟੈਸਟ ਦੇ ਲੱਗਣਗੇ 1500 ਰੁਪਏ

### *ਪੰਜਾਬ ਸਿਹਤ ਵਿਭਾਗ ਨੇ ਡੋਪ ਟੈਸਟ ਦੇ ਲਈ ਨੋਟੀਫਿਕੇਸ਼ਨ ਜਾਰੀ ਕੀਤਾ*



**ਜੰਡਿਆਲਾ ਗੁਰੂ/ਪਰਗਟ ਸਿੰਘ:** ਪੰਜਾਬ ਸਿਹਤ ਵਿਭਾਗ ਨੇ ਆਰਮਜ਼ ਲਾਇਸੈਂਸਾਂ ਦੇ ਲਈ ਜ਼ਰੂਰੀ ਕੀਤੇ ਡੋਪ ਟੈਸਟ ਦੀ ਨਿਰਧਾਰਿਤ ਫੀਸ ਦੇ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਆਰਮਜ਼ ਲਾਇਸੈਂਸ ਦੇ ਲਈ ਸਰਕਾਰੀ ਹਸਪਤਾਲਾਂ ਵਿਚ ਹੋਣ ਵਾਲੇ ਇਸ ਡੋਪ ਟੈਸਟ ਦੇ ਲਈ 1500 ਰੁਪਏ ਫੀਸ ਨਿਰਧਾਰਿਤ ਕੀਤੀ ਗਈ ਹੈ। ਹੁਣ ਡੋਪ ਟੈਸਟ ਸਰਕਾਰੀ ਹਸਪਤਾਲਾਂ ਵਿਚ ਹੀ ਹੋਵੇਗਾ, ਪ੍ਰਾਈਵੇਟ ਹਸਪਤਾਲਾਂ ਦੇ ਟੈਸਟ ਨੂੰ ਪ੍ਰਸ਼ਾਸ਼ਣ ਨਹੀਂ ਮੰਨੇਗਾ। ਸਰਕਾਰੀ ਹਸਪਤਾਲਾਂ ਵਿਚ ਸਟਾਫ਼ ਤੇ ਕਿੱਟਾਂ ਦੀ ਘਾਟ ਕਾਰਨ ਲੋਕ ਪਰੇਸ਼ਾਨ ਹੋ ਰਹੇ ਹਨ। ਆਰਮਜ਼ ਲਾਇਸੈਂਸ ਲੈਣ ਵਾਲਿਆਂ ਤੋਂ ਸਰਕਾਰ ਮੋਟੀ ਕਮਾਈ ਕਰ ਰਹੀ ਹੈ। ਕੇਂਦਰ ਸਰਕਾਰ ਵੱਲੋਂ ਲਾਇਸੈਂਸ ਫੀਸ ਕਈ ਗੁਣਾਂ ਵਧਾ ਦੇਣ ਕਾਰਨ ਹੁਣ ਹਥਿਆਰ ਰੱਖਣ ਦਾ ਸ਼ੌਂਕ ਮਹਿੰਗਾ ਹੋ ਗਿਆ ਹੈ। ਨਵੇਂ ਹਥਿਆਰਾਂ ਦੇ ਲਾਇਸੈਂਸ ਦੇ ਲਈ 15 ਹਜ਼ਾਰ ਰੈਡ ਕਰਾਸ ਸਹਾਇਤਾ ਤੇ ਆਰਮਜ਼ ਟ੍ਰੇਨਿੰਗ ਆਦਿ ਤਕਰੀਬਨ 25 ਹਜ਼ਾਰ ਫੀਸ ਦੇਣੀ ਪੈਂਦੀ ਹੈ। ਪੁਰਾਣੇ ਆਰਮਜ਼ ਲਾਇਸੈਂਸ ਵਾਲਿਆਂ ਨੂੰ ਲਾਇਸੈਂਸ ਰੀਨਿਊ ਕਰਾਉਣ ਦੇ ਲਈ ਸੇਵਾ ਕੇਂਦਰ ਸੁਵਿਧਾ ਫੀਸ ਸਮੇਤ ਤਕਰੀਬਨ 1800 ਰੁਪਏ ਟੈਸਟ ਫੀਸ ਸਰਕਾਰ ਨੇ ਮਿੱਥ ਦਿੱਤੀ ਹੈ। ਪੰਜਾਬ ਰਾਜ ਸਿਹਤ ਨਿਯਮ ਨੇ 17 ਅਪ੍ਰੈਲ ਨੂੰ ਅੰਜਲੀ ਭਾਵੜਾ ਪ੍ਰਿੰਸੀਪਲ ਸੈਕਟਰੀ ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ ਵੱਲੋਂ ਰਾਜ ਭਰ ਦੇ ਸਿਵਲ ਸਰਜਨਾਂ ਤੇ ਡਿਪਟੀ ਮੈਡੀਕਲ ਕਮਿਸ਼ਨਰਾਂ ਨੂੰ ਆਰਮਜ਼ ਲਾਇਸੈਂਸ ਦੇ ਲਈ ਮੈਡੀਕਲ ਤੇ ਡੋਪ ਟੈਸਟ ਨੂੰ ਰਾਜ ਸਰਕਾਰ ਨੇ 1500 ਰੁਪਏ ਫੀਸ ਨਿਰਧਾਰਿਤ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਅੰਮ੍ਰਿਤਸਰ ਦੇ ਸਿਹਤ ਵਿਭਾਗ ਦੇ ਅਧਿਕਾਰੀ ਨੇ ਕਿਹਾ ਹੈ ਕਿ ਫੀਸ ਤੁਰੰਤ ਲਾਗੂ ਕਰ ਦਿੱਤੀ ਗਈ ਹੈ। ਡੋਪ ਟੈਸਟ ਦੇ ਲਈ ਕਿੱਟਾਂ ਦੀ ਘਾਟ ਹੋਣ ਦੀ ਗੱਲ ਮੰਨਦੇ ਹੋਏ ਕਿਹਾ ਕਿ ਉਨ੍ਹਾਂ ਨੇ 500 ਕਿੱਟਾਂ ਜਾਰੀ ਕਰਨ ਦੇ ਲਈ ਉੱਚ ਅਧਿਕਾਰੀਆਂ ਨੂੰ ਕਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਡੋਪ ਟੈਸਟ ਦੇ ਲਈ ਪਿਸ਼ਾਬ ਦੇ ਨਮੂਨੇ ਤੋਂ ਇਲਾਵਾ ਕਿੱਟ ਤੋਂ ਅਫੀਮ, ਡੋਡੇ, ਭੰਗ, ਕੋਕੀਨ, ਹੈਰੋਇਨ ਤੇ ਸਮੈਕ ਜਾ ਨਸ਼ੀਲੀ ਦਵਾ ਦੇ ਨਸ਼ਾ ਦਾ ਪਤਾ ਲੱਗ ਜਾਂਦਾ ਹੈ।



Raja™ SWEETS & CATERING®
AUTHORIZED CATERER FOR MAJOR 5-STAR HOTELS

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.













PER GALLON ON DIESEL






## FUEL CARD

**Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.**

## FACTORING

**Fleet One introduces aggressive factoring program for Trans-Alliance members. We can beat any price to get your piece of business.**

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores

ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ
ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।




COVERED CALIFORNIA

Open Enrollment for Healthcare Starts November 1,2017 to January 31, 2018.

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

# Website Design & Development

- ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✓WEB DEVELOPMENT
✓WEB DESIGNING
✓WEB RE-DESIGN
✓LOGO DESIGN
✓SEO SERVICES
✓TECHNICAL SUPPORT



ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
Web Media Art
info@webmediaart.com
www.webmediaart.com

# ਇੰਗਲੈਂਡ ਤੇ ਰੂਸ ਦੀ ਖਹਿਬਾਜ਼ੀ ਵਿੱਚ ਜੇਤੂ ਕੌਣ ?

**ਹਸਨ ਸਰੂਰ**

ਸੀਰੀਆਈ ਸ਼ਹਿਰ ਦੂਮਾ 'ਤੇ ਹੋਏ ਰਸਾਇਣਕ ਹਮਲਿਆਂ ਲਈ ਸੀਰੀਆ ਦੀ ਸਰਕਾਰ ਨੂੰ ਦੋਸ਼ੀ ਕਰਾਰ ਦਿੰਦਿਆਂ ਅਮਰੀਕਾ, ਇੰਗਲੈਂਡ ਅਤੇ ਫ਼ਰਾਂਸ ਨੇ ਉਸ ਮੁਲਕ 'ਤੇ ਬੰਬਾਰੀ ਕੀਤੀ। ਇੰਗਲੈਂਡ ਦੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਇਸ ਮੁੱਦੇ 'ਤੇ ਖ਼ਾਮੋਸ਼ੀ ਤੋੜਦਿਆਂ ਪਹਿਲੀ ਵਾਰ ਕੁਝ ਅਸਪੱਸ਼ਟ ਤੇ ਅਜੀਬ ਜਿਹਾ ਸਪੱਸ਼ਟੀਕਰਨ ਦਿੱਤਾ। ਇਨ੍ਹਾਂ ਤਿੰਨਾਂ ਮੁਲਕਾਂ ਵੱਲੋਂ ਸੀਰੀਆ 'ਤੇ ਕੀਤਾ ਹਮਲਾ ਕੀ ਕਾਨੂੰਨੀ ਤੌਰ 'ਤੇ ਜਾਇਜ਼ ਸੀ, ਇਸ ਬਾਰੇ ਕਈ ਤਰ੍ਹਾਂ ਦੇ ਸੁਆਲ ਉੱਠ ਰਹੇ ਹਨ। ਟੈਰੇਜ਼ਾ ਮੇਅ ਨੇ ਕਿਹਾ ਕਿ ਪੂਰੀ ਦੁਨੀਆ ਬੇਵੱਸ ਸੀਰਿਆਈ ਲੋਕਾਂ ਉੱਤੇ ਹੋ ਰਹੇ ਗੈਸੀ ਹਮਲੇ ਹੁੰਦੇ ਦੇਖ ਕੇ ਚੁੱਪ ਕਿਵੇਂ ਬੈਠ ਸਕਦੀ ਸੀ (ਕੀ ਅਮਰੀਕਾ, ਫ਼ਰਾਂਸ ਤੇ ਇੰਗਲੈਂਡ ਨੂੰ ਪੂਰੀ ਦੁਨੀਆ ਮੰਨਿਆ ਜਾ ਸਕਦਾ ਹੈ, ਇਹ ਵੀ ਵੱਡਾ ਸੁਆਲ ਹੈ)। ਸੋਗ ਵਿੱਚ ਲਪੇਟੇ ਇਸ ਸਪੱਸ਼ਟੀਕਰਨ ਵਿਚ ਉਹ ਰੂਸ ਖ਼ਿਲਾਫ਼ ਆਪਣੀ ਭੜਾਸ ਕੱਢਣੋਂ ਨਾ ਰਹਿ ਸਕੇ। ਵਰਨਣਯੋਗ ਹੈ ਕਿ ਇੰਗਲੈਂਡ ਪਿਛਲੇ ਕੁਝ ਸਮੇਂ ਤੋਂ ਇਹੋ ਦੋਸ਼ ਲਾ ਰਿਹਾ ਹੈ ਕਿ ਸੈਲਜ਼ਬਰੀ ਵਿੱਚ ਦੋਹਰੇ ਜਾਸੂਸ ਸਰਗੇਈ ਸਕ੍ਰਾਈਪਲ ਅਤੇ ਉਸ ਦੀ ਧੀ ਯੂਲੀਆ 'ਤੇ ਪਿਛਲੇ ਮਹੀਨੇ ਹੋਏ ਕਾਤਲਾਨਾ ਹਮਲੇ ਪਿੱਛੇ ਰੂਸ ਦਾ ਹੱਥ ਹੈ।

ਸਕ੍ਰਾਈਪਲ ਅਤੇ ਸੀਰਿਆਈ ਹਮਲਿਆਂ ਦੇ ਬਹਾਨੇ ਰੂਸ ਖ਼ਿਲਾਫ਼ ਇੰਗਲੈਂਡ ਦੀ ਮੁਹਿੰਮ ਨੂੰ ਪੁਨਰ-ਸੁਰਜੀਤ ਕਰਦਿਆਂ ਟੈਰੇਜ਼ਾ ਮੇਅ ਨੇ ਐਲਾਨ ਕੀਤਾ: "ਅਸੀਂ ਰਸਾਇਣਕ ਹਮਲਿਆਂ ਦੀ ਇਜਾਜ਼ਤ ਨਹੀਂ ਦੇ ਸਕਦੇ ਤੇ ਨਾ ਹੀ ਉਨ੍ਹਾਂ ਨੂੰ ਦੇਖ ਕੇ ਅੱਖਾਂ ਮੀਟ ਕੇ ਬੈਠੇ ਰਹਿ ਸਕਦੇ ਹਾਂ - ਉਹ ਹਮਲੇ ਭਾਵੇਂ ਸੀਰੀਆ 'ਚ ਹੋਣ, ਤੇ ਭਾਵੇਂ ਇੰਗਲੈਂਡ ਦੀਆਂ ਸੜਕਾਂ ਉੱਤੇ, ਭਾਵੇਂ ਕਿਤੇ ਹੋਰ।" ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਸਕ੍ਰਾਈਪਲ ਕੇਸ ਨੂੰ ਮੁੜ ਮੀਡੀਆ 'ਚ ਸੁਰਖ਼ੀਆਂ ਬਣਾਉਣ ਦਾ ਜਤਨ ਕੀਤਾ ਪਰ ਸਫ਼ਲ ਨਾ ਹੋ ਸਕੇ।

ਇੱਥੇ ਸਮੱਸਿਆ ਇਹ ਹੈ ਕਿ ਕੋਈ ਮੁੱਦਾ ਪ੍ਰਚਾਰਨ ਲਈ ਵੀ ਬਹੁਤ ਚਲਾਕੀ ਤੇ ਚੁਸਤੀ ਚਾਹੀਦੀ ਹੈ। ਅਜਿਹਾ ਪ੍ਰਚਾਰ ਕਰਨਾ ਤਾਂ ਸੌਖਾ ਹੈ ਪਰ ਜੇ ਆਪਣੇ ਪੱਖ ਦੇ ਹੱਕ ਵਿਚ ਕੋਈ ਠੋਸ ਗੱਲਾਂ ਨਾ ਹੋਣ ਤਾਂ ਗੱਡੀ ਛੇਤੀ ਹੀ ਲੀਹੋਂ ਲੱਥ ਵੀ ਜਾਂਦੀ ਹੈ। ਆਧੁਨਿਕ ਲੋਕ ਸੰਪਰਕ ਅਤੇ ਪ੍ਰਚਾਰ ਦੇ ਪਿਤਾਮਾ ਮੰਨੇ ਜਾਂਦੇ ਐਡਵਰਡ ਬਾਰਨਜ਼ ਦਾ ਕਹਿਣਾ ਹੈ ਕਿ ਪ੍ਰਚਾਰ ਤੇ ਪਾਸਾਰ ਦੀ ਕੋਈ ਮੁਹਿੰਮ ਤਾਂ ਹੀ ਸਫ਼ਲ ਹੁੰਦੀ ਹੈ ਜੇ ਉਸ ਕੰਮ ਦਾ ਅਸਲ ਵਿਚ ਕੋਈ ਮਹੱਤਵ ਹੋਵੇ ਤੇ ਨਸ਼ਰ ਕੀਤੀ ਜਾ ਰਹੀ ਜਾਣਕਾਰੀ ਪੂਰੀ ਤਰ੍ਹਾਂ ਦਰੁਸਤ ਹੋਵੇ। ਠੋਸ ਤੱਥ ਪੇਸ਼ ਕਰਨ ਦੀ ਥਾਂ ਖ਼ੁਦ ਨੂੰ ਹੀ ਸੱਚੇ ਤੇ ਇਮਾਨਦਾਰ ਦੱਸੀ ਜਾਣ ਅਤੇ ਸੂਝ-ਸਮਝ ਤੋਂ ਵਿਰਵੇਂ ਅਨੁਮਾਨਾਂ ਨਾਲ ਕੋਈ ਗੱਲ ਨਹੀਂ ਬਣਦੀ। ਇੰਗਲੈਂਡ ਨੇ ਵੀ ਬਿਲਕੁਲ ਇਵੇਂ ਹੀ ਕੀਤਾ ਹੈ। ਸਕ੍ਰਾਈਪਲ 'ਤੇ ਹੋਏ ਹਮਲੇ ਨੂੰ ਲੈ ਕੇ ਉਸ ਨੇ ਕਾਹਲ਼ੀ ਵਿਚ ਸਫ਼ਾਰਤੀ ਪੱਧਰ ਦਾ ਵਿਵਾਦ ਖੜ੍ਹਾ ਕਰ ਕੇ ਰੂਸ ਨਾਲ ਆਪਸੀ ਸਬੰਧਾਂ ਨੂੰ ਢਾਹ ਲਾਈ ਅਤੇ ਬਾਅਦ 'ਚ ਸੀਰੀਆ ਮਾਮਲੇ 'ਚ ਦਖ਼ਲ ਦੇ ਕੇ ਲੰਡਨ-ਮਾਸਕੋ ਵਿਚਲੇ ਦੁਵੱਲੇ ਸਬੰਧਾਂ ਨੂੰ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ 'ਤੇ ਲੈ ਆਂਦਾ। ਇੰਗਲੈਂਡ ਹੁਣ ਰੂਸ ਨਾਲ ਦੋ ਮੋਰਚਿਆਂ 'ਤੇ ਪ੍ਰਾਪੇਗੰਡੇ ਦੀ ਜੰਗ ਲੜ ਰਿਹਾ ਹੈ। ਸੀਰੀਆ ਦੇ ਮੁੱਦੇ 'ਤੇ ਉਹ ਭਾਵੇਂ ਅਮਰੀਕਾ ਦਾ ਸਿਰਫ਼ ਸਾਥ ਹੀ ਦੇ ਰਿਹਾ ਹੈ ਪਰ ਇਸ ਦਾ ਰੌਲ਼ਾ ਵ੍ਹਾਈਟ ਹਾਊਸ ਨਾਲੋਂ ਵੱਧ ਡਾਊਨਿੰਗ ਸਟ੍ਰੀਟ 'ਤੇ ਪੈ ਰਿਹਾ ਹੈ। ਰੂਸ ਨਾਲ ਖਹਿਬੜਨ ਦੀ ਇੰਗਲੈਂਡ ਦੀ ਪੁਰਾਣੀ ਆਦਤ ਇੰਨੀ ਜ਼ਿਆਦਾ ਹੈ ਕਿ ਦੂਮਾ 'ਤੇ ਹੋਏ ਗੈਸ ਹਮਲੇ ਦੀ ਉਸ ਨੂੰ ਇੰਨੀ ਫ਼ਿਕਰ ਨਹੀਂ ਹੈ, ਸਗੋਂ ਉਸ ਨੇ ਮਾਸਕੋ ਨੂੰ ਨਿਸ਼ਾਨਾ ਬਣਾ ਕੇ ਦਮਸ਼ਕ 'ਤੇ ਬੰਬਾਰੀ ਕੀਤੀ ਹੈ ਕਿਉਂਕਿ ਰੂਸ ਸਿੱਧੇ ਤੌਰ 'ਤੇ ਸੀਰੀਆ ਦੀ ਅਸਦ ਸਰਕਾਰ ਨੂੰ ਹਮਾਇਤ ਦੇ ਰਿਹਾ ਹੈ। ਜਵਾਬ 'ਚ ਰੂਸ ਨੇ ਵੀ ਦੋਸ਼ ਲਾਇਆ ਹੈ ਕਿ ਇਸ ਵਧੀਕੀ ਦੀ ਸਾਜ਼ਿਸ਼ ਦਰਅਸਲ ਇੰਗਲੈਂਡ ਦੇ ਹਮਾਇਤ ਪ੍ਰਾਪਤ ਬਾਗ਼ੀਆਂ ਅਤੇ ਸੱਜੇ-ਪੱਖੀ ਸਮੂਹ 'ਵ੍ਹਾਈਟ ਹੈਲਮੈੱਟਸ' ਨੇ ਘੜੀ ਸੀ।

ਇਸ ਦੌਰਾਨ ਸਕ੍ਰਾਈਪਲ ਵਿਵਾਦ 'ਚ ਇੰਗਲੈਂਡ ਦੀਆਂ ਦਲੀਲਾਂ ਫਿੱਕੀਆਂ ਪੈਂਦੀਆਂ ਦਿਖਾਈ ਦੇ ਰਹੀਆਂ ਹਨ ਕਿਉਂਕਿ ਉਸ ਨੇ ਬਹੁਤ ਕਾਹਲ਼ੀ ਕਾਹਲ਼ੀ 'ਚ ਸਾਰਾ ਦੋਸ਼ ਵਲਾਦੀਮੀਰ ਪੂਤਿਨ ਦੇ ਸਲਾਹਕਾਰਾਂ 'ਤੇ ਲਾਉਣਾ ਸ਼ੁਰੂ ਕਰ ਦਿੱਤਾ ਸੀ। ਤਕਰੀਬਨ ਦਸ ਦਿਨ ਤੋਂ ਪ੍ਰਾਪੇਗੰਡੇ ਦੀ ਇਸ ਜੰਗ ਵਿਚ ਰੂਸ ਦਾ ਹੱਥ ਉਤਾਂਹ ਹੁੰਦਾ ਦਿਖਾਈ ਦੇ ਰਿਹਾ ਹੈ ਅਤੇ ਇੰਗਲੈਂਡ ਵੱਲੋਂ ਪੇਸ਼ ਕੀਤੇ ਜਾ ਰਹੇ ਤੱਥ ਕੁਝ ਸ਼ੱਕੀ ਜਾਪਣੇ ਸ਼ੁਰੂ ਹੋ ਗਏ ਹਨ। ਇਸ ਸਾਰੇ ਮਾਮਲੇ ਦਾ ਨਤੀਜਾ ਭਾਵੇਂ ਜੋ ਮਰਜ਼ੀ ਨਿੱਕਲੇ, ਇੰਗਲੈਂਡ ਨੂੰ ਆਪਣੀ ਭਰੋਸੇਯੋਗਤਾ ਕਾਇਮ ਰੱਖਣ ਵਿਚ ਵੀ ਔਕੜਾਂ ਪੇਸ਼ ਆ ਰਹੀਆਂ ਹਨ ਕਿਉਂਕਿ ਉਸ ਦੇ ਆਪਣੇ ਹਮਾਇਤੀ ਮੁਲਕ ਵੀ ਉਸ ਦੇ ਦਾਅਵਿਆਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਲੱਗੇ ਹਨ। ਜਰਮਨ ਚਾਂਸਲਰ ਏਂਜਲਾ ਮਰਕਲ ਦੀ ਪਾਰਟੀ ਕ੍ਰਿਸਚੀਅਨ ਡੈਮੋਕ੍ਰੈਟਿਕ ਯੂਨੀਅਨ ਦੇ ਇਕ ਸੀਨੀਅਰ ਆਗੂ ਨੇ ਜਨਤਕ ਤੌਰ 'ਤੇ ਇੰਗਲੈਂਡ ਦੀ ਨਿਖੇਧੀ ਕਰਦਿਆਂ ਆਖਿਆ ਹੈ ਕਿ ਇਸ ਨੇ ਬਿਨਾਂ ਕਿਸੇ ਠੋਸ ਸਬੂਤ ਦੇ ਰੂਸ 'ਤੇ ਦੋਸ਼ ਲਾ ਛੱਡੇ ਹਨ। ਪਾਰਟੀ ਦੇ ਡਿਪਟੀ ਚੇਅਰਮੈਨ ਅਰਮਿਨ ਲਾਸ਼ੇਟ ਨੇ ਸੁਆਲ ਕੀਤਾ ਹੈ, "ਜੇ ਤੁਸੀਂ ਸਾਰੇ ਨਾਟੋ ਮੁਲਕਾਂ ਨੂੰ ਕਿਸੇ ਕਾਰਵਾਈ ਲਈ ਦਬਾਅ ਪਾ ਰਹੇ ਹੋ, ਤਾਂ ਕੀ ਤੁਹਾਨੂੰ ਉਸ ਲਈ ਕੋਈ ਠੋਸ ਸਬੂਤ ਪੇਸ਼ ਨਹੀਂ ਕਰਨੇ ਚਾਹੀਦੇ ?"

ਇੱਕ ਮਹੀਨੇ ਤੋਂ ਵੀ ਵੱਧ ਸਮਾਂ ਪਹਿਲਾਂ ਸਰਗੇਈ ਅਤੇ ਯੂਲੀਆ ਸਕ੍ਰਾਈਪਲ ਪਾਰਕ ਦੀ ਸੀਟ 'ਤੇ ਬੇਹੋਸ਼ ਪਏ ਮਿਲੇ ਸਨ। ਉਸ ਮਾਮਲੇ ਸਬੰਧੀ ਬ੍ਰਿਟਿਸ਼ ਸਰਕਾਰ ਵੱਲੋਂ ਪੇਸ਼ ਕੀਤੇ ਗਏ ਸਾਰੇ ਹੀ ਦਾਅਵੇ ਹੁਣ ਸ਼ੱਕੀ ਬਣ ਗਏ ਹਨ। ਹੁਣ ਸਿਰਫ਼ ਟੈਰੇਜ਼ਾ ਮੇਅ ਹੀ ਰੂਸ ਖ਼ਿਲਾਫ਼ ਅੱਗ ਉਗਲ਼ ਰਹੇ ਹਨ। ਇਸ ਕਾਤਲਾਨਾ ਹਮਲੇ ਪਿੱਛੇ ਰੂਸ ਦੀ ਸ਼ਮੂਲੀਅਤ ਦਾ ਕੋਈ ਸਬੂਤ ਪੇਸ਼ ਨਹੀਂ ਕੀਤਾ ਗਿਆ (ਹੋਰ ਤਾਂ ਹੋਰ, ਰੂਸ ਨੂੰ ਉਹ ਰਸਾਇਣ ਦੇਖਣ ਤੱਕ ਦੀ ਇਜਾਜ਼ਤ ਨਹੀਂ ਦਿੱਤੀ ਗਈ, ਜਿਸ ਨਾਲ ਕਥਿਤ ਹਮਲਾ ਹੋਇਆ ਸੀ)। ਇੰਗਲੈਂਡ ਦੀ ਸਰਕਾਰ 'ਚ ਸ਼ਾਮਲ ਕੁਝ ਸੀਨੀਅਰ ਆਗੂਆਂ ਨੇ ਵੀ ਇਸ ਸਬੰਧੀ ਕੁਝ ਬਿਆਨ ਦਿੱਤੇ ਸਨ ਪਰ ਬਾਅਦ 'ਚ ਉਹ ਸਾਰੇ ਝੂਠੇ ਨਿੱਕਲੇ; ਜਿਵੇਂ ਵਿਦੇਸ਼ ਮੰਤਰੀ ਬੋਰਿਸ ਜੌਨਸਨ ਨੇ ਦਾਅਵਾ ਕੀਤਾ ਸੀ ਕਿ ਬ੍ਰਿਟੇਨ ਦੇ ਚੋਟੀ ਦੇ ਵਿਗਿਆਨੀਆਂ ਦਾ ਇਹ "ਸਾਫ਼" ਮੰਨਣਾ ਹੈ ਕਿ ਸਕ੍ਰਾਈਪਲ ਪਿਓ-ਧੀ ਨੂੰ ਦਿੱਤੇ ਜ਼ਹਿਰੀਲੇ 'ਨਰਵ ਏਜੰਟ - ਨੋਵੀਚੋਕ' ਦਾ ਸਰੋਤ ਰੂਸ ਸੀ। ਫਿਰ ਜਦੋਂ ਉਸ ਰਸਾਇਣ ਦੀ ਪਰਖ ਕਰਨ ਵਾਲੀ ਸਰਕਾਰੀ ਲੈਬਾਰਟਰੀ ਦੇ ਮੁਖੀ ਨੇ ਜਨਤਕ ਤੌਰ 'ਤੇ ਅਜਿਹੇ ਦਾਅਵੇ ਤੋਂ ਸਾਫ਼ ਇਨਕਾਰ ਕਰ ਦਿੱਤਾ, ਤਾਂ ਉਨ੍ਹਾਂ ਨੂੰ ਆਪਣਾ ਬਿਆਨ ਵਾਪਸ ਲੈਣ ਲਈ ਆਖਿਆ ਗਿਆ। ਫਿਰ ਕੌਮਾਂਤਰੀ ਪੱਧਰ 'ਤੇ ਹੋਰ ਵੀ ਕਿੰਤੂ-ਪ੍ਰੰਤੂ ਹੋਣ ਲੱਗ ਪਏ, ਜਦੋਂ ਬ੍ਰਿਟਿਸ਼ ਵਿਦੇਸ਼ ਵਿਭਾਗ ਨੇ ਚੋਰੀ-ਛਿਪੇ ਉਹ ਟਵੀਟ ਡਿਲੀਟ ਕਰ ਦਿੱਤਾ, ਜਿਸ ਵਿਚ ਵਿਗਿਆਨੀਆਂ ਦੇ ਹਵਾਲੇ ਨਾਲ ਇਹ ਦਾਅਵਾ ਕੀਤਾ ਗਿਆ ਸੀ ਕਿ ਸਕ੍ਰਾਈਪਲ ਪਿਓ-ਧੀ 'ਤੇ ਹਮਲੇ ਲਈ ਵਰਤਿਆ ਗਿਆ ਰਸਾਇਣ ਰੂਸ ਵਿਚ ਤਿਆਰ ਹੋਇਆ ਸੀ। ਸਰਕਾਰੀ ਬਿਆਨਬਾਜ਼ੀਆਂ ਵਿਚ ਕਿਤੇ ਕੋਈ ਤਾਲਮੇਲ ਨਹੀਂ, ਜਿਵੇਂ ਸਕ੍ਰਾਈਪਲ ਪਿਓ-ਧੀ ਨੂੰ ਦਿੱਤੀ ਜ਼ਹਿਰ ਦਾ ਅਸਰ ਕਿੰਨਾ ਕੁ ਗੰਭੀਰ ਸੀ। ਹਫ਼ਤਿਆਂ ਬੱਧੀ ਇਹੋ ਆਖਿਆ ਜਾਂਦਾ ਰਿਹਾ ਕਿ ਉਨ੍ਹਾਂ ਦੀ ਹਾਲਤ ਬਹੁਤ ਨਾਜ਼ੁਕ ਹੈ ਅਤੇ ਜਾਨ ਨੂੰ ਲਗਾਤਾਰ ਖ਼ਤਰਾ ਹੈ; ਫਿਰ ਇਕ ਰਾਤ ਨੂੰ ਉਹ ਚਮਤਕਾਰੀ ਢੰਗ ਨਾਲ ਠੀਕ ਹੋਣ ਲੱਗ ਪਏ। ਪਿਛਲੇ ਹਫ਼ਤੇ, ਯੂਲੀਆ ਬਾਰੇ ਅਚਾਨਕ ਹੀ ਐਲਾਨ ਕਰ ਦਿੱਤਾ ਗਿਆ ਕਿ ਉਹ ਹੁਣ ਬਿਲਕੁਲ ਠੀਕ ਹੋ ਗਈ ਹੈ ਅਤੇ ਉਸ ਨੂੰ ਹਸਪਤਾਲ ਤੋਂ ਛੁੱਟੀ ਦਿੱਤੀ ਜਾ ਸਕਦੀ ਹੈ। ਫਿਰ ਕੁਝ ਚਿਰ ਬਾਅਦ ਪਿਤਾ ਨੂੰ ਵੀ ਇੰਜ ਹੀ ਛੁੱਟੀ ਮਿਲ ਗਈ।

'ਦਿ ਗਾਰਡੀਅਨ' ਨੇ ਇਸ ਸਾਰੇ ਮਾਮਲੇ ਨੂੰ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਬੋਰਿਸ ਜੌਨਸਨ ਵੱਲੋਂ ਬਿਨਾਂ ਸੋਚੇ-ਸਮਝੇ ਕੀਤੇ ਦਾਅਵਿਆਂ ਦਾ ਇੰਗਲੈਂਡ ਦੀ ਸਰਕਾਰ ਨੂੰ ਨੁਕਸਾਨ ਹੋਇਆ ਹੈ ਅਤੇ ਰੂਸ ਨੇ ਆਪਣੇ ਖ਼ਿਲਾਫ਼ ਹੋਏ ਪ੍ਰਚਾਰ ਦਾ ਡਟ ਕੇ ਸਾਹਮਣਾ ਕੀਤਾ ਹੈ ਅਤੇ ਬ੍ਰਿਟਿਸ਼ ਮੰਤਰੀ ਰੂਸੀਆਂ ਦੇ ਮੁਕਾਬਲੇ ਕਿਤੇ ਖਲੋਣ ਜੋਗੇ ਨਹੀਂ ਹਨ। ਰੂਸ ਦੀ ਜਵਾਬੀ ਕਾਰਵਾਈ 'ਚ ਬ੍ਰਿਟੇਨ ਵਿੱਚ ਉਸ ਦੇ ਸਫ਼ੀਰ ਅਲੈਗਜ਼ੈਂਡਰ ਯਾਕੋਵੈਂਕੋ ਨੇ ਆਪਣੇ ਦੋਸਤਾਨਾ ਅਕਸ ਨੂੰ ਪਿਛਾਂਹ ਛੱਡਦਿਆਂ ਸਕ੍ਰਾਈਪਲ ਮੁੱਦੇ ਨੂੰ ਲੈ ਕੇ ਇੰਗਲੈਂਡ ਦੀ ਸਰਕਾਰ 'ਤੇ ਰੂਸ ਨੂੰ ਬਦਨਾਮ ਕਰਨ ਦਾ ਦੋਸ਼ ਲਾਇਆ। ਅਜਿਹੀ 'ਸੰਭਾਵਨਾ ਬਹੁਤ ਜ਼ਿਆਦਾ' ਹੈ ਕਿ ਜ਼ਹਿਰ ਇੰਗਲੈਂਡ ਦੀ ਆਪਣੀ ਖ਼ੁਫ਼ੀਆ ਫ਼ੌਜੀ ਰਸਾਇਣ ਫ਼ੈਕਟਰੀ 'ਪੋਰਟਨ ਡਾਊਨ' ਵਿੱਚ ਤਿਆਰ ਕੀਤਾ ਗਿਆ ਸੀ। ਇਸੇ ਲਈ ਰੂਸੀ ਸਫ਼ੀਰ ਨੇ ਸੁਆਲ ਦਾਗ਼ਿਆ ਹੈ, "ਇਹ ਕੋਈ ਮੌਕਾ-ਮੇਲ ਹੈ ਕਿ ਰਸਾਇਣ ਤਿਆਰ ਕਰਨ ਵਾਲੀ ਇੰਗਲੈਂਡ ਦੀ ਆਪਣੀ ਫ਼ੈਕਟਰੀ ਘਟਨਾ ਸਥਾਨ ਤੋਂ ਸਿਰਫ਼ ਅੱਠ ਮੀਲ ਦੂਰ ਹੈ ?"

ਸਿਰਫ਼ ਦੋ ਕੁ ਹਫ਼ਤੇ ਪਹਿਲਾਂ ਜਦੋਂ ਇੰਗਲੈਂਡ ਦੇ ਭਾਈਵਾਲ ਮੁਲਕ ਅਤੇ ਅਮਰੀਕਾ ਵੱਡੇ ਪੱਧਰ 'ਤੇ ਰੂਸ ਦੇ ਸਫ਼ਾਰਤੀ ਅਮਲਿਆਂ ਨੂੰ ਤੇਜ਼ੀ ਨਾਲ ਬਾਹਰ ਕੱਢ ਰਹੇ ਸਨ, ਉਦੋਂ ਇਸ 'ਠੰਢੀ ਜੰਗ' ਵਿਚ ਇੰਗਲੈਂਡ ਦਾ ਹੱਥ ਉੱਤੇ ਦਿਖਾਈ ਦੇ ਰਿਹਾ ਸੀ। ਉਦੋਂ ਟੈਰੇਜ਼ਾ ਮੇਅ ਨੇ ਇਸ ਕਾਰਵਾਈ ਨੂੰ 'ਇੱਕਜੁਟਤਾ ਦਾ ਵਿਲੱਖਣ' ਪ੍ਰਦਰਸ਼ਨ ਕਰਾਰ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਇੰਜ ਰੂਸ ਨੂੰ ਸਖ਼ਤ ਸੁਨੇਹਾ ਮਿਲੇਗਾ। ਪਹਿਲਾਂ-ਪਹਿਲ ਮਾਸਕੋ ਨੂੰ ਆਪਣੀ ਜਵਾਬੀ ਕਾਰਵਾਈ ਕਰਨ 'ਚ ਕੁਝ ਸਮਾਂ ਤਾਂ ਜ਼ਰੂਰ ਲੱਗਾ ਪਰ ਜਦੋਂ ਉਸ ਨੇ ਜਵਾਬੀ ਹਮਲਾ ਕੀਤਾ, ਤਾਂ ਸਾਹਮਣੇ ਵਾਲਿਆਂ ਦੀ ਫੂਕ ਨਿੱਕਲ ਗਈ। ਰੂਸ ਨੇ ਸੈਲਜ਼ਬਰੀ ਹਮਲੇ 'ਚ ਆਪਣੀ ਕਥਿਤ ਸ਼ਮੂਲੀਅਤ ਦੇ ਠੋਸ ਸਬੂਤ ਮੰਗੇ ਸਨ ਤੇ ਇਸ ਸਾਰੇ ਮਾਮਲੇ ਦੀ ਸੁਤੰਤਰ ਜਾਂਚ ਮੰਗੀ ਸੀ। ਇਸ ਤੱਥ ਤੋਂ ਪੂਰੀ ਦੁਨੀਆ ਵਾਕਿਫ਼ ਹੈ ਕਿ ਰੂਸੀ ਜਦੋਂ ਪ੍ਰਾਪੇਗੰਡਾ ਕਰਨ 'ਤੇ ਆ ਜਾਂਦੇ ਹਨ, ਤਾਂ ਫਿਰ ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਰਸਾਇਣ ਦਾ ਨਿਰੀਖਣ ਕਰਨ ਲਈ ਤੈਅ ਕੀਤੇ ਕੌਮਾਂਤਰੀ ਮਾਹਿਰਾਂ ਦੇ ਪੈਨਲ ਵਿੱਚ ਜ਼ਿਆਦਾਤਰ ਇੰਗਲੈਂਡ ਦੇ ਭਾਈਵਾਲ ਮੁਲਕਾਂ ਦੇ ਮਾਹਿਰ ਸਨ। ਰੂਸ ਨੇ ਮੰਗ ਕੀਤੀ ਸੀ ਕਿ ਕੁਝ ਨਿਰਪੱਖ ਮੁਲਕਾਂ ਦੇ ਮਾਹਿਰ ਵੀ ਇਸ ਪੈਨਲ 'ਚ ਸ਼ਾਮਲ ਕੀਤੇ ਜਾਣ ਪਰ ਉਹ ਮੰਗ ਰੱਦ ਕਰ ਦਿੱਤੀ ਗਈ ਸੀ (ਉਸ ਨੇ ਖ਼ਾਸ ਤੌਰ 'ਤੇ ਭਾਰਤੀ ਮਾਹਿਰ ਸ਼ਾਮਲ ਕਰਨ ਲਈ ਕਿਹਾ ਸੀ)। ਇਸ ਪੈਨਲ ਨੇ ਇਹੋ ਪੁਸ਼ਟੀ ਕੀਤੀ ਸੀ ਕਿ ਰਸਾਇਣ ਅਸਲ ਵਿਚ 'ਨੋਵੀਚੋਕ' ਹੀ ਸੀ ਪਰ ਇੰਗਲੈਂਡ ਇਹ ਸਪੱਸ਼ਟ ਨਾ ਕਰ ਸਕਿਆ ਕਿ ਇਹ ਜ਼ਹਿਰੀਲਾ ਪਦਾਰਥ ਕਿੱਥੋਂ ਤੇ ਕਿਵੇਂ ਆਇਆ ਹੋ ਸਕਦਾ ਹੈ। ਇਸ ਦੌਰਾਨ ਪੂਤਿਨ ਨੇ ਦਾਅਵਾ ਕੀਤਾ ਹੈ ਕਿ ਇਸ ਰਸਾਇਣ ਤਕ ਘੱਟੋ-ਘੱਟ 20 ਮੁਲਕਾਂ ਦੀ ਪਹੁੰਚ ਹੈ। ਹੁਣ ਇੰਗਲੈਂਡ ਨੂੰ ਚਾਹੀਦਾ ਹੈ ਕਿ ਉਹ ਪੂਤਿਨ ਦੇ ਦਾਅਵੇ ਦਾ ਜਵਾਬ ਦੇਵੇ ਤੇ ਉਨ੍ਹਾਂ ਤੋਂ ਇਸ ਗੱਲ ਦੇ ਸਬੂਤ ਮੰਗੇ ਪਰ ਪਤਾ ਨਹੀਂ ਕਿਉਂ ਬ੍ਰਿਟੇਨ ਇਹ ਸਭ ਕਿਉਂ ਨਹੀਂ ਕਰਨਾ ਚਾਹੁੰਦਾ ?

'ਲੇਖਕ ਲੰਡਨ ਸਥਿਤ ਸੀਨੀਅਰ ਪੱਤਰਕਾਰ ਹੈ।



*ਜਨਮ ਦਿਹਾੜੇ 'ਤੇ ਵਿਸ਼ੇਸ਼*

# ਸੁਲਤਾਨ-ਉਲ-ਕੌਮ

## ਜੱਸਾ ਸਿੰਘ ਆਹਲੂਵਾਲੀਆ

ਇੰਦਰਜੀਤ ਸਿੰਘ

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਮਹਾਨ ਜਰਨੈਲ ਸਨ। ਉਹ ਆਹਲੂਵਾਲੀਆ ਮਿਸਲ ਦਾ ਸਰਦਾਰ ਤੇ ਇੱਕ ਵੱਡਾ ਯੋਧਾ ਸੀ। ਮੁੱਢ ਵਿੱਚ ਆਹਲੂਵਾਲੀਆ ਮਿਸਲ ਦਾ ਬਾਨੀ ਬਾਘ ਸਿੰਘ ਸੀ। ਉਹ ਆਹਲੂ ਪਿੰਡ ਦਾ ਸਰਦਾਰ ਸੀ, ਇਸ ਕਰਕੇ ਇਸ ਮਿਸਲ ਦਾ ਨਾਂ ਆਹਲੂਵਾਲੀਆ ਮਿਸਲ ਪੈ ਗਿਆ ਸੀ। ਬਾਘ ਸਿੰਘ ਦੀ ਕੋਈ ਸੰਤਾਨ ਨਾ ਹੋਣ ਕਾਰਨ ਉਸ ਦਾ ਭਾਣਜਾ ਜੱਸਾ ਸਿੰਘ ਇਸ ਮਿਸਲ ਦਾ ਮੁਖੀ ਬਣਿਆ। ਸਿੱਖ ਇਤਿਹਾਸ ਦੇ ਮਹਾਨ ਨਾਇਕ ਸਰਦਾਰ ਜੱਸਾ ਸਿੰਘ ਦਾ ਜਨਮ 3 ਮਈ 1718 ਨੂੰ ਸਰਦਾਰ ਬਦਰ ਸਿੰਘ ਦੇ ਘਰ ਪਿੰਡ ਆਹਲੂ, ਜ਼ਿਲ੍ਹਾ ਲਾਹੌਰ ਵਿੱਚ ਹੋਇਆ। ਜੱਸਾ ਸਿੰਘ ਅਜੇ ਚਾਰ ਕੁ ਸਾਲ ਦੇ ਹੀ ਸਨ, ਜਦੋਂ ਉਨ੍ਹਾਂ ਦੇ ਪਿਤਾ ਅਕਾਲ ਚਲਾਣਾ ਕਰ ਗਏ। ਜੱਸਾ ਸਿੰਘ ਦੇ ਮਾਤਾ ਜੀ ਉਨ੍ਹਾਂ ਨੂੰ ਮਾਤਾ ਸੁੰਦਰੀ ਕੋਲ ਦਿੱਲੀ ਲੈ ਗਏ। ਉਨ੍ਹਾਂ ਦੇ ਕੀਰਤਨ ਅਤੇ ਸੇਵਾ ਤੋਂ ਪ੍ਰਭਾਵਿਤ ਹੋ ਕੇ ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਆਪਣੇ ਕੋਲ ਹੀ ਰੱਖ ਲਿਆ।

ਜੱਸਾ ਸਿੰਘ ਕਰੀਬ ਸੱਤ ਸਾਲ ਦਿੱਲੀ ਰਹੇ। ਉੱਥੇ ਉਨ੍ਹਾਂ ਨੇ ਪੜ੍ਹਾਈ-ਲਿਖਾਈ, ਫ਼ਾਰਸੀ, ਗਣਿਤ ਅਤੇ ਧਾਰਮਿਕ ਸਿੱਖਿਆ ਪ੍ਰਾਪਤ ਕੀਤੀ। ਮਗਰੋਂ ਸਰਦਾਰ ਜੱਸਾ ਸਿੰਘ ਪੰਜਾਬ ਆ ਗਏ। ਆਪਣੇ ਮਾਮਾ ਬਾਘ ਸਿੰਘ ਰਾਹੀਂ ਉਹ ਨਵਾਬ ਕਪੂਰ ਸਿੰਘ ਦੇ ਸੰਪਰਕ ਵਿੱਚ ਆਏ। ਨਵਾਬ ਉਸ ਸਮੇਂ ਪੰਥ ਦੀ ਮਹਾਨ ਸ਼ਖ਼ਸੀਅਤ ਸਨ। ਉਹ ਦਲੇਰ, ਸੂਰਬੀਰ ਅਤੇ ਕਹਿਣੀ ਤੇ ਕਰਨੀ ਦੇ ਪੱਕੇ ਸਨ। ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਧਰਮ-ਪੁੱਤਰ ਬਣਾ ਲਿਆ ਤੇ ਘੋੜਸਵਾਰੀ, ਤੀਰ-ਅੰਦਾਜ਼ੀ ਤੇ ਸ਼ਸਤਰ ਵਿੱਦਿਆ ਵਿੱਚ ਪਰਪੱਕ ਬਣਾ ਦਿੱਤਾ। ਫੇਰ ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ ਨਾਲ ਲੜਾਈਆਂ ਵਿੱਚ ਵੀ ਜਾਣ ਲੱਗ ਪਏ।



ਉਸ ਸਮੇਂ ਦੀ ਹਕੂਮਤ ਸਿੱਖਾਂ ਉੱਤੇ ਬਹੁਤ ਜ਼ੁਲਮ ਢਾਹ ਰਹੀ ਸੀ। ਕੌਮ ਵਿੱਚ ਜ਼ੁਲਮਾਂ ਦਾ ਬਦਲਾ ਲੈਣ ਲਈ ਰੋਹ ਸੀ। ਸਿੱਖਾਂ ਨੇ ਛੋਟੇ-ਛੋਟੇ ਜਥਿਆਂ ਵਿੱਚ ਗੁਰੀਲਾ ਰਣਨੀਤੀ ਰਾਹੀਂ ਬਦਲਾ ਲੈਣ ਦੀਆਂ ਮੁਹਿੰਮਾਂ ਸ਼ੁਰੂ ਕਰ ਦਿੱਤੀਆਂ।ਪਰ ਜਥਿਆਂ ਦਾ ਕੋਈ ਸਾਂਝਾ ਨੇਤਾ ਨਹੀਂ ਸੀ। ਸੰਨ 1733-34 ਵਿੱਚ ਸਾਰੇ ਖਿੰਡੇ-ਪੁੰਡੇ ਜਥਿਆਂ ਨੇ ਇਕੱਠੇ ਹੋ ਕੇ ਕਪੂਰ ਸਿੰਘ ਨੂੰ ਸਾਂਝਾ ਨੇਤਾ ਚੁਣ ਲਿਆ। ਪੰਜਾਬ ਵਿੱਚ ਰਾਜਨੀਤਕ ਪ੍ਰਸਥਿਤੀਆਂ ਬਦਲ ਰਹੀਆਂ ਸਨ। ਰਾਜਨੀਤੀ ਵਿਚ ਕੌਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਥਾਪਤ ਕਰਨ ਲਈ ਪਹਿਲਾਂ ਸੰਨ 1746 ਅਤੇ ਫਿਰ 29 ਮਾਰਚ 1748 ਨੂੰ ਸਾਰੇ ਜਥਿਆਂ ਦੀ ਸਾਂਝੀ ਮੀਟਿੰਗ ਹੋਈ। ਉਸ ਸਮੇਂ ਸਿੱਖ 65 ਜਥਿਆਂ ਵਿੱਚ ਵੰਡੇ ਹੋਏ ਸਨ। 29 ਮਾਰਚ,1748 ਨੂੰ ਸਮੁੱਚੀ ਕੌਮ ਦੀਆਂ 11 ਮਿਸਲਾਂ ਬਣਾਈਆਂ ਗਈਆਂ। ਸਰਦਾਰ ਜੱਸਾ ਸਿੰਘ, ਆਹਲੂਵਾਲੀਆ ਮਿਸਲ ਦੇ ਮੁਖੀ ਅਤੇ ਬਾਕੀ ਸਾਰੀਆਂ ਮਿਸਲਾਂ ਦੇ ਨੇਤਾ ਬਣੇ। ਮਿਸਲਾਂ ਦੇ ਸਮੂਹ ਨੂੰ ਦਲ ਖ਼ਾਲਸਾ ਕਿਹਾ ਜਾਣ ਲੱਗਾ।

ਸੰਨ 1746 ਦੇ ਸ਼ੁਰੂ ਵਿੱਚ ਸਿੱਖ ਜਥਿਆਂ ਅਤੇ ਸਰਕਾਰੀ ਫ਼ੌਜ ਦੀ ਝੜਪ ਹੋ ਗਈ। ਲਾਹੌਰ ਦੇ ਦੀਵਾਨ ਲੱਖਪਤ ਰਾਏ ਦਾ ਭਰਾ ਜਸਪਤ ਰਾਏ ਝੜਪ ਵਿੱਚ ਮਾਰਿਆ ਗਿਆ। ਲੱਖਪਤ ਰਾਏ ਨੇ ਬਦਲਾ ਲੈਣ ਲਈ ਲਾਹੌਰ ਅਤੇ ਕਾਹਨੂੰਵਾਨ ਵਿੱਚ ਘਿਰੇ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਇਸ ਲੜਾਈ ਵਿੱਚ ਕਪੂਰ ਸਿੰਘ ਅਤੇ ਜੱਸਾ ਸਿੰਘ ਨੇ ਬਹੁਤ ਬਹਾਦਰੀ ਵਿਖਾਈ। ਇਸ ਕਤਲੇਆਮ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। ਸੰਨ 1749 ਵਿੱਚ ਦਲ ਖ਼ਾਲਸਾ ਨੇ ਦੀਵਾਨ ਕੌੜਾ ਮੱਲ ਨੂੰ ਮੁਲਤਾਨ ਦਾ ਸੂਬੇਦਾਰ ਬਣਨ ਵਿੱਚ ਫ਼ੌਜੀ ਸਹਾਇਤਾ ਦਿੱਤੀ। ਜੱਸਾ ਸਿੰਘ ਆਹਲੂਵਾਲੀਆ ਨੇ ਇਸ ਸਹਾਇਤਾ ਦੇ ਬਦਲੇ ਦੀਵਾਨ ਕੌੜਾ ਮੱਲ ਕੋਲੋਂ ਨਨਕਾਣਾ ਸਾਹਿਬ ਵਿੱਚ ਗੁਰਦੁਆਰਾ ਬਾਲ ਲੀਲ੍ਹਾ ਬਣਵਾਇਆ ਅਤੇ ਬਹੁਤ ਸਾਰੇ ਗੁਰਦੁਆਰਿਆਂ ਦੀ ਮੁਰੰਮਤ ਕਰਵਾਈ। ਸੰਨ 1761 ਵਿੱਚ ਅਬਦਾਲੀ ਨੇ ਪਾਣੀਪਤ ਵਿੱਚ ਮਰਹੱਟਿਆਂ ਨੂੰ ਹਰਾਇਆ। ਅਬਦਾਲੀ ਮਰਹੱਟਿਆਂ ਦਾ ਸਾਰਾ ਮਾਲ-ਧਨ ਅਤੇ 2200 ਔਰਤਾਂ ਨੂੰ ਬੰਦੀ ਬਣਾ ਕੇ ਆਪਣੇ ਨਾਲ ਲਿਜਾ ਰਿਹਾ ਸੀ। ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਦਲ ਖ਼ਾਲਸਾ ਦੀ ਅਗਵਾਈ ਕਰ ਕੇ ਇਨ੍ਹਾਂ ਬੰਦੀ ਔਰਤਾਂ ਨੂੰ ਆਜ਼ਾਦ ਕਰਵਾਇਆ ਅਤੇ ਘਰੋ-ਘਰੀਂ ਪਹੁੰਚਾਇਆ। ਇਸ ਮਗਰੋਂ ਲੋਕ ਉਨ੍ਹਾਂ ਨੂੰ 'ਬੰਦੀ ਛੋੜ' ਆਖਣ ਲੱਗ ਪਏ। ਸੰਨ 1761 ਵਿੱਚ ਦਲ ਖ਼ਾਲਸਾ ਨੇ ਲਾਹੌਰ ਸ਼ਹਿਰ ਉੱਤੇ ਘੇਰਾ ਪਾ ਲਿਆ। ਲਾਹੌਰ ਦਾ ਮੁਖੀ ਉਬੇਦ ਖਾਂ ਕਿਲ੍ਹੇ ਵਿੱਚ ਹੀ ਲੁਕਿਆ ਰਿਹਾ। ਦਲ ਖ਼ਾਲਸਾ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ। ਇਹ ਦਲ ਖ਼ਾਲਸਾ ਦੀ ਪਹਿਲੀ ਇਤਿਹਾਸਕ ਜਿੱਤ ਸੀ। ਇਸ ਮਗਰੋਂ ਸਿੱਖ ਕੌਮ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦੇ ਖ਼ਿਤਾਬ ਨਾਲ ਨਿਵਾਜਿਆ। ਪੰਥ ਦੇ ਦੋ ਮਹਾਨ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ ਅਤੇ ਸ. ਬਘੇਲ ਸਿੰਘ ਦੀ ਕਮਾਨ ਹੇਠ ਸਿੱਖਾਂ ਨੇ ਮਾਰਚ 1783 ਈਸਵੀ ਵਿੱਚ ਦਿੱਲੀ ਪਹੁੰਚ ਕੇ ਛਾਉਣੀ ਪਾਈ। ਇਸ ਜਗ੍ਹਾ ਨੂੰ ਹੁਣ ਤੀਸ ਹਜ਼ਾਰੀ ਕੋਰਟ ਕਿਹਾ ਜਾਂਦਾ ਹੈ। ਉਸ ਸਮੇਂ ਦਿੱਲੀ ਵਿਚ ਸ਼ਾਹ ਆਲਮ ਦੂਜਾ ਹੁਕਮਰਾਨ ਸੀ। 11 ਮਾਰਚ 1783 ਨੂੰ ਲਾਲ ਕਿਲ੍ਹਾ ਉਪਰ ਕਬਜ਼ਾ ਕਰ ਲਿਆ ਗਿਆ। ਸ. ਬਘੇਲ ਸਿੰਘ ਨੇ ਲਾਲ ਕਿਲ੍ਹੇ ਉਪਰ ਕੇਸਰੀ ਨਿਸ਼ਾਨ ਲਹਿਰਾਇਆ ਅਤੇ ਦੀਵਾਨੇ-ਆਮ ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਵਿਰੋਧਤਾ ਕਾਰਨ ਸ. ਜੱਸਾ ਸਿੰਘ ਆਹਲੂਵਾਲੀਆ ਨੇ ਤਖ਼ਤ ਛੱਡ ਦਿੱਤਾ, ਕਿਉਂਕਿ ਆਪ ਨਿੱਜ ਤੋਂ ਉਪਰ ਸਨ ਅਤੇ ਆਪਸੀ ਲੜਾਈ ਦੇ ਹੱਕ ਵਿਚ ਨਹੀਂ ਸਨ। ਸ. ਜੱਸਾ ਸਿੰਘ ਆਹਲੂਵਾਲੀਆ ਨੇ ਆਪਣੀ ਅਖੀਰਲੀ ਉਮਰ ਵਿੱਚ ਮੁਹਿੰਮਾਂ ਵਿਚ ਜਾਣਾ ਘੱਟ ਕਰ ਦਿੱਤਾ। ਆਪਣੇ ਇਲਾਕੇ ਦਾ ਪ੍ਰਬੰਧ ਸ. ਭਾਗ ਸਿੰਘ ਦੇ ਸਪੁਰਦ ਕਰਕੇ ਜ਼ਿਆਦਾ ਸਮਾਂ ਸ੍ਰੀ ਦਰਬਾਰ ਸਾਹਿਬ ਵਿਚ ਗੁਜ਼ਾਰਦੇ। ਅੰਤ 20 ਅਕਤੂਬਰ 1783 ਨੂੰ ਅਕਾਲ ਚਲਾਣਾ ਕਰ ਗਏ।

# ਉੱਘੇ ਅਕਾਲੀ ਆਗੂ ਪਵਿੰਦਰ ਸਿੰਘ ਜੌਹਲ ਨੂੰ ਅੰਤਿਮ ਵਿਦਾਇਗੀ

**ਸਿਆਟਲ/ਬਿਊਰੋ ਨਿਊਜ਼:** ਨਵਾਂ ਸ਼ਹਿਰ ਇਲਾਕੇ ਦੇ ਪਿੰਡ ਦੇ ਕਰੀਹਾ ਦੇ ਜੰਮਪਲ, ਅਕਾਲੀ ਸਫ਼ਾਂ ਵਿਚ ਜਾਣੀ ਪਹਿਚਾਣੀ ਸ਼ਖਸ਼ੀਅਤ ਸਰਦਾਰ ਪਵਿੰਦਰ ਸਿੰਘ ਜੌਹਲ ਕੁਝ ਸਮਾਂ ਬਿਮਾਰ ਰਹਿਣ ਬਾਅਦ ਸਿਆਟਲ ਏਰੀਏ ਦੇ ਸ਼ਹਿਰ ਕੈਂਟ ਵਿਚ 16 ਅਪ੍ਰੈਲ 2018 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅੰਤਿਮ ਸੰਸਕਾਰ ਮਾਰਲਟ ਫਿਊਨਰਲ ਹੋਮ, ਕੈਂਟ ਸਿਟੀ ਵਿਚ ਹੋਇਆ ਜਿਥੇ ਉਨ੍ਹਾਂ ਦਾ ਪਰਿਵਾਰ, ਰਿਸ਼ਤੇਦਾਰ, ਦੋਸਤ ਮਿੱਤਰ ਲੋਕਲ ਭਾਈਚਾਰਾ, ਹਮਦਰਦ ਦੂਰੋਂ ਨੇੜਿਓਂ, ਦੇਸ ਵਿਦੇਸ਼ ਤੋਂ ਭਾਰੀ ਗਿਣਤੀ ਵਿਚ ਪਹੁੰਚੇ ਅਤੇ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ। ਸ. ਜੌਹਲ, ਜੋ ਕਿ ਪ੍ਰਮਾਤਮਾ ਵਲੋਂ ਬਖਸ਼ੀ 71 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ ਉਹ ਦੋਆਬਾ ਮਿਲਕ ਪਲਾਂਟ ਸੰਸਥਾ ਦੇ ਡਾਇਰੈਕਟਰ ਅਤੇ ਨਵਾਂ ਸ਼ਹਿਰ ਮਾਰਕੀਟ ਕਮੇਟੀ ਦੇ ਪ੍ਰਧਾਨ ਵੀ ਰਹੇ। ਉਹ ਸੰਨ 1980 ਤੋਂ 2015 ਤੱਕ ਯੂਬਾਸਿਟੀ ਕੈਲੀਫੋਰਨੀਆ ਵਿਚ ਵਸੇ ਅਤੇ ਇੱਥੋਂ ਦੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਵੀ ਰਹੇ। ਫਿਊਨਰਲ ਹੋਮ ਵਿਚ ਸ਼ਰਧਾਂਜਲੀਆਂ ਭੇਟ ਕਰਨ ਵਾਲਿਆਂ 'ਚ ਉਨ੍ਹਾਂ ਦੇ ਬਹੁਤ ਨੇੜਲੇ ਸਾਥੀ ਸਰਦਾਰ ਹਰਜਿੰਦਰ ਸਿੰਘ ਨਾਗੋਕੇ ਅਤੇ ਸਰਵਣ ਸਿੰਘ ਕੈਲੀਫੋਰਨੀਆਂ ਨੇ ਉਨ੍ਹਾਂ ਦੇ ਜੀਵਨ ਅਤੇ ਪ੍ਰਾਪਤੀਆਂ ਤੇ ਪੰਛੀ ਝਾਤ ਪਾਈ। ਬਾਅਦ ਦੁਪਹਿਰ ਗੁਰਦੁਆਰਾ ਸੱਚਾ ਮਾਰਗ, ਔਬਰਨ ਵਿਖੇ ਰੱਖੇ ਗਏ ਪਾਠ ਦੇ ਭੋਗ ਪਏ ਅਤੇ ਭਾਈ ਕੁਲਵਿੰਦਰ ਸਿੰਘ ਦੇ ਜਥੇ ਨੇ ਵੈਰਾਗਮਈ ਕੀਰਤਨ ਸਰਵਣ ਕਰਵਾਇਆ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸਰਦਾਰ ਹਰਸ਼ਿੰਦਰ ਸਿੰਘ ਸੰਧੂ ਨੇ ਆਈ ਸੰਗਤ ਦਾ ਪਰਿਵਾਰ ਵਲੋਂ ਧੰਨਵਾਦ ਕੀਤਾ। ਗੁਰਦੁਆਰਾ ਸਾਹਿਬ ਵਿਖੇ ਉਨ੍ਹਾਂ ਦੇ ਸਪੁੱਤਰ ਹਰਜੀਤ ਸਿੰਘ ਕਰੀਹਾ ਨੂੰ ਦਸਤਾਰ ਬੰਦੀ ਦੀ ਰਸਮ ਵੀ ਕੀਤੀ ਗਈ। ਇਸ ਮੌਕੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਵਲੋਂ ਭੇਜਿਆ ਸੁਨੇਹਾ ਪੜ੍ਹ ਕੇ ਸੁਣਾਇਆ ਗਿਆ।



## ਰਾਮ ਭਗਤ ਤੋਗੜੀਆ ਦੀ ਫੂਕ ਨਿਕਲੀ

### *ਸਿਹਤ ਵਿਗੜਨ 'ਤੇ ਖਤਮ ਕੀਤੀ ਭੁੱਖ-ਹੜਤਾਲ*

**ਅਹਿਮਦਾਬਾਦ/ਬਿਊਰੋ ਨਿਊਜ਼:** ਅਯੁੱਧਿਆ ਵਿਚ ਰਾਮ ਮੰਦਰ ਨਿਰਮਾਣ ਲਈ ਸੰਸਦ ਵਿਚ ਕਾਨੂੰਨ ਬਣਾਉਣ ਸਮੇਤ ਹੋਰ ਮੰਗਾਂ ਨੂੰ ਲੈ ਕੇ ਇੱਥੇ ਅਣਮਿੱਥੇ ਸਮੇਂ ਲਈ ਭੁੱਖ-ਹੜਤਾਲ 'ਤੇ ਬੈਠੇ ਵਿਸ਼ਵ ਹਿੰਦੂ ਪ੍ਰੀਸ਼ਦ (ਵਿਹਿਪ) ਦੇ ਸਾਬਕਾ ਕਾਰਜਕਾਰੀ ਪ੍ਰਧਾਨ ਪ੍ਰਵੀਨ ਤੋਗੜੀਆ ਨੇ ਵੀਰਵਾਰ ਨੂੰ ਤੀਜੇ ਦਿਨ ਸਾਧੂ-ਸੰਤਾਂ ਦੀ ਅਪੀਲ 'ਤੇ ਇਸ ਨੂੰ ਖਤਮ ਕਰ ਦਿੱਤਾ। ਸ਼੍ਰੀ ਤੋਗੜੀਆ ਨੇ 14 ਅਪ੍ਰੈਲ ਨੂੰ ਵਿਹਿਪ ਦੇ ਪਹਿਲੇ ਸੰਗਠਨ ਚੋਣਾਂ ਵਿਚ ਆਪਣੇ ਖੇਮੇ ਦੀ ਕਰਾਰੀ ਹਾਰ ਤੋਂ ਬਾਅਦ ਹੀ ਕੇਂਦਰ ਦੀ ਮੋਦੀ ਸਰਕਾਰ 'ਤੇ ਅਯੁੱਧਿਆ ਵਿਚ ਰਾਮ ਮੰਦਰ ਨਿਰਮਾਣ ਸਮੇਤ ਹਿੰਦੂਆਂ ਦੇ ਹੋਰ ਮੁੱਦਿਆਂ ਦੀ ਨਜ਼ਰਅੰਦਾਜੀ ਦਾ ਦੋਸ਼ ਲਗਾਉਂਦੇ ਹੋਏ 17 ਅਪ੍ਰੈਲ ਤੋਂ ਭੁੱਖ-ਹੜਤਾਲ 'ਤੇ ਬੈਠਣ ਦਾ ਐਲਾਨ ਕੀਤਾ ਸੀ। ਉਹ ਇੱਥੇ ਪਾਲੜੀ ਵਿਚ ਵਾਣਿਕਰ ਭਵਨ ਕੈਂਪਸ ਵਿਚ ਸਾਧੂ-ਸੰਤਾਂ ਨਾਲ ਤਿੰਨ ਦਿਨਾਂ ਤੋਂ ਵਰਤ 'ਤੇ ਬੈਠੇ ਸਨ। ਸ਼ੂਗਰ ਦੇ ਰੋਗੀ ਸ਼੍ਰੀ ਤੋਗੜੀਆ ਦੇ ਬਲੱਡ ਪ੍ਰੈਸ਼ਰ ਵਧ ਗਿਆ ਸੀ। ਸਾਧੂ-ਸੰਤਾਂ ਦੇ ਹੱਥੋਂ ਫਲਾਂ ਦਾ ਰਸ ਪੀ ਕੇ ਆਪਣੀ ਭੁੱਖ-ਹੜਤਾਲ ਵੀਰਵਾਰ ਨੂੰ ਖਤਮ ਕਰ ਦਿੱਤੀ।

## ਕੀ ਕਹਿੰਦੇ ਹਨ ਸਿੱਖ ਰਹਿਤਨਾਮੇ

*ਸ.ਫ਼ਾ 10 ਦਾ ਬਾਕੀ*

- ਨੰਗੇ ਕੇਸੀਂ ਫਿਰੇ, ਰਵਾਲ ਪਾਏ, ਸੋ ਤਨਖਾਹੀਆ।
- ਨੰਗੇ ਕੇਸੀਂ ਮਾਰਗ ਟੁਰੇ, ਸੋ ਤਨਖਾਹੀਆ।
- ਨੰਗੇ ਕੇਸੀਂ ਭੋਜਨ ਕਰੇ, ਸੋ ਤਨਖਾਹੀਆ।
- ਪਗੜੀ ਲਾਹਿ ਕਰ ਸਿਖ ਪ੍ਰਸਾਦਿ ਖਾਏ, ਸੋ ਤਨਖਾਹੀਆ। (ਤਨਖਾਹਨਾਮਾ ਭਾਈ ਚਉਪਾ ਸਿੰਘ ਜੀ)

ਪਾਗ ਉਤਾਰਿ ਪ੍ਰਸਾਦਿ ਜੋ ਖਾਵੇ, ਸੋ ਸਿੱਖ ਕੁੰਭੀ ਨਰਕ ਸਿਧਾਵੈ। (ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)

ਨਗਨ ਹੋਇ ਬਾਹਰ ਫਿਰਹਿ, ਨਗਨ ਸੀਸ ਜੋ ਖਾਇ,
ਨਗਨ ਪ੍ਰਸਾਦਿ ਜੋ ਬਾਂਟਈ, ਤਨਖਾਹੀ ਬਡੋ ਕਹਾਇ। (ਤਨਖਾਹਨਾਮਾ ਭਾਈ ਨੰਦ ਲਾਲ ਜੀ)

- ਪੱਗ ਉਤਾਰ ਕੇ ਪ੍ਰਸਾਦ ਜੋ ਪਾਵੈ,
- ਨਗਨ ਹੋਇ ਜੋ ਨਾਵਹਿ, ਕੁੰਭੀ ਨਰਕ ਭੋਗੈ।
- ਕੇਸ ਨਗਨ ਰਖੈ, ਸੋ ਮਹਾਂ ਨਰਕ ਭੋਗੈ।
- ਕੇਸ ਢਾਪ ਰੱਖੇ। (ਰਹਿਤਨਾਮਾ ਭਾਈ ਦਯਾ ਸਿੰਘ ਜੀ)
- ਸ਼ਸਤਰਧਾਰੀ ਸਿੰਘ ਰਾਤਿ ਨੂੰ ਐਕੜ ਨ ਸਵੈ।
- ਲੱਕੋਂ ਸਿਰੋਂ ਨੰਗਾ ਨ ਹੋਇ। ਪਗੜੀ ਤਕੜੀ ਬੰਨ੍ਹੇ। (ਰਹਿਤਨਾਮਾ ਭਾਈ ਚਉਪਾ ਸਿੰਘ ਜੀ)

5. ਗੁਰੂ ਦਾ ਸਿੱਖ ਚੰਗੀ ਤਰ੍ਹਾਂ ਖੂਬ ਸੋਧ ਕੇ, ਸਵਾਰ ਕੇ ਦਸਤਾਰ ਸਜਾਵੇ ਕਿਉਂਕਿ ਖਾਲਸਾ ਮੂਲ ਰੂਪ 'ਚ ਇਕ ਸਿਪਾਹੀ ਹੈ। ਉਹ ਨਿੱਤ ਜੰਗ ਕਰਦਾ ਹੈ। ਖਾਲਸਾ ਨਾ ਹੀ ਆਪਣੀ ਪੱਗ ਸਰਕਣ ਦਿੰਦਾ ਹੈ ਤੇ ਨਾ ਹੀ ਦੂਜੇ ਦੀ ਪੱਗ ਲਾਹੁੰਦਾ ਹੈ:

ਜਿਸ ਕੀ ਲੜਾਈ ਮੈਂ ਪੱਗ ਉਤਰੈ ਸੋ ਟਕਾ,
ਪੱਕਾ ਤਨਖਾਹ, ਜੋ ਉਤਾਰੇ ਦੋ ਟਕੇ ਪੱਕਾ।
(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਜੋ ਸਿੱਖ, ਸਿੱਖ ਦੀ ਪੱਗ ਨੂੰ ਹੱਥ ਪਾਏ, ਸੋ ਭੀ ਤਨਖਾਹੀਆ। (ਰਹਿਤਨਾਮਾ ਭਾਈ ਚਉਪਾ ਸਿੰਘ ਜੀ)

6. ਗੁਰਸਿੱਖ ਮੈਲੀ-ਕੁਚੈਲੀ, ਬਾਸੀ ਦਸਤਾਰ ਨਾ ਸਜਾਵੇ। ਸਾਫ ਧੋਤੀ ਹੋਈ ਦਸਤਾਰ ਸਜਾਵੇ, ਇੱਕੋ ਪੱਗ ਜ਼ਿਆਦਾ ਸਮਾਂ ਨਾ ਸਜਾਵੇ।

ਜੋ ਪੱਗ ਨੂੰ ਬਾਸੀ ਰਖੇ ਸੋ ਤਨਖਾਹੀਆ। (ਰਹਿਤਨਾਮਾ ਭਾਈ ਚਉਪਾ ਸਿੰਘ ਜੀ)

7. ਗੁਰਸਿੱਖ ਸਿਰ 'ਤੇ ਬੰਨ੍ਹਣ ਵਾਲਾ ਸਾਫਾ ਹੋਰ ਕੰਮਾਂ ਵਿਚ ਜਿਵੇਂ ਕਿ ਕਛਹਿਰਾ ਬਦਲਣ ਲਈ ਕੰਮ ਵਿਚ ਨਾ ਲਿਆਵੇ ਬਲਕਿ ਅਜਿਹੇ ਕੰਮ ਲਈ ਅਲੱਗ ਪਟਕਾ ਰੱਖੇ। ਭਾਈ ਦਯਾ ਸਿੰਘ ਜੀ ਦੇ ਰਹਿਤਨਾਮੇ ਵਿਚ ਲਿਖਿਆ ਹੈ ਕਿ ਸਿੱਖ ਢਾਈ ਗਜ਼ ਦਾ ਸਾਫਾ ਕਛਹਿਰਾ ਬਦਲਣੇ ਵਾਸਤੇ ਰੱਖੇ:

ਜੋ ਕੇਸਾਧਾਰੀ ਲੱਕ ਦੇ ਪੜਦੇ ਸਿਰ ਤੇ ਧਰੇ, ਸੋ ਭੀ ਤਨਖਾਹੀਆ। (ਤਨਖਾਹਨਾਮਾ ਭਾਈ ਚਉਪਾ ਸਿੰਘ ਜੀ)

8. 'ਜੇਹੀ ਸੰਗਤ ਤੇਹੀ ਰੰਗਤ' ਦੀ ਲੋਕ-ਸੱਚਾਈ ਤੋਂ ਕੌਣ ਵਾਕਿਫ ਨਹੀਂ? ਇਸੇ ਲਈ ਭਾਈ ਦਯਾ ਸਿੰਘ ਰਹਿਤ ਦੱਸਦੇ ਹਨ:

"ਗੁਰ ਕਾ ਸਿੱਖ ਪੱਗ ਲੱਥੇ ਦੀ ਸੰਗਤ ਨਾ ਕਰੇ"

9. ਦਸਤਾਰ ਹਮੇਸ਼ਾਂ ਇੱਕ-ਇੱਕ ਲੜ ਖੋਲ੍ਹ ਕੇ ਹੀ ਉਤਾਰਨੀ ਚਾਹੀਦੀ ਹੈ। ਇੱਕੋ ਵਾਰੀ ਇਕੱਠੀ ਟੋਪੀ ਵਾਂਗ ਉਤਾਰਨੀ ਵਰਜ਼ਿਤ ਹੈ।

10. ਸਿੱਖ ਨੂੰ ਗੁਰੂ ਸਾਹਿਬਾਨ ਵੱਲੋਂ ਹਟਾਈ ਗੁਲਾਮੀ ਦੀ ਨਿਸ਼ਾਨੀ ਟੋਪੀ ਨਹੀਂ ਪਾਉਣੀ ਚਾਹੀਦੀ ਤੇ ਨਾ ਹੀ ਟੋਪੀ ਪਾਉਣ ਵਾਲੇ ਅੱਗੇ ਝੁਕਣਾ ਜਾਂ ਸਿਰ ਨਿਵਾਉਣਾ ਹੈ:

- ਜੋ ਕੇਸਾਧਾਰੀ ਟੋਪੀ ਰਖੇ। ਸੋ ਭੀ ਤਨਖਾਹੀਆ। ਟੋਪੀ ਵਾਲੇ ਦੇ ਕੇਸਧਾਰੀ ਪੈਰੀਂ ਪਵੈ, ਸੋ ਤਨਖਾਹੀਆ, ਟੋਪੀ ਵਾਲੇ ਦਾ ਜੂਠਾ ਖਾਏ, ਸੋ ਤਨਖਾਹੀਆ। (ਤਨਖਾਹਨਾਮਾ ਭਾਈ ਚਉਪਾ ਸਿੰਘ ਜੀ)
- ਹੋਇ ਸਿਖ ਸਿਰ ਟੋਪੀ ਧਰੈ, ਸਾਤ ਜਨਮ ਕੁਸ਼ਟੀ ਹੋਇ ਮਰੈ।
- ਟੋਪੀ ਦੇਖਿ ਨਿਵਾਵਹਿ ਸੀਸ। ਸੋ ਸਿਖ ਨਰਕੀ ਬਿਸ੍ਵੈ ਬੀਸ।

**(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)**

# ਆਰ.ਐੱਸ.ਐੱਸ., ਵੈਦਿਕ ਫ਼ਿਲਾਸਫੀ ਅਤੇ ਮਨੂਵਾਦ

**ਗੁਰਬਚਨ ਸਿੰਘ**
(ਸੰਪਰਕ: 98156-98451)



ਦਲਿਤਾਂ ਦੇ ਚਿਤੇਰੇ ਸਵੀ ਸਾਵਰਕਰ ਦਾ ਇੱਕ ਚਿੱਤਰ

ਸੰਵਿਧਾਨ ਘੜਨੀ ਸਭਾ ਜਦੋਂ ਮੁਲਕ ਦੇ ਵਿਧਾਨ ਨੂੰ ਅੰਤਿਮ ਰੂਪ ਦੇਣ ਲਈ ਖੌਝਲ ਰਹੀ ਸੀ, ਤਾਂ ਆਰਐੱਸਐੱਸ ਮੁਖੀ ਮਾਧਵ ਸਦਾਸ਼ਿਵ ਗੋਲਵਲਕਰ ਆਪਣੀ ਜਥੇਬੰਦੀ ਦੇ ਅੰਗਰੇਜ਼ੀ ਪਰਚੇ 'ਆਰਗੇਨਾਈਜ਼ਰ' ਵਿੱਚ ਸਭਾ ਨੂੰ ਮਨੂ ਸਿਮ੍ਰਤੀ ਦਾ ਚੇਤਾ ਕਰਵਾ ਰਹੇ ਸਨ ਅਤੇ ਉਸ ਨੂੰ ਲਾਗੂ ਕਰਨ ਉਤੇ ਜ਼ੋਰ ਦੇ ਰਹੇ ਸਨ। 'ਆਰਗੇਨਾਈਜ਼ਰ' ਦੇ 23 ਨਵੰਬਰ 1949 ਦੇ ਅੰਕ ਵਿੱਚ ਗੋਲਵਲਕਰ ਦੀ ਛਪੀ ਲੰਮੀ ਲਿਖਤ ਦਾ ਤੱਤ-ਸਾਰ ਹੈ: 'ਸਾਡੇ ਵਿਧਾਨ ਵਿੱਚ ਪ੍ਰਾਚੀਨ ਭਾਰਤ ਦੀ ਨਿਵੇਕਲੀ ਵਿਧਾਨਕ ਪਛਾਣ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮਨੂ ਦੇ ਕਾਨੂੰਨ, ਸਪਾਰਟਾ ਦੇ ਲਿਕਰੇਸ ਅਤੇ ਇਰਾਨ ਦੇ ਸੋਲੋ ਤੋਂ ਵੀ ਬਹੁਤ ਪਹਿਲਾਂ ਲਿਖੇ ਗਏ ਸਨ। ਮਨੂ ਸਿਮ੍ਰਤੀ ਵਿੱਚ ਦਰਜ ਕਾਨੂੰਨ ਹੁਣ ਤੱਕ ਵੀ ਸੰਸਾਰ ਭਰ ਵਿੱਚ ਸਰਾਹੇ ਜਾਂਦੇ ਹਨ ਅਤੇ ਅਜੇ ਵੀ ਆਪਮੁਹਾਰੀ ਪ੍ਰਵਾਨਗੀ ਤੇ ਪੁਸ਼ਟੀ ਹਾਸਲ ਕਰਦੇ ਹਨ।' ਇਹ ਆਰਐੱਸਐੱਸ ਦੇ ਸਿਧਾਂਤਕ ਵਿਰਸੇ ਦਾ ਹਲਫੀਆ ਬਿਆਨ ਹੈ। ਹੁਣ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਜੇ ਡਾ. ਭੀਮ ਰਾਓ ਅੰਬੇਡਕਰ ਸੰਵਿਧਾਨ ਸਭਾ ਦੇ ਚੇਅਰਮੈਨ ਨਾ ਹੁੰਦੇ, ਤਾਂ ਸ਼ਾਇਦ ਸਭਾ ਦੀ ਭਾਰੂ ਧਿਰ ਆਰਐੱਸਐੱਸ ਮੁਖੀ ਦੀ ਇਸ ਗੱਲ ਨੂੰ ਮੰਨ ਲੈਂਦੀ ਅਤੇ ਅੱਜ ਭਾਰਤੀ ਜਨਤਾ ਪਾਰਟੀ ਨੂੰ ਮੁਲਕ ਭਰ ਵਿੱਚ ਸਰਕਾਰੀ ਤੌਰ 'ਤੇ ਮਨੂ ਸਿਮ੍ਰਤੀ ਲਾਗੂ ਕਰਨ ਲਈ, ਰਾਜ ਸਭਾ ਵਿੱਚ ਬਹੁਗਿਣਤੀ ਹਾਸਲ ਕਰਨ ਦੀ ਉਡੀਕ ਨਾ ਕਰਨੀ ਪੈਂਦੀ। ਬਿਨਾਂ ਸ਼ੱਕ, ਗ਼ੈਰ ਸਰਕਾਰੀ ਤੌਰ ਉੱਤੇ ਤਾਂ ਮੁਲਕ ਭਰ ਵਿੱਚ ਅਜੇ ਵੀ ਮਨੂ ਸਿਮ੍ਰਤੀ ਦਾ ਵਰਣ ਪ੍ਰਬੰਧ ਹੀ ਲਾਗੂ ਹੈ। ਮਨੂ ਸਿਮ੍ਰਤੀ ਬਾਰੇ ਡਾ. ਅੰਬੇਡਕਰ ਨੇ ਇਹ ਜਾਣਕਾਰੀ ਦਿੱਤੀ ਹੈ: 'ਹਿੰਦੂ ਧਰਮ ਦਾ ਸਮੁੱਚਾ ਸਦਾਚਾਰ ਅਤੇ ਧਾਰਮਿਕ ਮਾਨਤਾਵਾਂ ਸਿਮ੍ਰਤੀਆਂ ਵਿੱਚ ਦਰਜ ਹਨ। ਇਹ ਸਿਮ੍ਰਤੀਆਂ 108 ਦੇ ਕਰੀਬ ਹਨ। ਇਨ੍ਹਾਂ ਸਿਮ੍ਰਤੀਆਂ ਵਿੱਚੋਂ ਹੀ ਹਿੰਦੂ ਧਰਮ ਅਤੇ ਇਸ ਦਾ ਨੀਤੀ ਸ਼ਾਸਤਰ ਸਮਝਿਆ ਜਾ ਸਕਦਾ ਹੈ। ਇਨ੍ਹਾਂ ਸਾਰੀਆਂ ਸਿਮ੍ਰਤੀਆਂ ਦਾ ਸਾਂਝਾ ਸ੍ਰੋਤ ਹੈ ਮਨੂ ਸਿਮ੍ਰਤੀ। ਇਸ ਨੂੰ ਮਾਨਵ ਧਰਮ ਸ਼ਾਸਤਰ ਵੀ ਕਿਹਾ ਜਾਂਦਾ ਹੈ। ਬਾਕੀ ਸਾਰੀਆਂ ਸਿਮ੍ਰਤੀਆਂ ਇਸ ਦਾ ਦੁਹਰਾਓ ਮਾਤਰ ਹਨ। ਇਸ ਲਈ ਹਿੰਦੂਆਂ ਦੀਆਂ ਸਾਰੀਆਂ ਧਾਰਮਿਕ ਮਾਨਤਾਵਾਂ ਅਤੇ ਸਦਾਚਾਰ ਦੇ ਸਾਰੇ ਸੰਕਲਪ ਬਾਰੇ ਜਾਣਨ ਲਈ ਮਨੂ ਸਿਮ੍ਰਤੀ ਦਾ ਅਧਿਐਨ ਹੀ ਕਾਫੀ ਹੈ। ਬਾਕੀ ਸਾਰੀਆਂ ਸਿਮ੍ਰਤੀਆਂ ਵਾਂਗ ਮਨੂ ਸਿਮ੍ਰਤੀ ਵੀ ਧਾਰਮਿਕ ਕਾਨੂੰਨਾਂ ਦਾ ਜ਼ਾਬਤਾ ਹੈ। ਇਹ ਸਿਰਫ ਸਦਾਚਾਰ ਅਤੇ ਧਰਮ ਦੀ ਕਿਤਾਬ ਹੀ ਨਹੀਂ, ਸਗੋਂ ਇਸ ਨੂੰ ਧਰਮ ਅਤੇ ਸਦਾਚਾਰਕ ਕਾਨੂੰਨਾਂ ਦੀ ਕਿਤਾਬ ਕਹਿਣਾ ਚਾਹੀਦਾ ਹੈ।'

ਮਨੂ ਸਿਮ੍ਰਤੀ ਵਿੱਚ ਦਰਜ ਹੈ: 'ਉਸ ਮਹਾਨ ਤੇਜ ਵਾਲੇ ਬ੍ਰਹਮਾ ਨੇ ਇਸ ਲੋਕ ਦੀ ਰੱਖਿਆ ਲਈ ਆਪਣੇ ਮੂੰਹ, ਬਾਹਾਂ, ਜੰਘਾਂ ਅਤੇ ਪੈਰਾਂ ਵਿੱਚੋਂ ਕ੍ਰਮਵਾਰ ਚਾਰ ਵਰਣ ਪੈਦਾ ਕੀਤੇ ਅਤੇ ਇਨ੍ਹਾਂ ਦੇ ਕੰਮ ਅੱਡ ਅੱਡ ਨਿਸ਼ਚਿਤ ਕਰ ਦਿੱਤੇ। ਈਸ਼ਵਰ ਨੇ ਸ਼ੂਦਰਾਂ ਲਈ ਇਹ ਕੰਮ ਕਰਨ ਦਾ ਆਦੇਸ਼ ਦਿੱਤਾ ਕਿ ਉਹ ਦੂਜੇ ਤਿੰਨਾਂ ਵਰਣਾਂ (ਸੁਵਰਣਾਂ) ਦੀ ਸੇਵਾ ਕਰਨ। ਰਾਜੇ ਨੂੰ ਚਾਹੀਦਾ ਹੈ ਕਿ ਉਹ ਸਖ਼ਤੀ ਨਾਲ ਸ਼ੂਦਰਾਂ ਨੂੰ ਉਨ੍ਹਾਂ ਲਈ ਨੀਯਤ ਕੀਤੇ ਹੋਏ ਕੰਮ ਕਰਨ ਲਈ ਲਾਵੇ। ਜੇ ਉਹ ਆਪਣੇ ਨੀਯਤ ਕੀਤੇ ਕੰਮ ਤੋਂ ਮੁਨਕਿਰ ਹੋਣਗੇ ਤਾਂ ਉਹ ਸਾਰੇ ਜਗਤ ਨੂੰ ਹੀ ਪ੍ਰੇਸ਼ਾਨੀ ਵਿੱਚ ਪਾ ਦੇਣਗੇ।'

ਦਰਅਸਲ, ਇਹੀ ਮਨੂਵਾਦੀ ਸੋਚ ਅਤੇ ਇਸ ਸੋਚ ਦੇ ਆਧਾਰ ਉਤੇ ਬਣੀ ਮਾਨਸਿਕਤਾ ਹੀ ਸਾਡੇ ਮੁਲਕ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ। ਵਰਣ ਵੰਡ ਅਤੇ ਇਸ ਵਰਣ ਵੰਡ ਦੇ ਆਧਾਰ ਉੱਤੇ ਬਣੀ ਸੋਚ ਅਤੇ ਮਾਨਸਿਕਤਾ ਸਾਰੇ ਲੋਕਾਂ ਦਾ ਇੱਕ ਭਾਈਚਾਰਾ ਬਣਨ ਵਿੱਚ ਸਭ ਤੋਂ ਵੱਡੀ ਰੁਕਾਵਟ ਬਣੀ ਹੋਈ ਹੈ। ਇੱਕ ਸੁਆਲ ਅਕਸਰ ਕੀਤਾ ਜਾਂਦਾ ਹੈ ਕਿ ਗੁਲਾਮਦਾਰੀ ਤਾਂ ਦੁਨੀਆ ਭਰ ਦੇ ਤਕਰੀਬਨ ਸਾਰੇ ਹੀ ਸਮਾਜਾਂ ਵਿੱਚ ਰਹੀ ਹੈ, ਪਰ ਜਾਤ-ਪਾਤ ਵਰਗਾ ਚੀੜ੍ਹਾ ਸਮਾਜੀ ਪ੍ਰਬੰਧ ਸਿਰਫ਼ ਸਾਡੇ ਹੀ ਮੁਲਕ ਵਿੱਚ ਕਿਉਂ ਮੌਜੂਦ ਹੈ, ਜਿਹੜਾ ਗੁਲਾਮਦਾਰੀ ਯੁੱਗ ਦੇ ਖ਼ਤਮ ਹੋ ਜਾਣ ਦੇ ਬਾਵਜੂਦ ਅਜੇ ਵੀ ਕਾਇਮ ਹੈ? ਇਸ ਸੁਆਲ ਦਾ ਜੁਆਬ ਮਨੂ ਸਿਮ੍ਰਤੀ ਦੇ ਸੂਤਰਾਂ ਵਿੱਚ ਦਰਜ ਹੈ ਜਿਨ੍ਹਾਂ ਨੇ ਜਾਤ-ਪਾਤ ਨੂੰ ਧਾਰਮਿਕ ਰੰਗਤ ਦੇ ਕੇ, ਇਨ੍ਹਾਂ ਨੂੰ ਮੰਨਣਾ 'ਰੱਬੀ' ਆਦੇਸ਼ ਬਣਾ ਦਿੱਤਾ ਹੋਇਆ ਹੈ।

ਦਿਲਚਸਪ ਗੱਲ ਇਹ ਹੈ ਕਿ ਵੈਦਿਕ ਫਿਲਾਸਫੀ ਸਾਡੇ ਆਲੇ-ਦੁਆਲੇ ਪਸਰੇ 'ਬ੍ਰਹਮ' ਦੀ ਹੋਂਦ ਨੂੰ ਮਾਨਤਾ ਦਿੰਦੀ ਹੈ, ਪਰ 'ਬ੍ਰਹਮਾ' ਦੀ ਹੋਂਦ ਤੋਂ ਮੂਲੋਂ ਹੀ ਇਨਕਾਰੀ ਹੈ। ਕੇਨ ਉਪਨਿਸ਼ਦ ਵਿੱਚ ਦਰਜ ਹੈ: 'ਬ੍ਰਹਮ' ਉਹ ਨਹੀਂ ਹੈ, ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿੱਚ ਪੂਜਾ ਕਰਦੇ ਹਨ; ਸਗੋਂ ਬ੍ਰਹਮ ਉਹ ਹੈ, ਜਿਸ ਦੀ ਸ਼ਬਦ ਵੀ ਥਾਹ ਨਹੀਂ ਪਾ ਸਕਦੇ। ਬ੍ਰਹਮ ਮਨੁੱਖ ਦੀ ਸੋਚ ਦੀ ਸੀਮਾ ਤੋਂ ਪਾਰ ਹੈ, ਜਿਸ ਦਾ ਅੰਤ ਨਹੀਂ ਜਾਣਿਆ ਜਾ ਸਕਦਾ। ਇਸ ਬ੍ਰਹਮ ਦਾ ਮਨ ਤੋਂ ਮਨਨ ਨਹੀਂ ਹੋ ਸਕਦਾ। ਇਹ ਅਸੀਮ 'ਬ੍ਰਹਮ' ਮਨੁੱਖ ਦੇ ਆਪਣੇ ਮਨ ਦੀ ਅਨੁਭਵੀ ਪਕੜ ਵਿੱਚ ਨਹੀਂ ਆ ਸਕਦਾ; ਬਲਕਿ ਮਨ ਸਾਰਾ ਕੁਝ ਉਸ ਬ੍ਰਹਮ ਤੋਂ ਜਾਣਦਾ ਹੈ। ਇਹ ਬ੍ਰਹਮ ਉਹ ਨਹੀਂ ਹੈ, ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿੱਚ ਪੂਜਾ ਕਰਦੇ ਹਨ। ਇਹ ਬ੍ਰਹਮ ਮਨੁੱਖ ਵਾਂਗ ਪ੍ਰਾਣਾਂ ਰਾਹੀਂ ਜੀਵਨ ਨਹੀਂ ਪਾਉਂਦਾ, ਸਗੋਂ ਪ੍ਰਾਣ ਇਸ ਬ੍ਰਹਮ ਤੋਂ ਜੀਵਨ ਪਾਉਂਦੇ ਹਨ, ਸਗੋਂ ਇਹ ਬ੍ਰਹਮ ਸਮੁੱਚੇ ਜੀਵਨ ਦਾ ਮੂਲ ਆਧਾਰ ਹੈ।' ਉਪਨਿਸ਼ਦਾਂ ਦਾ ਗਿਆਨ ਇਸ ਸੱਚ ਬਾਰੇ ਕਿੰਨਾ ਸਪਸ਼ਟ ਹੈ ਕਿ 'ਬ੍ਰਹਮ' ਉਹ ਨਹੀਂ ਹੈ ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿੱਚ ਪੂਜਾ ਕਰਦੇ ਹਨ; ਸਗੋਂ ਬ੍ਰਹਮ ਉਹ ਹੈ, ਜਿਹੜਾ ਅਸੀਮ ਬ੍ਰਹਿਮੰਡੀ ਪਸਾਰੇ ਭਾਵ ਬ੍ਰਹਮ ਦੇ ਆਕਾਰ ਰੂਪ ਵਿੱਚ ਮਨੁੱਖੀ ਸੋਚ ਦੀ ਸੀਮਾ ਤੋਂ ਪਾਰ ਹੈ। ਜਿਸ ਦਾ ਅੰਤ ਨਹੀਂ ਜਾਣਿਆ ਜਾ ਸਕਦਾ। ਜਿਹੜਾ ਮਨੁੱਖ ਦੇ ਆਪਣੇ ਮਨ ਦੀ ਅਨੁਭਵੀ ਪਕੜ ਵਿੱਚ ਨਹੀਂ ਆ ਸਕਦਾ ਅਤੇ ਜਿਸ ਨੂੰ ਸ਼ਬਦ ਬਿਆਨ ਨਹੀਂ ਕਰ ਸਕਦੇ। ਜਿਹੜਾ ਅਸੀਮ ਹੈ ਅਤੇ ਮਨੁੱਖੀ ਸੋਚ ਤੋਂ ਵੀ ਪਾਰ ਹੈ। ਇਸੇ ਲਈ ਇਸ ਨੂੰ ਪਾਰਬ੍ਰਹਮ ਵੀ ਕਿਹਾ ਗਿਆ ਹੈ। ਵੈਦਿਕ ਫਿਲਾਸਫੀ ਅਨੁਸਾਰ ਇਹ ਬ੍ਰਹਮ ਹੀ ਸਾਰੇ ਜੀਵਾਂ ਦੇ ਪ੍ਰਾਣਾਂ ਦਾ ਮੂਲ ਆਧਾਰ ਹੈ।

**ਦਰਅਸਲ, ਇਹੀ ਮਨੂਵਾਦੀ ਸੋਚ ਅਤੇ ਇਸ ਸੋਚ ਦੇ ਆਧਾਰ ਉਤੇ ਬਣੀ ਮਾਨਸਿਕਤਾ ਹੀ ਸਾਡੇ ਮੁਲਕ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ। ਵਰਣ ਵੰਡ ਅਤੇ ਇਸ ਵਰਣ ਵੰਡ ਦੇ ਆਧਾਰ ਉੱਤੇ ਬਣੀ ਸੋਚ ਅਤੇ ਮਾਨਸਿਕਤਾ ਸਾਰੇ ਲੋਕਾਂ ਦਾ ਇੱਕ ਭਾਈਚਾਰਾ ਬਣਨ ਵਿੱਚ ਸਭ ਤੋਂ ਵੱਡੀ ਰੁਕਾਵਟ ਬਣੀ ਹੋਈ ਹੈ। ਇੱਕ ਸੁਆਲ ਅਕਸਰ ਕੀਤਾ ਜਾਂਦਾ ਹੈ ਕਿ ਗੁਲਾਮਦਾਰੀ ਤਾਂ ਦੁਨੀਆ ਭਰ ਦੇ ਤਕਰੀਬਨ ਸਾਰੇ ਹੀ ਸਮਾਜਾਂ ਵਿੱਚ ਰਹੀ ਹੈ, ਪਰ ਜਾਤ-ਪਾਤ ਵਰਗਾ ਚੀੜ੍ਹਾ ਸਮਾਜੀ ਪ੍ਰਬੰਧ ਸਿਰਫ਼ ਸਾਡੇ ਹੀ ਮੁਲਕ ਵਿੱਚ ਕਿਉਂ ਮੌਜੂਦ ਹੈ, ਜਿਹੜਾ ਗੁਲਾਮਦਾਰੀ ਯੁੱਗ ਦੇ ਖ਼ਤਮ ਹੋ ਜਾਣ ਦੇ ਬਾਵਜੂਦ ਅਜੇ ਵੀ ਕਾਇਮ ਹੈ? ਇਸ ਸੁਆਲ ਦਾ ਜੁਆਬ ਮਨੂ ਸਿਮ੍ਰਤੀ ਦੇ ਸੂਤਰਾਂ ਵਿੱਚ ਦਰਜ ਹੈ ਜਿਨ੍ਹਾਂ ਨੇ ਜਾਤ-ਪਾਤ ਨੂੰ ਧਾਰਮਿਕ ਰੰਗਤ ਦੇ ਕੇ, ਇਨ੍ਹਾਂ ਨੂੰ ਮੰਨਣਾ 'ਰੱਬੀ' ਆਦੇਸ਼ ਬਣਾ ਦਿੱਤਾ ਹੋਇਆ ਹੈ।**

ਵੈਦਿਕ ਫਿਲਾਸਫੀ ਵਿੱਚ ਸਮੁੱਚੇ ਸੰਸਾਰ ਨੂੰ ਇਕ ਪਰਿਵਾਰ (ਕਟੁੰਭ) ਮੰਨਿਆ ਗਿਆ ਹੈ। ਬਾਅਦ ਵਿੱਚ ਮਨੁੱਖੀ ਸਮਾਜ ਨੂੰ ਵਰਣ ਵੰਡ ਅਤੇ ਜਾਤ-ਪਾਤ ਦੇ ਆਧਾਰ ਉਤੇ ਤੋੜਨ ਵਾਲੇ ਮਨੂਵਾਦੀ ਅੰਸ਼ ਇਸ ਵੈਦਿਕ ਫਿਲਾਸਫੀ ਨਾਲ ਰਲਗਡ ਹੋ ਗਏ। ਅਜੋਕੇ ਵਿਦਵਾਨਾਂ ਸਾਹਮਣੇ ਮੁੱਖ ਮਸਲਾ ਵੈਦਿਕ ਫਿਲਾਸਫੀ ਨਾਲੋਂ ਮਨੂਵਾਦੀ ਅੰਸ਼ਾਂ ਨੂੰ ਨਿਖੇੜਨ ਦਾ ਹੈ। ਵੈਦਿਕ ਫ਼ਿਲਾਸਫੀ ਦੇ ਸੱਚ ਨਾਲੋਂ ਮਨੂਵਾਦੀ ਕੂੜ ਦਾ ਨਿਖੇੜਾ ਕਰ ਕੇ ਹੀ ਆਰਐੱਸਐੱਸ ਦੀ ਰਾਜਨੀਤਕ ਸੋਚ ਅਤੇ ਮਾਨਸਿਕਤਾ ਨੂੰ ਹਰਾਇਆ ਜਾ ਸਕਦਾ ਹੈ। ਬ੍ਰਹਮ ਹਕੀਕੀ ਸੱਚ ਦਾ ਗਿਆਨ ਹੈ, ਜਦੋਂ ਕਿ ਬ੍ਰਹਮਾ ਮਾਨਸਿਕ ਕਲਪਨਾ ਦੀ ਦੇਣ ਹੈ। ਮਨੂਵਾਦ 'ਬ੍ਰਹਮ' ਆਧਾਰਿਤ ਸਦੀਵੀ ਸੱਚ ਦੇ ਗਿਆਨ ਤੋਂ ਇਨਕਾਰੀ ਹੈ। ਇਸ ਦਾ ਕਾਰਨ ਇਹੀ ਜਾਪਦਾ ਹੈ ਕਿ ਆਦਿ ਕਮਿਊਨਿਜ਼ਮ ਤੋਂ ਬਾਅਦ, ਜਦੋਂ ਨਿੱਜੀ ਜਾਇਦਾਦ ਆਧਾਰਿਤ ਜਮਾਤੀ ਸਮਾਜ ਹੋਂਦ ਵਿੱਚ ਆਇਆ ਤਾਂ ਇੱਕ ਛੋਟੇ ਜਿਹੇ ਪੁਜਾਰੀ ਵਰਗ ਨੇ ਹੱਥੀਂ ਕਿਰਤ ਨਾਲੋਂ ਟੁੱਟ ਕੇ ਵਿਹਲੜ ਜ਼ਿੰਦਗੀ ਗੁਜ਼ਾਰਨ ਅਤੇ ਰਾਜਸੀ-ਸਮਾਜੀ ਅਤੇ ਪਦਾਰਥਕ ਸਹੂਲਤਾਂ ਮਾਣਨ ਦੀ ਆਪਣੀ ਲਾਲਸਾ ਅਧੀਨ ਆਮ ਬੌਧਿਕ ਅਤੇ ਮਾਨਸਿਕ ਕੰਗਾਲੀ ਦੇ ਉਸ ਦੌਰ ਵਿੱਚ ਆਪਣੇ ਆਪ ਨੂੰ 'ਰੱਬੋਂ' ਉਚ ਜਾਤੀ ਸਾਬਤ ਕਰਨ ਵਾਸਤੇ ਬ੍ਰਹਮ ਦੇ ਸਦੀਵੀ ਸਚ ਨੂੰ ਅਣਗੌਲਿਆ ਕਰ ਦਿੱਤਾ ਅਤੇ ਸਮਾਜ ਵਿੱਚ ਕਰਮਕਾਂਡ, ਵਰਣ ਵੰਡ ਅਤੇ ਜਾਤ-ਪਾਤੀ ਕੋਹੜ ਫੈਲਾਉਣ ਦਾ ਬੌਧਿਕ ਆਧਾਰ ਤਿਆਰ ਕਰਨ ਵਾਸਤੇ 'ਬ੍ਰਹਮ' ਦੇ ਵਿਅਕਤੀ ਰੂਪ ਮਨ-ਕਲਪਿਤ ਬ੍ਰਹਮਾ ਨੂੰ 'ਰੱਬੀ' ਹਸਤੀ ਅਤੇ ਸ੍ਰਿਸ਼ਟੀ ਸਮੇਤ ਸਾਰਿਆਂ ਦਾ ਸਿਰਜਕ ਮੰਨ ਕੇ 'ਬ੍ਰਹਮ' ਦੀ ਹਕੀਕਤ ਨੂੰ ਵਿਸਾਰ ਦਿੱਤਾ। ਇਹੀ ਮਾਨਸਿਕ ਕਲਪਨਾ ਮਨੁੱਖ ਜਾਤੀ ਨੂੰ ਊਚ-ਨੀਚ ਵਿੱਚ ਵੰਡਣ ਅਤੇ ਅਨੇਕਾਂ ਕਿਸਮਾਂ ਦੇ ਕਰਮਕਾਂਡੀ ਭਰਮਜਾਲ ਫੈਲਾਉਣ ਦਾ ਮੁੱਖ ਕਾਰਨ ਬਣੀ। ਬ੍ਰਹਮਾ ਦੀ ਇਹੀ ਮਨ-ਕਲਪਿਤ ਘਾੜਤ ਮਨੂਵਾਦ ਦੀ ਜਨਕ ਹੈ ਜਿਹੜੀ ਬਾਅਦ ਦੇ ਜਮਾਤੀ ਅਤੇ ਜਾਤੀ ਸਮਾਜਾਂ ਵਿੱਚ ਲੁਟੇਰੇ ਵਰਗਾਂ ਦੀ ਮਦਦ ਨਾਲ ਜਾਤ-ਪਾਤ ਨੂੰ ਪੱਕਿਆਂ ਕਰਨ ਤੇ ਜਮਾਤੀ ਵੰਡ ਨੂੰ ਜਾਇਜ਼ ਠਹਿਰਾਉਣ ਦਾ ਮਾਨਸਿਕ ਆਧਾਰ ਬਣੀ ਆ ਰਹੀ ਹੈ। ਵੈਦਿਕ ਫਿਲਾਸਫੀ ਵਿੱਚੋਂ ਇਸ ਸੋਚ ਅਤੇ ਮਾਨਸਿਕਤਾ ਨੂੰ ਨਿਖੇੜ ਕੇ ਹੀ ਹਿੰਦੂ ਬਹੁਗਿਣਤੀ ਨੂੰ ਆਰਐੱਸਐੱਸ ਦੀ ਮਾਨਸਿਕ ਗੁਲਾਮੀ ਵਿੱਚੋਂ ਆਜ਼ਾਦ ਕਰਵਾਇਆ ਜਾ ਸਕਦਾ ਹੈ।

# ਭਾਜਪਾ ਸੱਤਾ 'ਤੇ ਕਾਬਜ਼ ਹੋਣ ਲਈ ਉਭਾਰ ਰਹੀ ਹੈ ਹਿੰਦੂਤਵੀ ਮੁੱਦੇ

**ਰਾਮ ਪੁਨਿਆਨੀ**

ਪਿਛਲੇ ਤਕਰੀਬਨ ਦੋ ਕੁ ਦਹਾਕਿਆਂ ਤੋਂ ਅਜਿਹੇ ਇਸ਼ਤਿਹਾਰ, ਪਰਚੇ ਅਤੇ ਹੋਰ ਪ੍ਰਚਾਰ ਸਮੱਗਰੀ ਵੇਖਣ ਨੂੰ ਮਿਲ ਰਹੀ ਹੈ ਜਿਸ ਵਿਚ



ਇਹ ਪ੍ਰਾਪੇਗੰਡਾ ਹੁੰਦਾ ਹੈ ਕਿ ਇਸਾਈ ਮਿਸ਼ਨਰੀ ਆਮ ਲੋਕਾਂ ਦਾ ਤੇਜ਼ੀ ਨਾਲ ਧਰਮ ਤਬਦੀਲ ਕਰਵਾ ਰਹੇ ਹਨ। ਇਸ ਸਬੰਧੀ ਦਿੱਤੀਆਂ ਜਾਣ ਵਾਲੀਆਂ ਮਿਸਾਲਾਂ ਬਹੁਤਾ ਕਰਕੇ ਉੱਤਰ-ਪੂਰਬੀ ਰਾਜਾਂ ਨਾਲ ਸਬੰਧਿਤ ਹੁੰਦੀਆਂ ਹਨ। ਇਹ ਪ੍ਰਾਪੇਗੰਡਾ ਭਾਰਤ ਭਰ ਵਿਚ ਕੀਤਾ ਜਾਂਦਾ ਹੈ, ਖ਼ਾਸ ਕਰਕੇ ਚੋਣਾਂ ਤੋਂ ਪਹਿਲਾਂ। ਇਹ ਪ੍ਰਚਾਰ ਹੀ ਇਸਾਈਆਂ ਖ਼ਿਲਾਫ਼ ਨਫ਼ਰਤ ਦਾ ਆਧਾਰ ਬਣਦਾ ਹੈ ਅਤੇ ਇਸੇ ਕਾਰਨ ਸਾਨੂੰ ਗ੍ਰਾਹਮ ਸਟੀਵਰਟ ਸਟੇਨ ਵਰਗਿਆਂ ਦੇ ਘਿਨੌਣੇ ਕਤਲ, ਕੰਧਮਾਲ ਵਰਗੀ ਵੱਡੀ ਹਿੰਸਾ ਅਤੇ ਗਿਰਜਿਆਂ 'ਤੇ ਹਮਲੇ ਜਾਂ ਹੋਰ ਛੋਟੀ-ਮੋਟੀ ਹਿੰਸਾ ਵਰਗੀਆਂ ਘਟਨਾਵਾਂ ਵੇਖਣ ਨੂੰ ਮਿਲਦੀਆਂ ਹਨ। ਭਾਰਤੀ ਜਨਤਾ ਪਾਰਟੀ ਵਰਗੀ ਪਾਰਟੀ ਜੋ ਰਾਮ ਮੰਦਿਰ, ਗਊ ਮਾਤਾ ਅਤੇ ਹਿੰਦੂ ਰਾਸ਼ਟਰਵਾਦ ਦੀ ਗੱਲ ਕਰਦੀ ਹੈ, ਉਨ੍ਹਾਂ ਸੂਬਿਆਂ ਵਿਚ ਕਿਵੇਂ ਆਪਣੇ ਲਈ ਰਾਹ ਬਣਾ ਸਕਦੀ ਸੀ ਜਿਥੇ ਇਸਾਈ ਧਰਮ ਵਾਲਿਆਂ ਦੀ ਅੱਛੀ-ਖਾਸੀ ਗਿਣਤੀ ਹੈ, ਗਊ-ਮਾਸ ਖਾਣਾ ਜਿਥੋਂ ਦੇ ਲੋਕਾਂ ਦੇ ਇਕ ਵੱਡੇ ਹਿੱਸੇ ਦੀਆਂ ਖੁਰਾਕੀ ਆਦਤਾਂ ਵਿਚ ਸ਼ਾਮਿਲ ਹੈ ਅਤੇ ਜਿਥੇ ਕਈ ਅਜਿਹੇ ਵੱਖ-ਵੱਖ ਕਬੀਲੇ ਤੇ ਵਰਗ ਹਨ, ਇਨ੍ਹਾਂ ਵਰਗਾਂ ਦੇ ਹਿਤ ਦੂਜਿਆਂ ਨਾਲ ਟਕਰਾਉਂਦੇ ਹਨ ਅਤੇ ਇਹ ਵਰਗ ਆਪਣੀਆਂ ਸਿਆਸੀ ਜਥੇਬੰਦੀਆਂ ਆਦਿ ਬਣਾ ਕੇ ਆਪਣੇ ਲਈ ਵੱਖਰੇ ਸੂਬਿਆਂ ਦੀ ਵੀ ਮੰਗ ਕਰ ਰਹੇ ਹਨ। ਅਜਿਹੇ ਸਾਰੇ ਸੂਬਿਆਂ ਵਿਚੋਂ ਭਾਵੇਂ ਹਰੇਕ ਦੀ ਸਥਿਤੀ ਵੱਖ-ਵੱਖ ਹੈ ਪਰ ਇਨ੍ਹਾਂ ਸੂਬਿਆਂ ਵਿਚ ਭਾਜਪਾ ਦੀ ਰਣਨੀਤੀ ਤਕਰੀਬਨ ਇਕੋ-ਜਿਹੀ ਹੀ ਰਹੀ ਹੈ। ਇਸ ਨੇ ਲਚਕੀਲਾ ਰੁਖ਼ ਅਪਣਾਉਂਦਿਆਂ ਵਿਆਪਕ ਸਰੋਤਾਂ ਦੀ ਵਰਤੋਂ ਕਰਕੇ ਸਮਰੱਥ ਚੋਣ ਮਸ਼ੀਨਰੀ ਵਰਤ ਕੇ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਕਾਰਕੁਨਾਂ ਦੀ ਹਮਾਇਤ ਰਾਹੀਂ ਸੂਬਾ-ਦਰ-ਸੂਬਾ ਬਹੁਤ ਸਾਰੇ ਸੂਬਿਆਂ ਦੀ ਸੱਤਾ ਵਿਚ ਹਿੱਸੇਦਾਰੀ ਜਾਂ ਸੱਤਾ ਹਾਸਲ ਕਰ ਲਈ ਹੈ। ਆਸਾਮ ਵਿਚ ਇਸ ਨੇ ਬੰਗਲਾਦੇਸ਼ੀ ਪ੍ਰਵਾਸੀਆਂ ਅਤੇ ਸੂਬੇ ਵਿਚ ਮੁਸਲਮਾਨਾਂ ਦੇ ਭਾਰੂ ਹੁੰਦੇ ਜਾਣ ਦੀ ਗੱਲ ਨੂੰ ਮੁੱਦਾ ਬਣਾਉਂਦਿਆਂ ਹਿੰਦੂਆਂ ਨੂੰ ਘੱਟ-ਗਿਣਤੀ ਬਣ ਕੇ ਰਹਿ ਜਾਣ ਦਾ ਡਰਾਵਾ ਦਿੱਤਾ। ਇਸ ਨੇ ਬੜੀ ਚਲਾਕੀ ਨਾਲ ਵੱਖਵਾਦੀ ਸੰਗਠਨਾਂ ਤੱਕ ਨਾਲ ਵੀ ਗੱਠਜੋੜ ਕਰ ਲਏ। ਬਹੁਤੇ ਖੇਤਰੀ ਸੰਗਠਨਾਂ ਦਾ ਕਾਂਗਰਸ ਬਾਰੇ ਇਹੀ ਮੱਤ ਸੀ ਕਿ ਇਹ ਵਿਕਾਸ ਦੇ ਕੰਮ ਵੱਲ ਲੋੜੀਂਦਾ ਧਿਆਨ ਨਹੀਂ ਦਿੰਦੀ। ਉਧਰ ਭਾਜਪਾ ਜਿਥੇ ਇਕ ਪਾਸੇ ਤਾਂ ਆਪਣੇ ਤੋਂ ਵੱਖਰੀ ਵਿਚਾਰਧਾਰਾ ਰੱਖਣ ਵਾਲਿਆਂ ਨੂੰ 'ਦੇਸ਼ ਵਿਰੋਧੀ' ਕਰਾਰ ਦਿੰਦੀ ਰਹੀ, ਉਥੇ ਦੂਜੇ ਪਾਸੇ ਇਸ ਨੇ ਅਜਿਹੇ ਸੰਗਠਨਾਂ ਨਾਲ ਵੀ ਗੱਠਜੋੜ ਬਣਾਉਣ ਵਿਚ ਕੋਈ ਝਿਜਕ ਨਹੀਂ ਵਰਤੀ ਜੋ ਵੱਖਰੇ ਰਾਜ ਜਾਂ ਇਥੋਂ ਤੱਕ ਕਿ ਦੇਸ਼ ਤੋਂ ਵੱਖ ਹੋਣ ਤੱਕ ਦੀ ਵੀ ਮੰਗ ਕਰਦੇ ਰਹੇ ਹਨ। ਤ੍ਰਿਪੁਰਾ ਵਿਚ ਖੱਬੇ ਮੋਰਚੇ ਦੀ ਸਰਕਾਰ ਆਪਣੇ ਸਾਫ਼-ਸੁਥਰੇ ਰਿਕਾਰਡ ਦੇ ਬਾਵਜੂਦ ਰਾਖਵੇਂਕਰਨ ਦੇ ਮਾਮਲੇ ਵਿਚ ਹੋਰ ਪਛੜੇ ਵਰਗਾਂ ਅਤੇ ਕਬਾਇਲੀਆਂ ਦੀਆਂ ਇੱਛਾਵਾਂ ਪੂਰੀਆਂ ਕਰਨ ਵਿਚ ਅਸਫ਼ਲ ਰਹੀ। ਇਹ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਸਿਰਜਣ ਵਿਚ ਵੀ ਬੁਰੀ ਤਰ੍ਹਾਂ ਨਾਕਾਮ ਰਹੀ, ਜਿਸ ਕਰਕੇ ਭਾਜਪਾ ਨੂੰ ਵਾਅਦੇ ਕਰਨ ਅਤੇ ਵਿਕਾਸ ਦਾ ਭਰਮ ਸਿਰਜਣ ਦਾ ਆਧਾਰ ਮਿਲ ਗਿਆ। ਇਥੇ ਭਾਜਪਾ ਨੇ ਮੁੱਖ ਤੌਰ 'ਤੇ ਦੋ ਢੰਗ-ਤਰੀਕਿਆਂ 'ਤੇ ਟੇਕ ਰੱਖੀ। ਇਨ੍ਹਾਂ ਵਿਚੋਂ ਇਕ ਸੀ ਵਿਕਾਸ ਦਾ ਵਾਅਦਾ। ਜਿਥੇ ਬਾਕੀ ਸਾਰੇ ਦੇਸ਼ ਵਿਚ ਤਾਂ ਇਸ ਦੇ ਵਿਕਾਸ ਦੇ ਦਾਅਵਿਆਂ ਦਾ ਪਰਦਾਫਾਸ਼ ਹੋ ਚੁੱਕਾ ਹੈ ਅਤੇ ਇਨ੍ਹਾਂ ਨੂੰ ਸਿਰਫ ਵੋਟਾਂ ਬਟੋਰਨ ਦੇ ਜੁਮਲੇ ਹੀ ਮੰਨਿਆ ਜਾਣ ਲੱਗਾ ਹੈ, ਉਥੇ ਉੱਤਰ-ਪੂਰਬ ਵਿਚ ਭਾਜਪਾ ਮੋਦੀ ਨੂੰ ਵਿਕਾਸ ਪੁਰਸ਼ ਵਜੋਂ 'ਵੇਚਣ' ਵਿਚ ਸਫ਼ਲ ਰਹੀ। ਨਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਵਿਚ ਮਾਣਿਕ ਸਰਕਾਰ ਦੀ ਨਾਕਾਮੀ ਤੋਂ ਵੀ ਲੋਕਾਂ ਦਾ ਵੱਡਾ ਵਰਗ ਨਾਖੁਸ਼ ਸੀ। ਤ੍ਰਿਪੁਰਾ ਅਜੇ ਚੌਥੇ ਤਨਖਾਹ ਕਮਿਸ਼ਨ 'ਤੇ ਹੀ ਫਸਿਆ ਹੋਇਆ ਹੈ, ਜਦੋਂਕਿ ਬਾਕੀ ਥਾਈਂ ਸੱਤਵੇਂ ਤਨਖਾਹ ਕਮਿਸ਼ਨ ਦੀਆਂ ਗੱਲਾਂ ਚੱਲ ਰਹੀਆਂ ਹਨ। ਦੂਜੀ ਗੱਲ ਇਹ ਹੈ ਕਿ ਤ੍ਰਿਪੁਰਾ ਵਿਚ ਬੰਗਾਲੀ ਹਿੰਦੂ ਵੋਟਾਂ ਨੂੰ ਪ੍ਰਭਾਵਿਤ ਕਰਨ ਲਈ 'ਹਿੰਦੂ ਰਫਿਊਜੀ ਹਨ ਅਤੇ ਮੁਸਲਮਾਨ ਘੁਸਪੈਠੀਏ ਹਨ' ਵਾਲਾ ਪ੍ਰਚਾਰ ਵੀ ਵਰਤਿਆ ਗਿਆ। ਕਬਾਇਲੀ ਇਲਾਕਿਆਂ ਵਿਚ ਸੰਘ ਦੇ ਕਾਰਕੁੰਨ ਧਾਰਮਿਕ ਸਮਾਗਮ ਆਦਿ ਆਯੋਜਿਤ ਕਰਕੇ ਅਤੇ ਸਕੂਲ ਵਗੈਰਾ ਖੋਲ੍ਹ ਕੇ ਲੰਮੇ ਸਮੇਂ ਤੋਂ ਨਿਰੰਤਰ ਕੰਮ ਕਰ ਰਹੇ ਸਨ। ਉਨ੍ਹਾਂ ਨੇ ਵੀ ਮਾਣਿਕ ਸਰਕਾਰ ਲਈ ਹੇਠਲੀ ਉੱਤੇ ਲਿਆਉਣ ਦਾ ਕੰਮ ਕੀਤਾ, ਕਿਉਂਕਿ ਮਾਣਿਕ ਸਰਕਾਰ ਦੀ ਸਰਕਾਰ ਮੌਕੇ ਮੁਹੱਈਆ ਕਰਾਉਣ ਦੇ ਮਾਮਲੇ ਵਿਚ ਕਬਾਇਲੀਆਂ ਦੀਆਂ ਲੋੜਾਂ ਪੂਰੀਆਂ ਕਰ ਸਕਣ ਵਿਚ ਅਸਫਲ ਰਹੀ ਸੀ। ਗਊ ਮਾਸ ਦੇ ਮੁੱਦੇ 'ਤੇ ਭਾਜਪਾ ਨੇ ਖੁੱਲ੍ਹੇਆਮ ਦੋਹਰੀ ਪਹੁੰਚ ਅਪਣਾਈ ਕਿ ਗਊ ਮਾਸ 'ਤੇ ਪਾਬੰਦੀ (ਜੋ ਦੇਸ਼ ਦੇ ਵੱਖ-



ਵੱਖ ਹਿੱਸਿਆਂ ਵਿਚ ਲਾਗੂ ਕੀਤੀ ਜਾ ਰਹੀ ਹੈ) ਉੱਤਰ-ਪੂਰਬ ਵਿਚ ਲਾਗੂ ਨਹੀਂ ਕੀਤੀ ਜਾਵੇਗੀ। ਅਸਲ ਵਿਚ ਸੰਘ-ਭਾਜਪਾ ਵਲੋਂ ਉਭਾਰੇ ਜਾਣ ਵਾਲੇ ਬਾਕੀ ਬਹੁਤੇ ਮੁੱਦਿਆਂ ਵਾਂਗ ਗਊ ਰੱਖਿਆ ਦੀ ਗੱਲ ਵੀ ਇਸ ਲਈ ਸਮਾਜ ਨੂੰ ਵੰਡਣ ਦਾ ਇਕ ਸਿਆਸੀ ਔਜ਼ਾਰ ਹੀ ਹੈ ਅਤੇ ਜਦੋਂ ਇਸ ਨਾਲ ਵੋਟਾਂ ਪ੍ਰਭਾਵਿਤ ਹੋਣ ਦੀ ਨੌਬਤ ਆਈ ਤਾਂ ਪਾਰਟੀ ਨੇ ਮੁੱਦੇ ਨੂੰ ਨਵੇਂ ਰੁਖ਼ ਢਾਲ ਲਿਆ ਜਿਵੇਂ ਇਸ ਨੇ ਕੇਰਲਾ ਅਤੇ ਗੋਆ ਵਿਚ ਇਸ ਮੁੱਦੇ 'ਤੇ ਕੀਤਾ ਸੀ। ਇਸਾਈ ਵੋਟਾਂ 'ਤੇ ਨਜ਼ਰ ਰੱਖਦਿਆਂ ਸ੍ਰੀ ਮੋਦੀ ਨੇ 46 ਨਰਸਾਂ ਨੂੰ ਆਈ.ਐਸ.ਆਈ.ਐਸ. ਤੋਂ ਛੁਡਵਾਉਣ ਅਤੇ ਪਾਦਰੀ ਐਲੇਕਸ ਪ੍ਰੇਮ ਕੁਮਾਰ ਨੂੰ ਤਾਲਿਬਾਨ ਦੀ ਪਕੜ ਤੋਂ ਛੁਡਵਾਉਣ ਦੀਆਂ ਗੱਲਾਂ ਬੜੀ ਉੱਚੀ ਸੁਰ ਵਿਚ ਕੀਤੀਆਂ। ਇਸ ਬਾਰੇ ਹੁਣ ਕੋਈ ਕੀ ਕਹਿ ਸਕਦਾ ਹੈ? ਕੀ ਉਨ੍ਹਾਂ ਨੂੰ ਭਾਰਤੀ ਹੋਣ ਕਰਕੇ ਛੁਡਵਾਇਆ ਗਿਆ ਸੀ ਜਾਂ ਫਿਰ ਕਿਸੇ ਖ਼ਾਸ ਧਰਮ ਨਾਲ ਸਬੰਧਿਤ ਹੋਣ ਕਰਕੇ? ਜਿਵੇਂ ਕਿ ਸ੍ਰੀ ਮੋਦੀ ਦੀ ਰਾਜਨੀਤੀ ਦਾ ਸੁਭਾਅ ਹੀ ਹੈ ਉਹ ਅਜਿਹੇ ਮੁੱਦਿਆਂ ਦਾ ਵੀ ਪੂਰੇ ਸਿਆਸੀ ਢੰਗ ਨਾਲ ਲਾਹਾ ਲੈਂਦੇ ਹਨ। ਇਕ ਪਾਸੇ ਉਨ੍ਹਾਂ ਦੀ ਵਿਚਾਰਧਾਰਾ ਇਸਾਈਆਂ ਤੇ ਮੁਸਲਮਾਨਾਂ ਨੂੰ ਵਿਦੇਸ਼ੀ ਕਰਾਰ ਦਿੰਦੀ ਹੈ ਪਰ ਦੂਜੇ ਪਾਸੇ ਚੋਣਾਵੀ ਲਾਭਾਂ ਲਈ ਉਹ ਇਨ੍ਹਾਂ ਪਛਾਣਾਂ ਦੀ ਵਰਤੋਂ ਵੀ ਕਰਦੇ ਹਨ। ਤ੍ਰਿਪੁਰਾ ਵਿਚ ਕਾਂਗਰਸ ਅਤੇ ਟੀ.ਐਮ.ਸੀ. ਦੇ ਵਿਧਾਇਕਾਂ ਦੀ ਬਹੁਗਿਣਤੀ ਪਾਰਟੀ ਬਦਲ ਕੇ ਭਾਜਪਾ ਵਿਚ ਸ਼ਾਮਿਲ ਹੋ ਗਈ। ਇਸ ਤਰ੍ਹਾਂ ਉਨ੍ਹਾਂ ਦੇ ਹਮਾਇਤੀ ਵੋਟਰ ਵੀ ਭਾਜਪਾ ਵੱਲ ਚਲੇ ਗਏ। ਅਸਲ ਵਿਚ ਬੰਗਲਾਦੇਸ਼ ਵਿਰੋਧੀ ਭਾਵਨਾਵਾਂ ਤੇ ਵਿਕਾਸ ਦੇ ਭਰਮਾਊ ਵਾਅਦਿਆਂ ਨੇ ਹੀ ਮੁੱਖ ਤੌਰ 'ਤੇ ਉਥੇ ਭਾਜਪਾ ਦਾ ਬੇੜਾ ਬੰਨ੍ਹੇ ਲਾਇਆ। ਮੇਘਾਲਿਆ ਵਿਚ ਸਥਿਤੀ ਵੱਖਰੀ ਸੀ। ਭਾਵੇਂ ਉਥੇ ਕਾਂਗਰਸ ਹੀ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਅਤੇ ਸਰਕਾਰ ਬਣਾਉਣ ਦਾ ਮੌਕਾ ਮਿਲਣ ਦਾ ਪਹਿਲਾ ਹੱਕ ਵੀ ਉਸੇ ਦਾ ਬਣਦਾ ਸੀ ਪਰ ਹਿੰਦੂ ਰਾਸ਼ਟਰਵਾਦੀ ਰਾਜਪਾਲ ਨੇ ਵੱਖਰੀ ਸੋਚ ਅਪਣਾਉਂਦਿਆਂ ਦੂਜੀ ਸਭ ਤੋਂ ਵੱਡੀ ਪਾਰਟੀ, ਜੋ ਭਾਜਪਾ ਸਮੇਤ ਤਕਰੀਬਨ ਹਰ ਤਰ੍ਹਾਂ ਦੀਆਂ ਪਾਰਟੀਆਂ ਦਾ ਗੱਠਜੋੜ ਸੀ, ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ। ਇਥੇ ਚੋਣ ਨਤੀਜਿਆਂ ਤੋਂ ਪੂਰੀ ਤਰ੍ਹਾਂ ਜ਼ਾਹਿਰ ਸੀ ਕਿ ਭਾਜਪਾ ਲੋਕਾਂ ਦਾ ਫ਼ਤਵਾ ਹਾਸਲ ਕਰਨ ਵਿਚ ਅਸਫ਼ਲ ਰਹੀ ਹੈ। ਪਰ ਇਹ ਖੇਤਰੀ ਪਾਰਟੀ ਨਾਲ ਗੱਠਜੋੜ ਸਦਕਾ ਸੱਤਾ ਵਿਚ ਆ ਗਈ, ਜਿਸ ਦੇ ਕਾਂਗਰਸ ਨਾਲ ਸੁਖਾਵੇਂ ਰਿਸ਼ਤੇ ਨਹੀਂ ਸਨ। ਭਾਜਪਾ ਦੇ ਵਿਆਪਕ ਪ੍ਰਭਾਵ ਅਤੇ ਧਨ ਤੇ ਤਾਕਤ ਦੀ ਵਰਤੋਂ ਨੇ ਵੀ ਗੁੱਝੀ ਭੂਮਿਕਾ ਨਿਭਾਈ।

ਤ੍ਰਿਪੁਰਾ ਤੋਂ ਖੱਬੇ ਪੱਖ ਨੂੰ ਬਹੁਤ ਸਾਰੇ ਸਬਕ ਸਿੱਖਣੇ ਬਣਦੇ ਹਨ। ਨੌਜਵਾਨਾਂ, ਕਬਾਇਲੀਆਂ ਅਤੇ ਹੋਰ ਪਛੜੇ ਵਰਗਾਂ ਦੀਆਂ ਲੋੜਾਂ 'ਤੇ ਪੂਰੀ ਉਤਰਨ ਵਾਲੀ ਪਹੁੰਚ ਅਪਣਾਈ ਜਾਣੀ ਬੇਹੱਦ ਜ਼ਰੂਰੀ ਹੈ। ਫਿਰ ਉਸ ਦੇ ਨਾਲ-ਨਾਲ ਉਹ ਵੀ ਗੱਲ ਹੈ ਕਿ ਭਾਜਪਾ ਸੱਤਾ ਵਿਚ ਆਉਣ ਲਈ ਕੋਈ ਵੀ ਹੀਲਾ-ਹਰਬਾ ਵਰਤਣ ਤੋਂ ਗੁਰੇਜ਼ ਨਹੀਂ ਕਰ ਰਹੀ, ਜੇ ਇਸ ਅਮਲ ਨਾਲ ਨਜਿੱਠਣ ਦੀ ਗੱਲ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਖੱਬੇ ਪੱਖੀਆਂ ਅਤੇ ਹੋਰ ਪਾਰਟੀਆਂ ਦੇ ਵੋਟ ਬੈਂਕ ਨੂੰ ਗੰਭੀਰ ਖੋਰਾ ਲੱਗ ਜਾਵੇਗਾ। ਕਾਂਗਰਸ ਨਾਲ ਗੱਠਜੋੜ ਨਾ ਕਰਨ ਵਾਲੀ ਪਹੁੰਚ (ਜਿਸ ਨੂੰ 'ਕਰਾਤ ਲਾਈਨ' ਵਜੋਂ ਜਾਣਿਆ ਜਾਂਦਾ ਹੈ) ਨੂੰ ਅਪਣਾਇਆ ਜਾਂਦਾ ਰਿਹਾ ਤਾਂ ਆਉਣ ਵਾਲੇ ਸਮੇਂ ਵਿਚ ਖੱਬੇ ਪੱਖੀ ਹੋਰ ਹਾਸ਼ੀਏ 'ਤੇ ਧੱਕੇ ਜਾਣਗੇ। ਇਹ ਪਹੁੰਚ ਅਸਲ ਵਿਚ ਸੰਘ-ਭਾਜਪਾ ਦੇ ਡੂੰਘੇ ਏਜੰਡੇ ਅਤੇ ਇਸ ਦੇ ਪ੍ਰਭਾਵਾਂ ਤੋਂ ਪੂਰੀ ਤਰ੍ਹਾਂ ਜਾਣੂ ਹੀ ਨਹੀਂ ਹੈ। ਇਹ ਇਸ ਖ਼ਤਰੇ ਨੂੰ ਸਮਝਣ ਤੋਂ ਵੀ ਅਸਮਰੱਥ ਹੈ ਕਿ ਭਾਜਪਾ ਨੇ ਸਮੇਂ ਨਾਲ ਇਕ ਮਜ਼ਬੂਤ ਚੋਣ ਮਸ਼ੀਨਰੀ ਖੜ੍ਹੀ ਕਰ ਲਈ ਹੈ ਅਤੇ ਭਾਜਪਾ ਮੁੱਦਿਆਂ ਨੂੰ ਆਪਣੇ ਹਿਸਾਬ ਨਾਲ ਵਰਤ ਕੇ ਇਨ੍ਹਾਂ ਤੋਂ ਲਾਹਾ ਹਾਸਲ ਕਰਨ ਵਿਚ ਵੀ ਮੁਹਾਰਤ ਹਾਸਲ ਕਰ ਚੁੱਕੀ ਹੈ।

ਲੈਨਿਨ ਦੇ ਬੁੱਤਾਂ ਅਤੇ ਖੱਬੇ ਪੱਖੀ ਕਾਰਕੁਨਾਂ 'ਤੇ ਹਮਲਿਆਂ ਦੇ ਰੂਪ ਵਿਚ ਭਾਜਪਾ/ਸੰਘ ਦੀ ਭੜਕਾਊ ਰਾਜਨੀਤੀ ਇਕ ਵਾਰ ਫਿਰ ਜ਼ਾਹਰ ਹੋਈ ਹੈ। ਜੇ ਦੇਸ਼ ਦੀਆਂ ਲੋਕਤੰਤਰੀ ਤਾਕਤਾਂ ਇਸ ਚੁਣੌਤੀ ਨਾਲ ਨਜਿੱਠਣ ਦੀਆਂ ਹਾਣੀ ਨਾ ਹੋ ਸਕੀਆਂ ਤਾਂ ਭਵਿੱਖ ਕੀ ਹੋਵੇਗਾ, ਇਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ ਹੈ।

# ਔਰਤ ਦਾ ਦੇਹ ਸ਼ਾਸ਼ਤਰ ਤੇ ਖਪਤਕਾਰੀ ਸਭਿਅਤਾ

**ਪ੍ਰੋ. ਬਲਵਿੰਦਰਪਾਲ ਸਿੰਘ**
(ਮੋਬਾਈਲ. 9815700916)

ਭਾਰਤ ਵਿੱਚ ਭਾਵੇਂ ਵਿਸ਼ਵੀਕਰਨ ਦਾ ਪ੍ਰਸਾਰ ਹੋਇਆ ਹੈ, ਅਨੇਕਾਂ ਆਧੁਨਿਕ ਤਬਦੀਲੀਆਂ ਵੀ ਵਾਪਰੀਆਂ ਹਨ, ਪਰ ਔਰਤ ਦੀ ਸਥਿਤੀ ਵਿੱਚ ਕੋਈ ਕ੍ਰਾਂਤੀਕਾਰੀ ਤਬਦੀਲੀ ਨਹੀਂ ਵਾਪਰੀ। ਹਾਲੇ ਤੱਕ ਮਰਦ ਪ੍ਰਧਾਨ ਸਮਾਜ ਦੀ ਜਗੀਰੂ ਵਿਵਸਥਾ ਜਾਰੀ ਹੈ ਅਤੇ ਔਰਤ ਨੂੰ ਆਪਣੇ ਵਜੂਦ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਵਿਸ਼ਵੀਕਰਨ ਨੇ ਵੀ ਭਾਰਤੀ ਔਰਤ ਨੂੰ ਮੁਕਤੀ ਤੇ ਆਜ਼ਾਦੀ ਪ੍ਰਦਾਨ ਕਰਨ ਦੀ ਥਾਂ ਉਸ ਨੂੰ 'ਪਦਾਰਥ' ਤੇ 'ਸੈਕਸ ਸਿੰਬਲ' ਦੇ ਰੂਪ ਵਿੱਚ ਸਿਰਜਿਆ ਹੈ। ਇਹ ਉਸ ਦੇ ਗਲ ਵਿੱਚ ਪਾਈ ਵੱਡੀ ਗੁਲਾਮੀ ਹੈ।

ਇਸ ਤਰ੍ਹਾਂ ਭਾਰਤ ਦੀ ਨਾਰੀ ਨੂੰ ਦੂਹਰੇ ਸੋਸ਼ਣ ਨਾਲ ਜੁਝਣਾ ਪੈ ਰਿਹਾ ਹੈ। ਪਰੰਪਰਿਕ ਸਮੇਂ 'ਚ ਪਰਦੇ 'ਚ ਜਕੜੀ ਇਸਤਰੀ ਪੁਰਸ਼ ਦੇ ਅਧੀਨ ਸੀ ਤੇ ਉਸ ਦੀ ਹੋਂਦ ਇੱਕ ਗੁਲਾਮ ਤੋਂ ਵੱਧ ਨਹੀਂ ਸੀ ਤੇ ਹੁਣ ਵਰਤਮਾਨ 'ਚ ਖਪਤਕਾਰੀ ਵਿਵਸਥਾ ਨੇ ਉਸ ਨੂੰ ਪੂਰੀ ਤਰ੍ਹਾਂ ਆਪਣੇ ਪ੍ਰਭਾਵ 'ਚ ਲੈ ਲਿਆ ਹੈ। ਇਹੀ ਕਾਰਨ ਹੈ ਕਿ ਆਜ਼ਾਦੀ ਦੇ ਨਾਂ 'ਤੇ ਸਿਰਫ਼ ਦਿਖਾਵਾ ਹੋ ਰਿਹਾ ਹੈ। ਅਸਲ 'ਚ ਤਾਂ ਨਵੀਂਆਂ-ਨਵੀਂਆਂ ਸੰਰਚਨਾਵਾਂ ਦੇ ਬਣਨ ਨਾਲ ਇਸਤਰੀ ਜ਼ਿਆਦਾ ਗੁਲਾਮੀ ਵੱਲ ਜਾ ਰਹੀ ਹੈ। ਬਾਜ਼ਾਰ ਉਸ ਨੂੰ ਉਪਭੋਗ ਦੀ ਵਸਤੂ ਮੰਨ ਕੇ ਇੱਕ ਬਨਾਵਟੀ ਇਸਤਰੀ ਦਾ ਅਕਸ ਘੜ ਰਿਹਾ ਹੈ, ਜੋ ਮਰਦ ਪ੍ਰਧਾਨ ਸਮਾਜ ਦੇ ਅਧੀਨ ਰਹਿੰਦੇ ਹੋਏ ਬਾਜ਼ਾਰ ਲਈ ਮੁਨਾਫ਼ੇ ਦੇ ਰਾਹ ਖੋਲ੍ਹਦੀ ਹੈ। ਇਸ ਦੇ ਉਦਾਹਰਨ ਭਾਰਤ ਵਿੱਚ ਦੁਪਹਿਰ ਬਾਅਦ ਆਉਣ ਵਾਲੇ ਉਨ੍ਹਾਂ ਸਾਰੇ ਟੀਵੀ ਸੀਰੀਅਲਾਂ ਅਤੇ ਇਸ਼ਤਿਹਾਰਾਂ 'ਚ ਦੇਖੇ ਜਾ ਸਕਦੇ ਹਨ, ਜੋ ਇਸਤਰੀ ਦੀ ਦੇਹ ਨੂੰ ਨਿਸ਼ਾਨਾ ਬਣਾ ਕੇ ਪ੍ਰਸਾਰਿਤ ਹੁੰਦੇ ਹਨ। ਇੱਕ ਪਾਸੇ ਸੀਰੀਅਲਾਂ



'ਚ ਲਗਾਤਾਰ ਮਰਦ ਪ੍ਰਧਾਨ ਸਮਾਜ ਦੀਆਂ ਸਨਾਤਨੀ ਜਗੀਰੂ ਸੰਰਚਨਾਵਾਂ ਦੀ ਮਜ਼ਬੂਤੀ ਸਾਹਮਣੇ ਆ ਰਹੀ ਹੈ, ਉੱਥੇ ਦੂਜੇ ਪਾਸੇ ਬਾਜ਼ਾਰ ਵੱਲੋਂ ਉਸਾਰੇ ਸੁੰਦਰਤਾ ਦੇ ਪ੍ਰਤੀਮਾਨਾਂ ਅਨੁਸਾਰ ਇਸਤਰੀ ਦਾ ਬਨਾਵਟੀ ਰੂਪ ਦਿਖਾਇਆ ਜਾਂਦਾ ਹੈ।

ਇਹੀ ਕਾਰਨ ਹੈ ਕਿ ਪਿੰਡਾਂ 'ਚ ਸਕੂਲ, ਸਿਹਤ ਕੇਂਦਰ ਨਜ਼ਰ ਆਉਣ ਜਾਂ ਨਹੀਂ, ਪਰ ਬਿਊਟੀ ਪਾਰਲਰ ਖੁੱਲ੍ਹੇ ਮਿਲ ਜਾਣਗੇ। ਅਜਿਹਾ ਇਸ ਲਈ ਹੋ ਰਿਹਾ ਹੈ, ਤਾਂ ਘਰੇਲੂ ਇਸਤਰੀਆਂ 'ਚ ਆਪਣੇ ਸਰੀਰ, ਚਮੜੀ ਅਤੇ ਸੁੰਦਰਤਾ ਦੇ ਪ੍ਰਤੀ ਲਾਲਸਾ ਪੈਦਾ ਕੀਤੀ ਜਾਵੇ, ਜਿਸ ਨਾਲ ਕਾਰਪੋਰੇਟ ਜਗਤ ਦੇ ਸੁੰਦਰਤਾ ਸੰਬੰਧੀ ਪ੍ਰੋਡਕਟਾਂ ਦੇ ਵਪਾਰ ਵਿੱਚ ਇਜ਼ਾਫ਼ਾ ਹੋ ਸਕੇ। ਪਰੰਪਰਾਗਤ ਸਮਾਜਾਂ 'ਚ ਸੁੰਦਰਤਾ ਦੇ ਪ੍ਰਤੀਮਾਨ ਪੁਰਸ਼ ਵੱਲੋਂ ਤੈਅ ਕੀਤੇ ਜਾਂਦੇ ਸਨ ਤੇ ਹੁਣ ਵਰਤਮਾਨ ਸੰਦਰਭ 'ਚ ਇਨ੍ਹਾਂ ਪ੍ਰਤੀਮਾਨਾਂ ਨੂੰ ਬਾਜ਼ਾਰ ਤੈਅ ਕਰ ਰਿਹਾ ਹੈ, ਪਰ ਇਹ ਦੋਵੇਂ ਮਰਦ ਪ੍ਰਧਾਨ ਸਮਾਜ ਦੇ ਪ੍ਰਬੰਧਾਂ ਦੇ ਆਲੇ-ਦੁਆਲੇ ਹੀ ਆਪਣੀਆਂ ਧਾਰਨਾਵਾਂ ਬਣਾ ਰਹੇ ਹਨ। ਪਰ ਇਸਤਰੀ ਮੁਕਤੀ ਦਾ ਸੁਪਨਾ ਨਾ ਪਰੰਪਰਿਕ ਸੰਰਚਨਾਵਾਂ ਤੋਂ ਹੋ ਕੇ ਲੰਘਦਾ ਹੈ ਤੇ ਨਾ ਹੀ ਬਾਜ਼ਾਰੀ ਧਾਰਨਾਵਾਂ ਵਿੱਚੋਂ। ਇਸ ਤਰ੍ਹਾਂ ਮਰਦ ਪ੍ਰਧਾਨ ਸਮਾਜਵਾਦ ਅਤੇ ਵਿਸ਼ਵੀਕਰਨ ਦੇ ਦੌਰ 'ਚ ਇੱਕ ਸੰਘਰਸ਼ਸ਼ੀਲ ਅਤੇ ਜਾਗ੍ਰਿਤੀ ਇਸਤਰੀ ਲਈ ਚੁਣੌਤੀਆਂ ਵਧਦੀਆਂ ਜਾ ਰਹੀਆਂ ਹਨ। ਉਸ ਨੂੰ ਸਮਾਜ ਅਤੇ ਬਾਜ਼ਾਰ ਦੋਵਾਂ ਤੋਂ ਮੁਕਤੀ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਅੱਜ ਦੀ ਨਾਰੀ ਨੂੰ ਵਿਸ਼ਵੀਕਰਨ ਕਾਰਨ ਬਦਲਦੀ, ਸਾਮਾਜਿਕ, ਰਾਜਨੀਤਕ ਤੇ ਆਰਥਿਕ ਵਿਵਸਥਾ ਕਾਰਨ ਪਹਿਲਾਂ ਨਾਲੋਂ ਬਹੁਤ ਸਾਰੀਆਂ ਸਹੂਲਤਾਂ ਤਾਂ ਮਿਲੀਆਂ ਹਨ, ਪਰ ਅਜ਼ਾਦੀ ਨਹੀਂ। ਅੱਜ ਦੀ ਔਰਤ ਆਪਣੇ ਆਪ ਨੂੰ ਮਾਡਰਨ ਮੰਨ ਕੇ ਇਸ ਨੂੰ ਹੀ ਅਜ਼ਾਦੀ ਸਮਝੀ ਬੈਠੀ ਹੈ। ਰਿਸ਼ਤੇ ਚਾਹੇ ਸਾਮਾਜਿਕ ਹੋਣ ਜਾਂ ਮੁਹੱਬਤ ਦੇ ਹੋਣ, ਉਸ ਪ੍ਰਤੀ ਉਸ ਦੀ ਧਾਰਨਾ ਬੇਗਾਨਗੀ ਵਾਲੀ ਹੁੰਦੀ ਹੈ ਕਿ ਇਨ੍ਹਾਂ ਰਿਸ਼ਤਿਆਂ ਦੇ ਕੋਈ ਅਰਥ ਨਹੀਂ। ਸਭ ਰਿਸ਼ਤਿਆਂ ਵਿੱਚ ਕਪਟ, ਝੂਠ ਤੇ ਮੌਕਾਪ੍ਰਸਤੀ ਹੁੰਦੀ ਹੈ। ਆਪੇ ਦੀ ਭਾਲ ਕਰੋ, ਇਕੱਲੇ ਰਹੋ। ਇਹ ਔਰਤ ਦੀ ਅਜ਼ਾਦੀ ਦਾ ਨਵਾਂ ਰੂਪ ਵਿਸ਼ਵੀਕਰਨ ਦੇ ਪ੍ਰਭਾਵ ਰਾਹੀਂ ਪੇਸ਼ ਹੋ ਰਿਹਾ ਹੈ। ਇਸ ਦਾ ਨੁਕਸਾਨ ਵੀ ਔਰਤ ਨੂੰ ਵੱਧ ਹੋ ਰਿਹਾ ਹੈ। ਇੱਥੋਂ ਤੱਕ ਕਿ ਮਰਦਾਂ ਬਾਰੇ ਉਸ ਦੇ ਮਨ ਵਿੱਚ ਵਿਸ਼ਵੀਕਰਨ ਦੇ ਪ੍ਰਭਾਵ ਕਾਰਨ ਇਹ ਗੱਲ ਬੈਠ ਚੁੱਕੀ ਹੈ ਕਿ ਸਭ ਮਰਦ ਇੱਕੋ ਜਿਹੇ ਹਨ। ਇਹੀ ਕਾਰਨ ਹੈ ਕਿ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਅਜੋਕੇ ਸਮੇਂ ਔਰਤ ਸਬਰ, ਸੰਤੋਖ, ਪਿਆਰ ਗੁਆ ਬੈਠੀ ਹੈ ਤੇ ਉਹ ਇਕੱਲਤਾ ਤੇ ਬੇਗਾਨਗੀ ਵਿੱਚ ਵਿਚਰ ਰਹੀ ਹੈ। ਏਸੇ ਖਪਤਕਾਰੀ ਯੁਗ ਕਾਰਨ ਹੀ ਇਸਤਰੀ ਪ੍ਰੇਮ ਦਾ ਸਾਗਰ ਦੀ ਥਾਂ ਦੇਹ ਦਾ ਰੇਗਿਸਤਾਨ ਬਣਦੀ ਜਾ ਰਹੀ ਹੈ। ਮਹਾਂਨਗਰਾਂ ਮੁੰਬਈ, ਦਿੱਲੀ, ਕੋਲਕਾਤਾ ਤੇ ਹੋਰਨਾਂ ਇਲਾਕਿਆਂ ਵਿੱਚ ਵੀ ਇਸਤਰੀ ਆਪਣੀ ਤਰੱਕੀ ਦੇ ਲਈ ਦੇਹ ਨੂੰ ਹੀ ਅਪਣਾ ਰਹੀ ਹੈ। ਮੀਡੀਆ ਨੇ ਵੀ ਇਸਤਰੀ ਦੇ ਦੇਹ ਸ਼ਾਸਤਰ ਨੂੰ ਪੇਸ਼ ਕਰਕੇ ਉਸ ਲਈ ਸਮੱਸਿਆਵਾਂ ਖੜ੍ਹੀਆਂ ਕੀਤੀਆਂ ਹਨ।

ਬਾਕੀ ਸਫ਼ਾ 28 'ਤੇ

ਵਾਮਨ ਮੇਸ਼ਰਾਮ

# ਹਿੰਦੂਤਵ, ਹਿੰਦੂ ਰਾਸ਼ਟਰ ਤੇ ਡਾ. ਅੰਬੇਡਕਰ

ਬਾਬਾ ਸਾਹਿਬ ਅੰਬੇਡਕਰ ਜੋ ਹਿੰਦੂ ਰਾਸ਼ਟਰਵਾਦ ਦੇ ਖਿਲਾਫ ਸਨ, ਉਹ ਉਸੇ ਸੰਤਾਂ-ਗੁਰੂਆਂ ਦੀ ਲਹਿਰ ਦਾ ਹਿੱਸਾ ਹਨ, ਜਿਸ ਨੂੰ ਬ੍ਰਾਹਮਣਵਾਦ



ਨੇ ਭਗਤੀ ਲਹਿਰ ਕਹਿ ਕੇ ਭਗਵਾਂਕਰਨ ਕਰਨ ਦਾ ਯਤਨ ਕੀਤਾ ਹੈ। ਜਿਨ੍ਹਾਂ ਸੰਤਾਂ-ਗੁਰੂਆਂ ਨੇ ਦੱਬੇ ਕੁਚਲੇ ਲੋਕਾਂ ਦੇ ਲਈ, ਸ਼ੂਦਰਾਂ ਦੇ ਲਈ ਇਨਕਲਾਬ ਕੀਤਾ, ਉਨ੍ਹਾਂ ਨੂੰ ਬ੍ਰਾਹਮਣਵਾਦ ਵੱਲੋਂ ਮਿਟਾਉਣ ਤੇ ਖਤਮ ਕਰਨ ਦੇ ਯਤਨ ਕਿਉਂ ਕੀਤੇ ਗਏ? ਸੰਤ ਕਬੀਰ ਜੀ ਨੂੰ ਇਹ ਕਹਿਣ ਦੀ ਕਿਉਂ ਲੋੜ ਪਈ ਕਿ

ਗਰਭ ਵਾਸ ਮਹਿ ਕੁਲੁ ਨਹੀ ਜਾਤੀ।<br>ਬ੍ਰਹਮ ਬਿੰਦੁ ਤੇ ਸਭ ਉਤਪਾਤੀ।<br>ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ।<br>ਬਾਮਨ ਕਹਿ ਕਹਿ ਜਨਮੁ ਮਤ ਖੋਏ।<br>ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ।<br>ਤਉ ਆਨ ਬਾਟ ਕਾਹੇ ਨਹੀ ਆਇਆ।<br>ਤੁਮ ਕਤ ਬ੍ਰਾਹਮਣ ਹਮ ਕਤ ਸੂਦ।<br>ਹਮ ਕਤ ਲੋਹੂ ਤੁਮ ਕਤ ਦੂਧ।

ਸੰਤ ਕਬੀਰ ਜੀ ਦਾ ਕਹਿਣਾ ਸੀ ਕਿ ਜਦੋਂ ਅਕਾਲ ਪੁਰਖ ਹੀ ਸਾਰੇ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ, ਤਾਂ ਮਾਤਾ ਦੇ ਪੇਟ ਅੰਦਰ ਕਿਸੇ ਵੀ ਕੁੱਲ ਜਾਂ ਜਾਤ ਦਾ ਕੋਈ ਫ਼ਰਕ ਨਹੀਂ ਹੁੰਦਾ! ਐ ਪੰਡਤ, ਤੂੰ ਬ੍ਰਾਹਮਣ ਕਿਵੇਂ ਬਣ ਗਿਆ ਅਤੇ ਤੂੰ ਆਪਣੇ ਆਪ ਨੂੰ ਬ੍ਰਾਹਮਣ ਕਹਿ ਕਹਿ ਕੇ ਆਪਣਾ ਜੀਵਨ ਕਿਉਂ ਵਿਅਰਥ ਹੀ ਗਵਾਈ ਜਾ ਰਿਹਾ ਹੈਂ? ਜੇ ਤੂੰ ਬ੍ਰਾਹਮਣੀ ਦੇ ਪੇਟ ਵਿਚੋਂ ਜਨਮ ਲੈ ਕੇ ਬ੍ਰਾਹਮਣ ਬਣ ਗਿਆ ਤਾਂ ਕਿਸੇ ਹੋਰ ਰਸਤੇ ਰਾਹੀਂ ਕਿਉਂ ਨਹੀਂ ਪੈਦਾ ਹੋਇਆ? ਐ ਪੰਡਤ, ਤੂੰ ਇਹ ਵੀ ਦੱਸਣ ਦੀ ਖੇਚਲ ਕਰ ਕਿ ਪੈਦਾਇਸ਼ ਦਾ ਢੰਗ ਇਕੋ ਹੀ ਹੋਣ ਕਰਕੇ, ਤੁਸੀਂ ਕਿਵੇਂ ਬ੍ਰਾਹਮਣ ਬਣ ਗਏ ਅਤੇ ਅਸੀਂ ਕਿਵੇਂ ਸ਼ੂਦਰ ਹੋ ਗਏ? ਕੀ ਤੁਹਾਡੇ ਸਰੀਰ ਵਿਚ ਲਹੂ ਦੀ ਥਾਂ ਸਿਰਫ ਦੁੱਧ ਹੀ ਹੈ? ਕਬੀਰ ਸਾਹਿਬ ਜੀ ਦੀ ਇਹ ਪਾਵਨ ਰਚਨਾ ਸਿੱਧੇ ਤੌਰ 'ਤੇ ਬ੍ਰਾਹਮਣਵਾਦ ਤੇ ਮਨੂੰਸਿਮਰਤੀਆਂ ਨੂੰ ਚੈਲਿੰਜ ਸੀ ਤੇ ਇਹ ਉਹ ਇਨਕਲਾਬ ਸੀ, ਜਿਸ ਨੇ ਸ਼ੂਦਰਾਂ ਨੂੰ, ਕਿਰਤੀਆਂ ਨੂੰ, ਨੀਵਿਆਂ ਨੂੰ, ਅਛੂਤਾਂ ਨੂੰ ਜਾਗ੍ਰਿਤ ਕੀਤਾ। ਇਹੀ ਰਾਹ ਗੁਰੂ ਰਵਿਦਾਸ ਜੀ ਨੇ ਅਪਨਾਇਆ ਤੇ ਇਸ ਤੋਂ ਪਹਿਲਾਂ ਬਾਬਾ ਨਾਮਦੇਵ ਜੀ ਨੇ ਅਪਨਾਇਆ। ਗੁਰੂ ਰਵਿਦਾਸ ਜੀ ਨੇ ਸਾਫ਼ ਕਿਹਾ ਕਿ ਅਸੀਂ ਰਾਜਾ ਰਾਮ ਨੂੰ ਨਹੀਂ ਮੰਨਦੇ, ਇਸੇ ਕਰਕੇ ਅਸੀਂ ਮਨੂੰਵਾਦੀ ਪ੍ਰਬੰਧ ਵਿਚ ਨਕਾਰੇ ਹੋਏ ਹਾਂ।

ਜਾਤੀ ਓਛਾ ਪਾਤੀ ਓਛਾ<br>ਓਛਾ ਜਨਮੁ ਹਮਾਰਾ।।<br>ਰਾਜਾ ਰਾਮ ਕੀ ਸੇਵ ਨ ਕੀਨੀ<br>ਕਹਿ ਰਵਿਦਾਸ ਚਮਾਰਾ।।੩।।੩।।

ਗੁਰੂ ਰਵਿਦਾਸ ਜੀ ਬਿਆਨ ਕਰਦੇ ਹਨ ਕਿ ਬ੍ਰਾਹਮਣਵਾਦ ਦੇ ਦ੍ਰਿਸ਼ਟੀਕੋਣ ਅਨੁਸਾਰ ਮੇਰੀ ਜਾਤ, ਕੁਲ ਅਤੇ ਜਨਮ ਇਕ ਨੀਵੀਂ ਪੱਧਰ ਦਾ ਹੈ, ਕਿਉਂਕਿ ਮੈਂ ਰਾਜਾ ਰਾਮ ਨੂੰ ਨਹੀਂ ਧਿਆਉਂਦਾ,ਇਸੇ ਕਰਕੇ ਮੈਂ ਚਮਾਰ ਹਾਂ, ਸ਼ੂਦਰ ਹਾਂ। ਇਹ ਆਪਣੇ ਆਪ ਵਿਚ ਬ੍ਰਾਹਮਣਵਾਦ ਨੂੰ ਚੈਲਿੰਜ ਸੀ। ਇਸੇ ਕਰਕੇ ਇਨ੍ਹਾਂ ਸੰਤਾਂ 'ਤੇ ਬ੍ਰਾਹਮਣਵਾਦੀ ਹਮਲੇ ਹੋਏ, ਜਦੋਂ ਇਹ ਲਹਿਰ ਚੈਲਿੰਜ ਵਜੋਂ ਬ੍ਰਾਹਮਣਵਾਦ ਦੇ ਸਾਹਮਣੇ ਆਈ ਤਾਂ ਬ੍ਰਾਹਮਣਵਾਦ ਨੇ ਇਸ ਨੂੰ ਭਗਤੀ ਲਹਿਰ ਬਣਾ ਦਿੱਤਾ। ਪਰ ਇਹ ਵੱਡਾ ਇਨਕਲਾਬ ਸੀ, ਜਿਸ ਨੇ ਬ੍ਰਾਹਮਣਵਾਦੀ ਵਿਵਸਥਾ ਨੂੰ ਨਕਾਰਿਆ, ਬ੍ਰਾਹਮਣਵਾਦ ਦੇ ਗਿਆਨ ਨੂੰ ਨਕਾਰਿਆ, ਵੇਦਾਂ ਸਿਮਰਤੀਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।

ਗੁਰੂ ਰਵਿਦਾਸ ਜੀ ਨੇ ਕਿਹਾ ਹੈ ਕਿ ਵੇਦਾਂ, ਸਿਮਰਤੀਆਂ ਤੁਹਾਨੂੰ ਗਿਆਨ ਨਹੀਂ ਦੇ ਸਕਦੀਆਂ, ਇਸ ਨਾਲ ਤੁਹਾਡਾ ਪਾਰ ਉਤਾਰਾ ਨਹੀਂ ਹੋ ਸਕਦਾ।

ਕਰਮ ਅਕਰਮ ਬੀਚਾਰੀਐ,<br>ਸੰਕਾ ਸੁਨਿ ਬੇਦ ਪੁਰਾਨ।।<br>ਸੰਸਾ ਸਦ ਹਿਰਦੈ ਬਸੈ,<br>ਕਉਨੁ ਹਿਰੈ ਅਭਿਮਾਨੁ।।3।। (ਪੰਨਾ 346)

ਗੁਰੂ ਰਵਿਦਾਸ ਜੀ ਦਾ ਕਹਿਣਾ ਹੈ ਕਿ ਵੇਦਾਂ ਤੇ ਪੁਰਾਣਾਂ ਨੂੰ ਸੁਣ ਕੇ ਸ਼ੰਕਾ ਵਧਦਾ ਹੈ।

ਜਿਸ ਅੰਦੋਲਨ ਦੀ ਰਚਨਾ ਸੰਤਾਂ-ਗੁਰੂਆਂ ਨੇ ਕੀਤੀ, ਬ੍ਰਾਹਮਣਵਾਦ ਦੀ ਵਿਵਸਥਾ ਤੋਂ ਅਜ਼ਾਦੀ ਦਿਵਾਉਣ ਦਾ ਪੈਗਾਮ ਦਿੱਤਾ, ਉਹੀ ਇਨਕਲਾਬ ਬਾਬਾ ਸਾਹਿਬ ਅੰਬੇਡਕਰ ਨੇ ਅੱਗੇ ਤੋਰਿਆ।

90 ਦੇ ਦਹਾਕੇ ਦੇ ਸ਼ੁਰੂਆਤ ਤੋਂ ਹੀ ਆਰ ਐਸ ਐਸ ਦੀ ਅਗਵਾਈ ਵਿਚ ਬ੍ਰਾਹਮਣਵਾਦੀ ਸ਼ਕਤੀਆਂ ਆਪਣੀ ਰਾਜਨੀਤਕ ਯੋਜਨਾ ਦੇ ਹਿਸਾਬ ਨਾਲ ਡਾ. ਅੰਬੇਡਕਰ ਦਾ ਪੁਨਰ ਵਿਸ਼ਲੇਸ਼ਣ ਕਰਨ ਵਿਚ ਲੱਗੀਆਂ ਹੋਈਆਂ ਸਨ। ਬਾਬਾ ਸਾਹਿਬ ਅੰਬੇਡਕਰ ਨੂੰ ਹਿੰਦੂ ਰਾਸ਼ਟਰ ਦਾ ਸਮਰੱਥਕ ਆਰ ਐਸ ਐਸ ਦਾ ਸ਼ੁਭਚਿੰਤਕ ਦਰਸਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਉਹ ਸੰਤਾਂ-ਗੁਰੂਆਂ ਦੀ ਇਨਕਲਾਬੀ ਲਹਿਰ ਦਾ ਭਗਵਾਂਕਰਨ ਕਰਨ ਦੇ ਲਈ ਉਸ ਨੂੰ ਭਗਤੀ ਲਹਿਰ ਨਾਲ ਜੋੜ ਕੇ ਪੇਸ਼ ਕਰਦੇ ਰਹੇ ਹਨ। ਬਾਬਾ ਸਾਹਿਬ ਅੰਬੇਡਕਰ ਨੂੰ 'ਫਾਲਸ ਗੌਡ' ਅਤੇ ਅੰਗਰੇਜ਼ ਸਮਰੱਥਕ ਸਾਬਤ ਕਰਨ ਦੀ ਸਾਜ਼ਿਸ਼ ਵਿਚ ਮੂੰਹ ਦੀ ਖਾ ਚੁੱਕੇ ਆਰ ਐਸ ਐਸ ਦੇ ਵਿਚਾਰਕਾਂ ਨੇ ਬਾਬਾ ਸਾਹਿਬ ਅੰਬੇਡਕਰ ਨੂੰ ਗਲੇ ਲਗਾਉਣ ਦਾ ਹੁਣ ਨਵਾਂ ਪਖੰਡ ਰਚਿਆ ਹੈ। ਇਸ ਦੇ ਤਹਿਤ ਝੂਠ 'ਤੇ ਆਧਾਰਿਤ ਤੱਥਾਂ ਨੂੰ ਸਾਹਮਣੇ ਲਿਆ ਕੇ ਅੰਬੇਡਕਰ ਨੂੰ 'ਹਿੰਦੂ ਆਈਕਾਨ' ਦੇ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਚਲ ਰਹੀ ਹੈ। ਦਲਿਤਾਂ, ਪੱਛੜਿਆਂ ਤੇ ਆਦਿਵਾਸੀਆਂ ਦੇ ਜ਼ਿਕਰਯੋਗ ਸਮਰੱਥਨ ਵਿਚ ਆਰ ਐਸ ਐਸ-ਭਾਜਪਾ ਨੂੰ ਜੋ ਚੋਣਾਂ ਦੌਰਾਨ ਸਫਲਤਾਵਾਂ ਮਿਲੀਆਂ ਹਨ, ਉਸ ਨਾਲ ਭਗਵੀਆਂ ਤਾਕਤਾਂ ਨੂੰ ਬਾਬਾ ਸਾਹਿਬ ਅੰਬੇਡਕਰ 'ਤੇ ਪੁਨਰ ਵਿਸ਼ਲੇਸ਼ਣ ਤੇ ਉਸ ਦਾ ਵੱਡੀ ਪੱਧਰ 'ਤੇ ਪ੍ਰਚਾਰ ਕਰਨ ਦੇ ਪ੍ਰਤੀ ਹੋਰ ਜ਼ਿਆਦਾ ਉਤਸ਼ਾਹ ਪੈਦਾ ਹੋਇਆ ਹੈ। ਆਰ ਐਸ ਐਸ ਦੀ ਇਹੀ ਨੀਤੀ ਰਹੀ ਹੈ ਕਿ ਭਾਰਤ ਦੀਆਂ ਕੌਮਾਂ ਤੇ ਆਰੀਅਨ ਵਿਰੋਧੀ ਮਹਾਂਪੁਰਸ਼ਾਂ ਦਾ ਭਗਵਾਂਕਰਨ ਕਰ ਦਿੱਤਾ ਜਾਵੇ। ਜਿਵੇਂ ਮਹਾਤਮਾ ਬੁੱਧ ਨੂੰ ਵਿਸ਼ਨੂੰ ਦਾ ਅਵਤਾਰ ਤੇ ਗੁਰੂ ਨਾਨਕ ਸਾਹਿਬ ਨੂੰ ਰਾਮ ਦਾ ਅਵਤਾਰ ਸਿੱਧ ਕੀਤਾ ਗਿਆ ਹੈ। ਬਾਬਾ ਨਾਮਦੇਵ, ਗੁਰੂ ਰਵਿਦਾਸ ਤੇ ਸੰਤ ਕਬੀਰ ਨੂੰ ਰਾਮ ਤੇ ਵਿਸ਼ਨੂੰ ਦੇ ਭਗਤ ਦਰਸਾਇਆ ਗਿਆ ਹੈ। ਇਹੀ ਪੈਮਾਨਾ ਹੁਣ ਬਾਬਾ ਸਾਹਿਬ ਅੰਬੇਡਕਰ ਦੇ ਲਈ ਵਰਤਿਆ ਜਾ ਰਿਹਾ ਹੈ, ਜੋ ਕਿ ਹਿੰਦੂ ਧਰਮ, ਹਿੰਦੂ ਦੀ ਰਾਜਨੀਤੀ ਤੇ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਦੇ ਸਖ਼ਤ ਵਿਰੋਧੀ ਸਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਬਾਬਾ ਸਾਹਿਬ ਅੰਬੇਡਕਰ ਹਿੰਦੂ ਧਰਮ ਨੂੰ ਧਰਮ ਮੰਨਣ ਲਈ ਤਿਆਰ ਨਹੀਂ ਸਨ। ਉਨ੍ਹਾਂ ਦੇ ਅਨੁਸਾਰ ਹਿੰਦੂ ਧਰਮ ਵਰਨ ਵਿਵਸਥਾ ਤੋਂ ਅਲੱਗ ਕੁਝ ਨਹੀਂ ਹੈ, ਇਹ ਸਿਰਫ਼ ਜਾਤੀਵਾਦੀ ਪ੍ਰਬੰਧ ਹੈ ਤੇ ਜਾਤੀ ਦੇ ਖਤਮ ਹੁੰਦੇ ਹੀ ਹਿੰਦੂ ਧਰਮ ਦੀ ਹੋਂਦ ਨਹੀਂ ਰਹਿ ਜਾਵੇਗੀ। ਆਪਣੇ ਪ੍ਰਸਿੱਧ ਲੇਖ ਜਾਤੀ ਪ੍ਰਥਾ ਉਨਮੂਲਣ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਨੇ ਲਿਖਿਆ ਹੈ-'ਸਭ ਤੋਂ ਪਹਿਲਾਂ ਸਾਨੂੰ ਉਹ ਮਹੱਤਵਪੂਰਨ ਤੱਥ ਸਮਝਣਾ ਹੋਵੇਗਾ, ਹਿੰਦੂ ਸਮਾਜ ਇਕ ਮਿਥਿਆ ਹੈ। ਹਿੰਦੂ ਨਾਮ ਆਪਣੇ ਆਪ ਵਿਚ ਵਿਦੇਸ਼ੀ ਹੈ, ਇਹ ਨਾਮ ਮੁਸਲਮਾਨਾਂ ਨੇ ਭਾਰਤਵਾਸੀਆਂ ਨੂੰ ਦਿੱਤਾ ਸੀ ਤਾਂ ਕਿ ਉਹ ਉਨ੍ਹਾਂ ਨੂੰ ਆਪਣੇ ਤੋਂ ਅਲੱਗ ਕਰ ਸਕਣ। ਮੁਸਲਮਾਨਾਂ ਦੇ ਭਾਰਤ 'ਤੇ ਹਮਲੇ ਤੋਂ ਪਹਿਲਾਂ ਲਿਖੇ ਗਏ ਕਿਸੇ ਵੀ ਸੰਸਕ੍ਰਿਤ ਗ੍ਰੰਥ ਵਿਚ ਇਸ ਨਾਮ ਦਾ ਜ਼ਿਕਰ ਨਹੀਂ ਮਿਲਦਾ।'

ਡਾ. ਅੰਬੇਡਕਰ ਇਹ ਮੰਨਦੇ ਹਨ ਕਿ ਹਿੰਦੂਤਵ ਦਾ ਪੂਰਾ ਢਾਂਚਾ ਵਰਨ ਵਿਵਸਥਾ 'ਤੇ ਟਿਕਿਆ ਹੋਇਆ ਹੈ। ਇਸ ਦੇ ਲਈ ਬ੍ਰਾਹਮਣਵਾਦ ਦੀ ਪੂਰੀ ਤਾਕਤ ਇਸ ਅਣਮਨੁੱਖੀ ਸਿਧਾਂਤ ਨੂੰ ਵਿਹਾਰਕ ਰੂਪ ਵਿਚ ਲਾਗੂ ਕਰਾਉਣ ਵਿਚ ਲਗਦੀ ਹੈ। ਇਸ ਸੰਦਰਭ ਵਿਚ ਡਾ. ਅੰਬੇਡਕਰ ਦੇ ਵਿਚਾਰ ਦੇਖੋ-'ਹਿੰਦੂ ਜਿਸ ਨੂੰ ਅਸੀਂ ਧਰਮ ਕਹਿੰਦੇ ਹਾਂ, ਉਹ ਕੁਝ ਹੋਰ ਨਹੀਂ, ਕੇਵਲ ਅਦੇਸ਼ਾਂ ਤੇ ਨਿਖੇਧੀਆਂ ਦਾ ਪੁਲੰਦਾ ਹੈ। ਅਧਿਆਤਮਕ ਸਿਧਾਤਾਂ ਦੇ ਰੂਪ ਵਿਚ ਧਰਮ



ਅਸਲ ਵਿਚ ਸਮੁੱਚੀ ਮਨੁੱਖਤਾ ਲਈ ਹੁੰਦਾ ਹੈ, ਜੋ ਸਾਰੀਆਂ ਪ੍ਰਜਾਤੀਆਂ ਤੇ ਦੇਸ਼ਾਂ ਲਈ ਬਰਾਬਰੀ ਦਾ ਸਿਧਾਂਤ ਲਾਗੂ ਕਰਦਾ ਹੈ। ਇਹ ਤੱਥ ਹਿੰਦੂ ਧਰਮ ਵਿਚ ਮੌਜੂਦ ਨਹੀਂ ਹੈ। ਮੈਂ ਅਜਿਹੇ ਧਰਮ ਨੂੰ ਮੰਨਣ ਤੋਂ ਇਨਕਾਰ ਕਰਦਾ ਹਾਂ, ਕਿਉਂਕਿ ਇਹ ਮੈਨੂੰ ਅਜ਼ਾਦੀ ਨਹੀਂ ਦਿੰਦਾ।' ਉਨ੍ਹਾਂ ਦਾ ਕਹਿਣਾ ਸੀ ਕਿ ਮੇਰਾ ਆਦੇਸ਼ ਤੁਹਾਨੂੰ ਇਹ ਹੈ ਕਿ ਤੁਸੀਂ-ਪੜ੍ਹੋ ਲਿਖੋ, ਸੰਘਰਸ਼ ਕਰੋ ਅਤੇ ਸੰਗਠਨ ਪੈਦਾ ਕਰੋ। ਆਪਣੇ ਵਿਚ ਵਿਸ਼ਵਾਸ ਰੱਖੋ, ਜਦੋਂ ਇਨਸਾਫ਼ ਸਾਡੇ ਵਲ ਹੈ ਤਾਂ ਅਸੀਂ ਆਪਣਾ ਸੰਘਰਸ਼ ਜ਼ਰੂਰ ਜਿੱਤਾਂਗੇ। ਮੇਰੇ ਲਈ ਸੰਘਰਸ਼ ਇਕ ਆਨੰਦਪੂਰਨ ਗੱਲ ਹੈ। ਜੱਦੋ ਜਹਿਦ ਨਾਲ ਮੇਰਾ ਚਿੱਤ ਖਿੜ ਜਾਂਦਾ ਹੈ। ਸਾਡੀ ਲੜਾਈ ਨਾ ਧਨ ਦੌਲਤ ਵਾਸਤੇ ਹੈ, ਨਾ ਤਾਕਤ ਪ੍ਰਾਪਤ ਕਰਨ ਲਈ, ਸਗੋਂ ਸਾਡੀ ਲੜਾਈ ਅਜ਼ਾਦੀ ਵਾਸਤੇ ਹੈ। ਇਹ ਲੜਾਈ ਖੁਸੇ ਹੋਏ ਵਿਅਕਤੀਤਵ ਨੂੰ ਮੁੜ ਪ੍ਰਾਪਤ ਕਰਨ ਦੀ ਲੜਾਈ ਹੈ। ਇਹੋ ਜਿਹੀ ਹਾਲਤ ਵਿਚ ਇਸ ਸਮੇਂ ਮੈਂ ਹਾਂ, ਮੇਰੇ ਲਈ ਇਹ ਅਤਿ ਜ਼ਰੂਰੀ ਹੋ ਗਿਆ ਹੈ ਕਿ ਮੈਂ ਬ੍ਰਾਹਮਣਾਂ ਦੇ ਉਨ੍ਹਾਂ ਦੇ ਸਮਾਜ ਵਿਰੋਧੀ ਕਾਰਜਾਂ ਵਿਰੁੱਧ ਲੜਾਈ ਲੜਾਂ, ਜਿਨ੍ਹਾਂ ਕਰਕੇ ਮੇਰੀ ਜਨਤਾ ਨੂੰ ਕੁੱਤਿਆਂ ਤੇ ਬਿੱਲਿਆਂ ਤੋਂ ਭੈੜਾ ਸਮਝਿਆ ਜਾਂਦਾ ਹੈ ਤੇ ਉਨ੍ਹਾਂ ਦੀ ਤਰੱਕੀ ਦੇ ਸਾਰੇ ਰਸਤੇ ਰੋਕ ਦਿੱਤੇ ਜਾਂਦੇ ਹਨ।'

ਅਜੋਕੇ ਸਮੇਂ ਵਿਚ ਹਿੰਦੂ ਧਰਮ ਤੇ ਹਿੰਦੂਤਵ ਦੇ ਠੇਕੇਦਾਰ ਰੋਜ਼ ਨਵੇਂ ਨਵੇਂ ਹੁਕਮਨਾਮੇ ਜਾਰੀ ਕਰ ਰਹੇ ਹਨ। ਖਾਣ ਪੀਣ, ਪਹਿਰਾਵਾ, ਸਿੱਖਿਆ, ਸਭਿਆਚਾਰ, ਪ੍ਰੇਮ ਵਿਆਹ ਸੰਬੰਧੀ ਹੋਰ ਬਹੁਤ ਸਾਰੇ ਮਾਮਲਿਆਂ ਵਿਚ ਹੁਕਮਨਾਮੇ ਜਾਰੀ ਕੀਤੇ ਜਾ ਰਹੇ ਹਨ ਤੇ ਉਨ੍ਹਾਂ ਨੂੰ ਸਵੀਕਾਰ ਨਾ ਕਰਨ ਵਾਲੇ ਲੋਕਾਂ ਨੂੰ ਧਰਮ ਤੇ ਰਾਸ਼ਟਰ ਧ੍ਰੋਹੀ ਕਰਾਰ ਦਿੱਤਾ ਜਾਣਾ ਇਨ੍ਹਾਂ ਦੀ ਮੂਲ ਵਿਸ਼ੇਸ਼ਤਾ ਹੈ, ਜਿਸ ਵਲ ਬਾਬਾ ਸਾਹਿਬ ਅੰਬੇਡਕਰ ਨੇ ਸਪੱਸ਼ਟ ਇਸ਼ਾਰਾ ਕੀਤਾ ਹੈ। ਡਾ. ਅੰਬੇਡਕਰ ਕਹਿੰਦੇ ਹਨ-ਸਨਾਤਨ ਧਰਮ ਨੈਤਿਕ ਜਾਂ ਅਧਿਆਤਮਕ ਸਿਧਾਂਤ ਦੇ ਰੂਪ ਵਿਚ ਕਿਸੇ ਵੀ ਰੂਪ ਵਿਚ ਮਨੁੱਖਤਾ ਦੇ ਕੰਮ ਆਉਣ ਵਾਲੀ ਵਸਤੂ ਨਹੀਂ। ਉਨ੍ਹਾਂ ਨੇ ਸਪੱਸ਼ਟ ਲਿਖਿਆ ਹੈ ਕਿ-ਹਿੰਦੂਆਂ ਵਿਚ ਉਸ ਚੇਤਨਾ ਦੀ ਬਹੁਤ ਵੱਡੀ ਘਾਟ ਹੈ, ਜਿਸ ਨੂੰ ਸਮਾਜ ਵਿਗਿਆਨੀ ਵਰਗ ਚੇਤਨਾ ਕਹਿੰਦੇ ਹਨ। ਉਨ੍ਹਾਂ ਦੀ ਚੇਤਨਾ ਸਮੁੱਚੇ ਵਰਗ ਨਾਲ ਸੰਬੰਧਿਤ ਨਹੀਂ। ਹਰੇਕ ਹਿੰਦੂ ਵਿਚ ਜੋ ਚੇਤਨਾ ਮੌਜੂਦ ਹੈ, ਉਹ ਉਸ ਦੀ ਆਪਣੀ ਜਾਤੀ ਦੇ ਬਾਰੇ ਹੁੰਦੀ ਹੈ। ਇਸ ਕਾਰਨ ਕਿਹਾ ਜਾਂਦਾ ਹੈ ਕਿ ਹਿੰਦੂ ਲੋਕ ਆਪਣਾ ਸਮਾਜ ਜਾਂ ਰਾਸ਼ਟਰ ਨਹੀਂ ਬਣਾ ਸਕਦੇ। ਬਾਬਾ ਸਾਹਿਬ ਅੰਬੇਡਕਰ ਕਹਿੰਦੇ ਹਨ ਕਿ ਹਿੰਦੂਆਂ ਨੇ ਆਪਣੀ ਜਾਤੀ ਦੇ ਹਿੱਤ ਸਵਾਰਥਾਂ ਦੀ ਰੱਖਿਆ ਕਰਨ ਵਿਚ ਆਪਣੇ ਦੇਸ਼ ਦੇ ਪ੍ਰਤੀ ਵਿਸ਼ਵਾਸਘਾਤ ਕੀਤਾ ਹੈ। ਇੱਥੇ ਆਪਣੇ ਤਰਕਾਂ ਦੇ ਜ਼ਰੀਏ ਬਾਬਾ ਸਾਹਿਬ ਅੰਬੇਡਕਰ ਨੇ ਹਿੰਦੂ ਰਾਸ਼ਟਰ ਦੀ ਸੰਭਾਵਨਾ ਨੂੰ ਖਾਰਜ ਕਰ ਦਿੱਤਾ ਹੈ। ਹਿੰਦੂਤਵ ਵਿਚ ਰਾਜਨੀਤਕ ਸੰਦਰਭ ਵਿਚ ਹੀ ਨਹੀਂ, ਬਲਕਿ ਹਿੰਦੂ ਧਰਮ ਦੀ ਆਂਤਰਿਕ ਸੰਰਚਨਾ ਤੇ ਇਸ ਦੇ ਸਰੂਪ ਵਿਚ ਏਕਤਾ ਨਹੀਂ ਹੈ ਤੇ ਸਾਥੀ ਭਾਵਨਾ ਦੀ ਘਾਟ ਹੈ। ਵੇਦਾਂ, ਪੁਰਾਣਾਂ ਤੇ ਸਿਮਰਤੀਆਂ ਵਰਗੇ ਸ਼ਾਸਤਰ ਜਿਸ ਵਿਚ ਹਿੰਦੂ ਧਰਮ ਤੇ ਹਿੰਦੂ ਰਾਜਨੀਤੀ ਦਾ ਮੂਲ ਆਧਾਰ ਹੈ ਡਾ. ਅੰਬੇਡਕਰ ਇਸ ਨੂੰ ਨਸ਼ਟ ਕਰਨ ਦੇ ਪੱਖ ਵਿਚ ਹਨ। ਅੱਜ ਹਿੰਦੂਤਵ ਦੀ ਰਾਜਨੀਤੀ ਦੇ ਮਹਾਂਰਥੀ ਵੇਦਾਂ ਵਿਚ ਸਾਰੇ ਸੰਸਾਰ ਦਾ ਵਿਗਿਆਨ ਗਣਿਤ ਸੂਤਰ ਤੇ ਡਾਕਟਰੀ ਵਿਗਿਆਨ ਦੇ ਸਮਾਏ ਹੋਣ ਦਾ ਝੂਠਾ ਦਾਅਵਾ ਕਰਦੇ ਹਨ। ਪਰ ਇਸ ਦੇ ਉਲਟ ਬਾਬਾ ਸਾਹਿਬ ਅੰਬੇਡਕਰ ਇਨ੍ਹਾਂ ਸ਼ਾਸਤਰਾਂ ਨੂੰ ਗ਼ੈਰ ਵਿਗਿਆਨਕ ਵਿਚਾਰ ਕਹਿ ਕੇ ਰੱਦਕਰਦੇ ਹੋਏ ਇਸ ਨੂੰ ਡਾਇਨਾਮਾਈਟ ਨਾਲ ਉਡਾ ਦੇਣ ਦੀ ਸਲਾਹ ਦਿੰਦੇ ਹਨ। ਉਹ ਕਹਿੰਦੇ ਹਨ ਤੁਹਾਨੂੰ ਇਸ ਅਸੂਲ 'ਤੇ ਡਟ ਕੇ ਖੜ੍ਹਾ ਹੋਣਾ ਪਵੇਗਾ, ਜਿਸ 'ਤੇ ਭਗਵਾਨ ਬੁੱਧ ਡਟ ਕੇ ਖਲੋਤੇ ਸਨ। ਤੁਹਾਨੂੰ ਉਸ ਅਸੂਲ 'ਤੇ ਡਟ ਕੇ ਖੜ੍ਹਾ ਹੋਣਾ ਪਵੇਗਾ ਜਿਸ 'ਤੇ ਗੁਰੂ ਨਾਨਕ ਖਲੋਤੇ ਸਨ। ਤੁਹਾਨੂੰ ਕੇਵਲ ਇਹੀ ਨਹੀਂ ਕਰਨਾ ਚਾਹੀਦਾ ਕਿ ਸ਼ਾਸਤਰਾਂ ਨੂੰ ਛੱਡ ਦਿੱਤਾ ਜਾਵੇ, ਸਗੋਂ ਤੁਹਾਨੂੰ ਬੁਧ ਤੇ ਗੁਰੂ ਨਾਨਕ ਦੀ ਤਰ੍ਹਾਂ ਉਨ੍ਹਾਂ ਦੇ ਹੁਕਮਾਂ ਗਲਤ ਕਹਿਣਾ ਚਾਹੀਦਾ ਹੈ। ਹਿੰਦੂਆਂ ਨੂੰ ਇਹ ਦੱਸਣ ਦਾ ਤੁਹਾਡੇ ਵਿਚ ਹੌਂਸਲਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਵਿਚ ਖਰਾਬੀ ਉਨ੍ਹਾਂ ਦਾ ਧਰਮ ਹੈ, ਜਿਸ ਨੇ ਉਨ੍ਹਾਂ ਵਿਚ ਇਨ੍ਹਾਂ ਜਾਤਾਂ ਤੇ ਪਵਿੱਤਰ ਹੋਣ ਦਾ ਖਿਆਲ ਪੈਦਾ ਕਰ ਦਿੱਤਾ ਹੈ।

ਹਿੰਦੂ ਰਾਸ਼ਟਰ ਦੇ ਪੈਰੋਕਾਰ ਹਿੰਦੂ ਸੰਗਠਨਾਂ ਦੀ ਵਿਚਾਰਧਾਰਾ ਸਨਾਤਨ ਧਰਮ ਦਾ ਝੰਡਾ ਲਹਿਰਾਉਣ ਦੀ ਗੱਲ ਕਰਦੀ ਹੈ। ਇਸ ਸਨਾਤਨਤਾ ਵੈਦਿਕ ਹਿੰਦੂ ਧਰਮ ਵਿਚ ਦਰਜ ਦੱਸੀ ਜਾਂਦੀ ਹੈ। ਡਾ. ਅੰਬੇਡਕਰ ਨੇ ਹਿੰਦੂ ਧਰਮ ਦੇ ਸਾਰੇ ਆਧਾਰਾਂ ਨੂੰ ਰੱਦ ਕਰਦੇ ਹੋਏ, ਹਿੰਦੂ ਧਰਮ ਦੇ ਪਹੇਲੀਆਂ ਨਾਮਕ ਪੂਰੀ ਕਿਤਾਬ ਲਿਖੀ ਹੈ। ਇਸ ਪੁਸਤਕ ਵਿਚ ਉਨ੍ਹਾਂ ਨੇ ਵੇਦਾਂ ਦੇ ਰੱਬੀ ਹੋਣ, ਹਿੰਦੂ ਧਰਮ ਦੀ ਸਨਾਤਨਤਾ ਵਰਣ ਆਸ਼ਰਮ ਤੇ ਬ੍ਰਹਮਾ ਦੀ ਧਾਰਨਾ ਦੀ ਇਕ ਇਕ ਕਰਕੇ ਧੱਜੀਆਂ ਉਡਾਈਆਂ ਹਨ। ਹਿੰਦੂ ਧਰਮ ਦੀਆਂ ਪਹੇਲੀਆਂ ਪੁਸਤਕ ਦੀ ਭੂਮਿਕਾ ਵਿਚ ਉਨ੍ਹਾਂ ਨੇ ਲਿਖਿਆ ਹੈ-ਬ੍ਰਾਹਮਣਾਂ ਨੇ ਤਾਂ ਸ਼ੱਕ ਦੀ ਗੁੰਜਾਇਸ਼ ਹੀ ਨਹੀਂ ਛੱਡੀ, ਕਿਉਂਕਿ ਉਨ੍ਹਾਂ ਨੇ ਬੜੀ ਚਾਲਾਕੀ ਨਾਲ ਇਕ ਮੰਤਰ ਫੂਕ ਦਿੱਤਾ ਹੈ, ਲੋਕਾਂ ਵਿਚ ਇਕ ਢਕੋਸਲਾ ਫੈਲਾ ਦਿੱਤਾ ਹੈ ਕਿ ਵੇਦ ਇਨਸਾਨ ਦੀ ਰਚਨਾ ਨਹੀਂ ਹੈ, ਹਿੰਦੂ ਅਧਿਆਤਮਵਾਦ ਜੜ੍ਹ ਹੋ ਗਿਆ ਹੈ ਤੇ ਹਿੰਦੂ ਸੱਭਿਅਤਾ ਤੇ ਸੰਸਕ੍ਰਿਤੀ ਇਕ ਸੜੇ ਹੋਏ ਬਦਬੂਦਾਰ ਛੱਪੜ ਦੀ ਤਰ੍ਹਾਂ ਹੋ ਗਈ ਹੈ। ਇਸ ਲਈ ਜੇਕਰ ਭਾਰਤ ਨੇ ਪ੍ਰਗਤੀ ਕਰਨੀ ਹੈ ਤਾਂ ਇਹ ਪਾਖੰਡ ਜੜ੍ਹੋਂ ਉਖਾੜਨਾ ਹੋਵੇਗਾ। ਹਿੰਦੂ ਸ਼ਾਸ਼ਤਰਾਂ ਨੂੰ ਪਵਿੱਤਰ ਦੱਸਣ ਦਾ ਕੋਈ ਤੁੱਕ ਨਹੀਂ। ਬ੍ਰਾਹਮਣਾਂ ਨੇ ਇਨ੍ਹਾਂ ਨੂੰ ਪਵਿੱਤਰ ਬਣਾ ਦਿੱਤਾ ਹੈ। ਕੇਵਲ ਇਸ ਲਈ ਕਿ ਇਸ ਵਿਚ ਬ੍ਰਾਹਮਣ ਨੂੰ ਈਸ਼ਵਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਕੋਈ ਇਹ ਪੁੱਛਣ ਦਾ ਸਾਹਸ ਨਹੀਂ ਕਰਦਾ ਕਿ ਜਿਨ੍ਹਾਂ ਪੁਸਤਕਾਂ ਵਿਚ ਕਬਾਇਲੀ ਦੇਵਤਾ ਤੋਂ ਅੱਗੇ ਪਰਾਥਨਾ ਕੀਤੀ ਗਈ ਹੈ ਕਿ ਉਹ ਦੁਸ਼ਮਣ ਦਾ ਨਾਸ਼ ਕਰ ਦੇਣ, ਉਨ੍ਹਾਂ ਦੀ ਸੰਪਤੀ ਲੁੱਟ ਲੈਣ ਤੇ ਆਪਣੇ ਸਮਰੱਥਕਾਂ ਵਿਚ ਵੰਡ ਦੇਣ। ਇਹ ਕਿਹੋ ਜਿਹੀ ਨਫ਼ਰਤ ਹੈ। ਪਰੰਤੂ ਹੁਣ ਸਮਾਂ ਆ ਗਿਆ ਹੈ ਕਿ ਹਿੰਦੂ ਇਸ ਅੰਨੇ ਖੂਹ ਤੋਂ ਬਾਹਰ ਆਉਣ। ਇਨ੍ਹਾਂ ਸਾਰਹੀਣ ਵਿਚਾਰਾਂ ਨੂੰ ਤਿਲਾਂਜਲੀ ਦੇਣ ਜੋ ਬ੍ਰਾਹਮਣਾ ਨੇ ਫੈਲਾਏ ਹਨ। ਇਸ ਤੋਂ ਮੁਕਤੀ ਪਾਏ ਬਿਨਾਂ ਭਾਰਤ ਦਾ ਕੋਈ ਭਵਿੱਖ ਨਹੀਂ।

ਅੱਜ ਦੇ ਰਾਜਨੀਤਕ, ਸਭਿਆਚਾਰਕ ਦ੍ਰਿਸ਼ ਵਿਚ ਜਦ ਹਿੰਦੂਤਵ ਨੂੰ ਜੀਵਨ-ਸ਼ੈਲੀ ਤੇ ਭਾਰਤ ਵਿਚ ਰਹਿਣ ਵਾਲੇ ਸਾਰੇ ਸਭਿਆਚਾਰਾਂ ਨਾਗਰਿਕਾਂ ਨੂੰ ਹਿੰਦੂ ਕਹਿਣ ਦਾ ਪਰਪੰਚ ਭਗਵੇਂਵਾਦੀ ਨੇਤਾਵਾਂ ਵਲੋਂ ਫੈਲਾਇਆ ਜਾ ਰਿਹਾ ਹੈ ਤਦ ਬਾਬਾ ਸਾਹਿਬ ਅੰਬੇਡਕਰ ਦੇ ਇਸ ਫਲਸਫੇ ਦੇ ਅੱਗੇ ਹਿੰਦੂਤਵ ਦਾ ਸੰਕਲਪ ਨਹੀਂ ਠਹਿਰਦਾ। ਉਨ੍ਹਾਂ ਨੇ ਹਿੰਦੂ ਧਰਮ ਨੂੰ ਮਾਨਵਤਾ ਦੀ ਕਸੌਟੀ 'ਤੇ ਪਰਖਿਆ ਹੈ ਤੇ ਸਿੱਧ ਕੀਤਾ ਹੈ ਕਿ ਹਿੰਦੂ ਧਰਮ ਲੋਕਤਾਂਤਰਿਕ ਤੇ ਮਨੁੱਖੀ ਹਿੱਤੂ ਨਹੀਂ ਹੈ। ਹਿੰਦੂ ਧਰਮ ਦੇ ਪੈਰੋਕਾਰ ਜਾਣ ਬੁਝ ਕੇ ਬਾਬਾ ਸਾਹਿਬ ਅੰਬੇਡਕਰ ਦੇ ਉਨ੍ਹਾਂ ਵਿਚਾਰਾਂ ਨੂੰ ਅੱਖੋਂ ਪਰੋਖੇ ਕਰਦੇ ਹਨ, ਜੋ ਬ੍ਰਾਹਮਣਵਾਦੀ ਫਲਸਫੇ ਨੂੰ ਰੱਦ ਕਰਦੇ ਹਨ। ਹਿੰਦੂ ਰਾਸ਼ਟਰ ਦੇ ਖਤਰੇ ਦੇ ਪ੍ਰਤੀ ਸੁਚੇਤ ਕਰਦੇ ਹੋਏ ਡਾ. ਅੰਬੇਡਕਰ ਨੇ ਕਿਹਾ ਕਿ ਜੇਕਰ ਵਾਸਤਵ ਵਿਚ ਹਿੰਦੂ ਰਾਸ਼ਟਰ ਬਣ ਜਾਂਦਾ ਹੈ ਤਾਂ ਨਿਰਸੰਦੇਹ ਇਸ ਦੇਸ਼ ਦੇ ਲਈ ਇਕ ਭਾਰੀ ਖਤਰਾ ਉਤਪੰਨ ਹੋ ਜਾਵੇਗਾ। ਹਿੰਦੂ ਕੁਝ ਵੀ ਕਹਿਣ, ਪਰ ਹਿੰਦੂਤਵ ਸੁਤੰਤਰਤਾ, ਸਮਾਨਤਾ ਤੇ ਭਾਈਚਾਰੇ ਦੇ ਲਈ ਖਤਰਾ ਹੈ। ਇਸ ਆਧਾਰ 'ਤੇ ਪ੍ਰਜਾਤੰਤਰ ਦੇ ਲਈ ਇਹ ਖਤਰਨਾਕ ਹੈ। ਹਿੰਦੂ ਰਾਜ ਨੂੰ ਹਰ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ। ਵਰਤਮਾਨ ਭਾਰਤ ਵਿਚ ਅਸੀਂ ਇਸ ਬਹੁਗਿਣਤੀ ਕੌਮ ਦੇ ਫਾਸ਼ੀਵਾਦੀ ਉਭਾਰ ਨੂੰ ਦੇਖ ਰਹੇ ਹਨ, ਜਿਸ ਦੇ ਤਹਿਤ ਮੁਸਲਮਾਨ ਤੇ ਸਿੱਖ ਘੱਟ ਗਿਣਤੀਆਂ ਦੇ ਖਿਲਾਫ਼ ਬਹੁਗਿਣਤੀ ਹਿੰਦੂ ਹੋਂਦ ਨੂੰ ਆਧਾਰ ਬਣਾ ਕੇ ਇਕ ਫਾਸ਼ੀਵਾਦੀ ਰਾਜਨੀਤੀ ਦਾ ਪਸਾਰਾ ਹੋਇਆ ਹੈ। ਡਾ. ਅੰਬੇਡਕਰ ਦੇ ਵਿਚਾਰਾਂ ਦਾ ਮੂਲ ਸਰੋਕਾਰ ਇਕ ਲੋਕ ਹਿਤ ਵਿਚ ਸਮਾਜ ਦਾ ਨਿਰਮਾਣ ਕਰਨਾ ਹੈ। ਇਸੇ ਕਰਕੇ ਉਨ੍ਹਾਂ ਨੇ ਹਿੰਦੂ ਧਰਮ ਦੀ ਅਧਿਆਤਮਕਤਾ ਉਨ੍ਹਾਂ ਦੀ ਰਾਜਨੀਤੀ 'ਤੇ ਆਧਾਰਿਤ ਹਿੰਦੂਤਵ ਦੇ ਖਤਰਿਆਂ ਤੇ ਹਿੰਦੂ ਰਾਜ ਦੀ ਦਹਿਸ਼ਤਗਰਦੀ ਬਾਰੇ ਸੁਚੇਤ ਕੀਤਾ ਸੀ, ਜੋ ਅੱਜ ਦੇ ਭਾਰਤ ਵਿਚ ਪ੍ਰਸੰਗਿਕ ਹੋ ਗਿਆ ਹੈ। ਇਸ ਲਈ ਜ਼ਰੂਰੀ ਹੈ ਕਿ ਬਾਬਾ ਸਾਹਿਬ ਅੰਬੇਡਕਰ ਦੀਆਂ ਚਿਤਾਵਨੀਆਂ ਨੂੰ ਯਾਦ ਕੀਤਾ ਜਾਵੇ ਤੇ ਉਨ੍ਹਾਂ ਦੇ ਰਚੇ ਸੰਵਿਧਾਨ ਦੀ ਰੱਖਿਆ ਦੇ ਲਈ ਇਕਮੁੱਠ ਹੋਇਆ ਜਾਵੇ।

ਇਹ ਜਾਤੀਵਾਦੀ ਵਿਵਸਥਾ ਦਾ ਧਰਮ ਹੈ, ਇਹ ਔਰਤ ਨੂੰ ਦਾਸ ਬਣਾਉਂਦਾ , ਮਨੁੱਖ ਨੂੰ ਦਾਸ ਬਣਾਉਂਦਾ , ਇਹ ਬ੍ਰਾਹਮਣ ਪੂਰੇ ਭਾਰਤ ਵਿਚ ਤਿੰਨ ਪ੍ਰਤੀਸ਼ਤ ਹਨ। ਪਰ ਪੂਰੇ ਭਾਰਤ 'ਤੇ ਰਾਜ ਕਰ ਰਹੇ ਹਨ ਤੇ ਹਿੰਦੂ ਰਾਸ਼ਟਰ ਸਿਰਜਣ ਦੇ ਦਮਗੱਜੇ ਮਾਰ ਰਹੇ ਹਨ। ਬ੍ਰਾਹਮਣ ਤਾਂ ਗ੍ਰਾਮ ਪੰਚਾਇਤ ਦਾ ਸਰਪੰਚ ਨਹੀਂ ਬਣ ਸਕਦਾ। ਮੈਂ ਕਹਿੰਦਾ ਹਾਂ ਕਿ ਉਹ ਪੰਚ ਵੀ ਨਹੀਂ ਬਣ ਸਕਦਾ। ਪਰ ਬ੍ਰਾਹਮਣ ਪ੍ਰਧਾਨ ਮੰਤਰੀ ਨਿਯੁਕਤ ਕਰਨ ਲੱਗਾ। ਕਿੰਨੀ ਹੈਰਾਨੀ ਵਾਲੀ ਗੱਲ ਹੈ? ਅਜਿਹਾ ਇਸ ਲਈ ਹੈ ਕਿ ਤੁਸੀਂ ਸ਼ੂਦਰ, ਪੱਛੜੇ, ਆਦਿਵਾਸੀ ਬ੍ਰਾਹਮਣ ਦੇ ਬਣਾਏ ਹਿੰਦੂ ਖਾਤੇ ਵਿਚ ਜਮ੍ਹਾ ਹੋਣ ਲਗ ਪਏ ਹੋ। ਇਸ ਖਾਤੇ ਦੇ ਪ੍ਰਬੰਧ ਉੱਪਰ ਬ੍ਰਾਹਮਣਵਾਦ ਦਾ ਕਬਜ਼ਾ ਹੈ। ਭਾਰਤ ਦਾ ਸੰਵਿਧਾਨ ਤੁਹਾਨੂੰ ਹਿੰਦੂ ਨਹੀਂ ਕਹਿੰਦਾ।ਐਸਸੀ/ਬੀਸੀ ਕਹਿੰਦਾ ਹੈ। ਪਰ ਤੁਸੀਂ ਆਪਣੇ ਆਪ ਨੂੰ ਹਿੰਦੂ ਕਿਉਂ ਕਹਿ ਰਹੇ ਹੋ ਤੇ ਸਮਝ ਰਹੇ ਹੋ? ਬ੍ਰਾਹਮਣਵਾਦ ਨੂੰ ਕਿਉਂ ਤਾਕਤ ਦੇ ਰਹੇ ਹੋ? ਕੀ ਤੁਸੀਂ ਬਾਬਾ ਸਾਹਿਬ ਅੰਬੇਡਕਰ ਨੂੰ ਸਮਝਿਆ ਹੈ? ਉਨ੍ਹਾਂ ਨੇ ਬ੍ਰਾਹਮਣਵਾਦੀ ਸਿਸਟਮ ਨਾਲ ਪੂਰੀ ਤਰ੍ਹਾਂ ਨਾਤਾ ਤੋੜ ਦਿੱਤਾ ਹੈ। ਬਾਬਾ ਸਾਹਿਬ ਅੰਬੇਡਕਰ ਨੇ ਉਹੀ ਇਨਕਲਾਬ ਅੱਗੇ ਤੋਰਿਆ, ਜਿਸ ਦੀ ਰਚਨਾ ਸੰਤਾਂ-ਗੁਰੂਆਂ ਨੇ ਕੀਤੀ। ਆਓ ਅਸੀਂ ਆਪਣੀ ਲੰਬੀ ਗੁਲਾਮੀ ਨੂੰ ਤਿਆਗੀਏ ਅਤੇ ਅਜ਼ਾਦੀ ਵਲ ਵਧੀਏ, ਜਿਸ ਦੇ ਅਧਿਕਾਰ ਬਾਬਾ ਸਾਹਿਬ ਨੇ ਸਾਨੂੰ ਸੰਵਿਧਾਨ ਵਿਚ ਦਿੱਤੇ ਹਨ। ਮਾਨਸਿਕ ਗੁਲਾਮੀ ਕਾਰਨ ਹੀ ਮਨੁੱਖ ਸਰੀਰਕ ਗੁਲਾਮੀ ਵਲ ਵਧਦਾ ਹੈ। ਮਾਨਸਿਕ ਗੁਲਾਮੀ ਬਹੁਤ ਖਤਰਨਾਕ ਹੈ, ਜੋ ਭਾਰਤ ਵਿਚ ਦਲਿਤਾਂ ਨਾਲ ਵਾਪਰ ਰਿਹਾ, ਪੱਛੜਿਆ ਨਾਲ ਵਾਪਰ ਰਿਹਾ ਹੈ, ਆਦਿਵਾਸੀਆਂ ਨਾਲ ਵਾਪਰ ਰਿਹਾ, ਉਹੀ ਮੁਸਲਮਾਨਾਂ, ਸਿੱਖਾਂ, ਇਸਾਈਆਂ ਨਾਲ ਵਾਪਰ ਰਿਹਾ ਹੈ। ਜੋ ਸਿੱਖਾਂ ਨਾਲ ਨਿਆਂ ਹੋ ਰਿਹਾ ਹੈ, ਮੈਂ ਉਨ੍ਹਾਂ ਦੇ ਦਰਦ ਵਿਚ ਸ਼ਾਮਲ ਹਾਂ। ਮੈਂ ਉਨ੍ਹਾਂ ਨਾਲ ਮਿਲ ਜੁਲ ਕੇ ਸੰਘਰਸ਼ ਕਰਨ ਲਈ ਤਿਆਰ ਹਾਂ। ਪਰ ਉਨ੍ਹਾਂ ਨੂੰ ਸਾਡੇ ਸਮਾਜ ਦੇ ਦਰਦ ਨੂੰ ਵੀ ਜਾਨਣਾ ਹੋਵੇਗਾ। ਸਾਡਾ ਦੋਹਾਂ ਦਾ ਦੁਸ਼ਮਣ ਬ੍ਰਾਹਮਣਵਾਦੀ ਸਿਸਟਮ ਹੈ। ਆਓ ਅਸੀਂ ਅੰਦੋਲਨ ਦੀ ਤਿਆਰੀ ਕਰੀਏ, ਇਰਾਦਾ ਕਰੀਏ ਬਗੈਰ ਤਿਆਰੀ ਦੇ ਲੜਾਈ ਨਹੀਂ ਲੜੀ ਜਾ ਸਕਦੀ। ਪਹਿਲਾਂ ਤਿਆਰੀ ਕਰੋ, ਆਪਣੇ ਸੰਗੀ ਸਾਥੀ ਇਕੱਠੇ ਕਰੋ, ਯੋਜਨਾਬੰਦੀ ਕਰੋ, ਫਿਰ ਲੜੋ।

# ਸਿੱਖ ਰੈਫਰੈਂਸ ਲਾਇਬ੍ਰੇਰੀ ਦਰਬਾਰ ਸਾਹਿਬ ਕੰਪਲੈਕਸ 'ਚੋਂ ਬਾਹਰ ਜਾਵੇਗੀ

- *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫੈਸਲੇ ਦਾ ਪੰਥਕ ਹਲਕਿਆਂ ਵਲੋਂ ਵਿਰੋਧ*
- *ਜੂਨ 84 ਵਿੱਚ ਸਿੱਖਾਂ ਨੂੰ ਦਿੱਤੇ ਜ਼ਖ਼ਮਾਂ ਦੇ ਨਿਸ਼ਾਨ ਮਿਟਾਉਣਾ ਚਾਹੁੰਦੀ ਸ਼੍ਰੋਮਣੀ ਕਮੇਟੀ: ਸਿੱਖ ਸੇਵਕ ਸੁਸਾਇਟੀ ਨੇ ਪ੍ਰਗਟਾਇਆ ਸ਼ੱਕ*
- *ਆਰ ਐਸ ਐਸ ਦੇ ਏਜੰਡੇ ਅਧੀਨ ਕੀਤੀ ਜਾ ਰਹੀ ਏ ਪੰਥ ਵਿਰੋਧੀ ਕਾਰਵਾਈ: ਖਾਲਸਾ*




**ਅੰਮ੍ਰਿਤਸਰ//ਬਿਊਰੋ ਨਿਊਜ਼:** ਜੂਨ 1984 ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਬੁਰੀ ਤਰਾਂ ਨੁਕਸਾਨੀ ਗਈ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਬਾਹਰ ਕਰਕੇ ਸ਼੍ਰੋਮਣੀ ਕਮੇਟੀ ਕੀ ਸਿੱਧ ਕਰਨਾ ਚਾਹੁੰਦੀ ਹੈ ? ਇਹ ਅਹਿਮ ਸਵਾਲ ਹੈ ਜੋ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੀ 20 ਅਪ੍ਰੈਲ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਲਏ ਉਸ ਫੈਸਲੇ ਬਾਅਦ ਪੁਛਿਆ ਜਾ ਰਿਹਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ "ਹਰਿਮੰਦਰ ਸਾਹਿਬ ਨਾਲ ਸਬੰਧਿਤ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਨਵੀਂ ਇਮਾਰਤ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਗਈ"। ਕਾਰਜਕਾਰਣੀ ਦੀ ਇਕੱਤਰਤਾ ਉਪਰੰਤ ਸ਼੍ਰੋਮਣੀ ਕਮੇਟੀ ਪਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵਲੋਂ ਦੱਸਿਆ ਗਿਆ ਸੀ ਕਿ "1984 ਵਿਚ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਤਬਾਹ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਬਹੁਤ ਸਾਰਾ ਪੁਰਾਤਨ ਸਿੱਖ ਸਾਹਿਤ ਭਾਰਤੀ ਫ਼ੌਜ ਵੱਲੋਂ ਉਠਾ ਲਿਆ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਯਤਨਾ ਸਦਕਾ ਅੱਜ ਇਹ ਲਾਇਬਰੇਰੀ ਫਿਰ ਸਾਹਿਤਕ ਖ਼ਜ਼ਾਨੇ ਨਾਲ ਭਰਪੂਰ ਹੋ ਰਹੀ ਹੈ ਅਤੇ ਅਗਲੇ ਸਮੇਂ ਵਿਚ ਇਸ ਦੀ ਨਵੀਂ ਇਮਾਰਤ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ।"

ਜੂਨ 84 ਵਿੱਚ ਸ੍ਰੀ ਦਰਬਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਉਪਰ ਭਾਰਤੀ ਫੌਜ ਵਲੋਂ ਕੀਤੇ ਗਏ ਹਮਲੇ ਦੀ ਹੀ ਗਲ ਕੀਤੀ ਜਾਏ ਤਾਂ ਖੁਦ ਸ਼੍ਰੋਮਣੀ ਕਮੇਟੀ ਪ੍ਰਵਾਨ ਕਰਦੀ ਹੈ ਕਿ ਫੌਜ ਵਲੋਂ ਸਿੱਖ ਰੈਫਰੈਂਸ ਲਾਇਬਰੇਰੀ ਵਿੱਚੋਂ ਚੁੱਕਿਆ ਗਿਆ ਧਾਰਮਿਕ ਤੇ ਇਤਿਹਾਸਕ ਸਾਹਿਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਅਤੇ ਹੋਰ ਧਾਰਮਿਕ ਖਰੜੇ, ਸਿੱਖ ਕੌਮ ਦਾ ਬੇਸ਼ਕੀਮਤੀ ਸਰਮਾਇਆ ਹੈ, ਜਿਸ ਦਾ ਮੁੱਲ ਕਦੇ ਵੀ ਕੋਈ ਨਹੀ ਚੁੱਕਾ ਸਕਦਾ। ਇਸ ਬੇਸ਼ਕੀਮਤੀ ਸਰਮਾਏ ਨੂੰ ਵਾਪਿਸ ਹਾਸਿਲ ਕਰਨ ਲਈ ਸ਼੍ਰੋਮਣੀ ਕਮੇਟੀ ਪਿਛਲੇ 33 ਸਾਲਾਂ ਤੋਂ ਆਪਣੇ ਹਰ ਸਾਲ ਵਿਚ ਹੋਣ ਵਾਲੇ ਦੋ ਸਾਲਾਨਾ ਜਨਰਲ ਅਜਲਾਸਾਂ ਵਿੱਚ ਬਕਾਇਦਾ ਮਤੇ ਪਾਸ ਕਰਕੇ ਕਰਦੀ ਆ ਰਹੀ ਹੈ। ਇਹ ਗਲ ਵੱਖਰੀ ਹੈ ਕਿ ਇਸ ਬੇਸ਼ਕੀਮਤੀ ਸਰਮਾਏ ਨੂੰ ਕਾਨੂੰਨੀ ਕਾਰਵਾਈ ਰਾਹੀਂ ਹਾਸਿਲ ਕਰਨ ਦੀ ਕੋਸ਼ਿਸ਼ ਭਾਈ ਸਤਨਾਮ ਸਿੰਘ ਖੰਡੇਵਾਲਾ ਨਾਮੀ ਇੱਕ ਪੰਥ ਹਿਤੈਸ਼ੀ ਨੇ ਸ਼ੁਰੂ ਕੀਤੀ ਸੀ ਪ੍ਰੰਤੂ ਸ਼੍ਰੋਮਣੀ ਕਮੇਟੀ ਇਸ ਕਾਨੂੰਨੀ ਕਾਰਵਾਈ ਨੂੰ ਅੱਗੇ ਨਾ ਤੋਰ ਸਕੀ। ਇਹ ਜਰੂਰ ਹੈ ਕਿ ਇਸ ਲਾਇਬਰੇਰੀ ਨੂੰ ਲੈਕੇ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੀਕ ਮੰਗ ਪੱਤਰਾਂ ਰਾਹੀਂ ਗੁਹਾਰ ਲਗਾ ਚੁੱਕੀ ਹੈ ।

ਇਸੇ ਸਾਲ 30 ਮਾਰਚ ਨੂੰ ਆਪਣੇ ਬਜਟ ਅਜਲਾਸ ਦੌਰਾਨ ਵੀ ਕਮੇਟੀ ਨੇ ਇੱਕ ਮਤਾ ਪਾਸ ਕਰਕੇ ਭਾਰਤ ਸਰਕਾਰ ਵਲੋਂ ਲਾਇਬਰੇਰੀ ਦੇ ਬੇਸ਼ਕੀਮਤੀ ਸਰਮਾਏ ਨੂੰ ਵਾਪਿਸ ਕੀਤੇ ਜਾਣ ਦੀ ਮੰਗ ਦੁਹਰਾਈ। ਲੇਕਿਨ ਪਾਸ ਕੀਤੇ ਮਤੇ ਦੇ ਮਹਿਜ 20 ਦਿਨ ਬਾਅਦ ਹੀ ਐਸਾ ਕੀ ਵਾਪਰਿਆ ਕਿ ਸ਼੍ਰੋਮਣੀ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੀ ਆਟਾ ਮੰਡੀ ਵਾਲੀ ਬਾਹੀ ਦੇ ਮੁੱਖ ਗੇਟ ਉਪਰ ਸਥਿਤ ਸਿੱਖ ਰੈਫਰੈਂਸ ਲਾਇਬਰੇਰੀ ਜਿਸਨੂੰ ਭਾਈ ਸੰਤੋਖ ਸਿੰਘ ਚੂੜਾਮਣੀ ਯਾਦਗਾਰੀ ਲਾਇਬਰੇਰੀ ਵੀ ਕਿਹਾ ਜਾਂਦਾ ਹੈ ਨੂੰ ਦਰਬਾਰ ਸਾਹਿਬ ਕੰਪਲੈਕਸ ਤੋਂ 500 ਗਜ਼ ਦੂਰ ਸਥਿਤ ਭਾਈ ਗੁਰਦਾਸ ਹਾਲ ਤਬਦੀਲ ਕਰਨ ਦਾ ਫੈਸਲਾ ਲੈ ਲਿਆ ਹੈ। ਜ਼ਿਕਰਯੋਗ ਤਾਂ ਇਹ ਵੀ ਹੈ ਕਿ ਸਾਲ 2015 ਵਿੱਚ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਰੈਫਰੈਂਸ ਲਾਇਬਰੇਰੀ ਨਾਲ ਜੁੜੇ 4 ਕਮਰੇ ,ਸ੍ਰੀ ਦਰਬਾਰ ਸਾਹਿਬ ਦੇ ਮੁਖ ਗ੍ਰੰਥੀ ਦੀ ਰਿਹਾਇਸ਼ ਲਈ ਵੱਖ ਕਰ ਲਏ ਸਨ। ਕਮੇਟੀ ਪਿਛਲੇ 4-5 ਸਾਲਾਂ ਤੋਂ ਨਿਰੰਤਰ ਦਾਅਵੇ ਕਰ ਰਹੀ ਹੈ ਕਿ ਉਹ ਇਸ ਲਾਇਬਰੇਰੀ ਨੂੰ ਪੂਰੀ ਤਰਾਂ ਹਾਈ ਟੈਕ ਕਰ ਰਹੀ ਹੈ ਤੇ ਉਸ ਨੇ ਕੁਝ ਉਪਰਾਲੇ ਕੀਤੇ ਵੀ ਹਨ। ਜਿਥੋਂ ਤੀਕ ਇਸ ਲਾਇਬਰੇਰੀ ਦੀ ਸੁਰੱਖਿਆ ਦਾ ਸਵਾਲ ਹੈ, ਲਾਇਬਰੇਰੀ ਉਪਰਲੀ ਮੰਜਿਲ ਤੇ ਹੋਣ ਕਾਰਣ ਕੁਝ ਹੱਦ ਤੀਕ ਕਿਸੇ ਤਰ੍ਹਾਂ ਦੀ ਸੰਨ ਲੱਗਣ ਤੋਂ ਬਚੀ ਹੋਈ ਹੈ। ਚੌਵੀ ਘੰਟੇ ਸਰੀ ਦਰਬਾਰ ਸਾਹਿਬ ਦੇ ਸੇਵਾਦਾਰ ਇਸ ਤੇ ਨਿਗਾਹ ਰੱਖਦੇ ਹਨ।

ਇਹ ਵੀ ਜਿਕਰਯੋਗ ਹੈ ਕਿ ਜਦੋਂ ਵੀ ਕੋਈ ਅਤੀ ਅਹਿਮ ਸਿਆਸੀ ਆਗੂ ਜਾਂ ਕੋਈ ਵਿਦੇਸ਼ੀ ਬਾਰਸੂਖ ਅਹੁਦੇਦਾਰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਂਦਾ ਹੈ ਤਾਂ ਉਸਦੀ ਅਗਵਾਈ ਲਈ ਨਾਲ ਚੱਲਣ ਵਾਲੇ ਕਮੇਟੀ ਅਧਿਕਾਰੀ ਲਈ ਸੌਖਾ ਹੁੰਦਾ ਹੈ ਕਿ ਪਰਕਰਮਾ ਵਿੱਚੋਂ ਹੀ ਇਸ਼ਾਰੇ ਨਾਲ ਰੈਫਰੈਂਸ ਲਾਇਬਰੇਰੀ ਦੀ ਬੀਤੇ ਸਮੇਂ ਤੇ ਹੁਣ ਹੋਂਦ ਬਾਰੇ ਜਾਣਕਾਰੀ ਦੇ ਸਕੇ ਤੇ ਭਾਰਤੀ ਫੌਜ ਦੀ ਜੂਨ 84 ਵਿਚਲੀ ਕਾਰਵਾਈ ਦਾ ਬਿਊਰਾ ਦੇ ਸਕੇ ।

ਹੁਣ ਜਦੋਂ ਸ਼੍ਰੋਮਣੀ ਕਮੇਟੀ ਨੇ ਇਸ ਲਾਇਬਰੇਰੀ ਦੀ ਥਾਂ ਹੀ ਬਦਲਣ ਦਾ ਫੈਸਲਾ ਲੈ ਲਿਆ ਹੈ ਤਾਂ ਸ੍ਰੀ ਦਰਬਾਰ ਸਾਹਿਬ ਉਪਰ ਹੋਏ ਫੌਜੀ ਹਮਲੇ ਦਾ ਇੱਕ ਹੋਰ ਅਹਿਮ ਨਿਸ਼ਾਨ ਹਮੇਸ਼ਾਂ ਲਈ ਖਤਮ ਹੋ ਜਾਵੇਗਾ।

### ਸ਼ੋਸ਼ਲ ਮੀਡੀਆ 'ਤੇ ਛਿੜੀ ਬਹਿਸ

ਸ਼ੋਸ਼ਲ ਮੀਡੀਆ 'ਤੇ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵਿਰੁੱਧ ਲਹਿਰ ਛਿੜੀ ਹੋਈ ਹੈ। ਮਨਜਿੰਦਰ ਸਿੰਘ ਡੱਲੀ ਨੇ ਕਿਹਾ ਕਿ ਪੰਥ ਵਿਰੋਧੀ ਕੰਮ ਵੀ ਸਹੀ ਮਾਇਨੇ ਵਿੱਚ ਸ਼੍ਰੋਮਣੀ ਕਮੇਟੀ ਦੇ ਹਿੱਸੇ ਹੈ ਤੇ ਉਹ ਬਾਦਲਾਂ ਤੇ ਭਗਵੇਂਵਾਦੀ ਫਲਸਫੇ ਦੇ ਅਧੀਨ ਕੰਮ ਕਰ ਰਹੀ ਹੈ ਤੇ ਸਿੱਖਾਂ ਨੂੰ ਭੰਬਲਭੂਸੇ ਵਿੱਚ ਪਾ ਰਹੀ ਹੈ। ਸਰਬਜੀਤ ਸਿੰਘ ਬੱਸੀ ਦਾ ਕਹਿਣਾ ਹੈ ਕਿ ਸਿੱਖ ਲਾਇਬਰੇਰੀ ਲੁੱਟਣਾ ਅਕਾਲ ਤਖਤ ਸਾਹਿਬ ਢਾਹੁਣਾ ਉਸ ਸੋਚ ਨੂੰ ਇਤਿਹਾਸ ਨੂੰ ਖਤਮ ਕਰਨਾ ਤੇ ਅੱਜ ਉਸ ਲਾਇਬਰੇਰੀ ਨੂੰ ਸ਼ਿਫਟ ਕਰਨਾ, ਇਸੇ ਸਾਜ਼ਿਸ਼ ਦਾ ਹਿੱਸਾ ਹੈ, ਜੋ ਭੋਲੇ ਭਾਲੇ ਸਿੱਖਾਂ ਨੂੰ ਦਿਖਾਈ ਨਹੀਂ ਦੇ ਰਿਹਾ। ਜੇ ਦਿਖਾਈ ਦਿੰਦਾ ਤਾਂ ਇਸ ਦਾ ਕਰੜਾ ਵਿਰੋਧ ਹੁੰਦਾ। ਬੀਰ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਦੇ ਬਹੁਤਾਤ ਸਿੱਖਾਂ ਦੀ ਮਾਨਸਿਕਤਾ ਇੰਨੀ ਕਮਜ਼ੋਰ ਹੋ ਚੁੱਕੀ ਹੈ , ਉਹ ਸਮੇਂ ਸਿਰ ਨਹੀਂ ਜਾਗਦੇ। ਜਦੋਂ ਬਰਬਾਦੀ ਹੋ ਜਾਂਦੀ ਹੈ ਤਾਂ ਹੀ ਅਹਿਸਾਸ ਹੁੰਦਾ ਹੈ। ਪ੍ਰੋਫੈਸਰ ਜਸਵੰਤ ਸਿੰਘ ਦਾ ਕਹਿਣਾ ਹੈ ਕਿ ਇਹ ਬਿਲਕੁਲ ਸੱਚ ਹੈ ਕਿ ਸ਼੍ਰੋਮਣੀ ਕਮੇਟੀ ਆਰ ਐਸ ਐਸ ਦੇ ਇਸ਼ਾਰਿਆਂ 'ਤੇ ਸਿੱਖ ਵਿਰਾਸਤ ਤੇ ਇਤਿਹਾਸ ਨੂੰ ਤਬਾਹ ਕਰ ਰਹੀ ਹੈ।

### ਸਿੱਖ ਸੇਵਕ ਸੁਸਾਇਟੀ ਵੱਲੋਂ ਨਿੰਦਾ

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਸੂਬਾ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ, ਸੁਰਿੰਦਰਪਾਲ ਸਿੰਘ ਗੋਲਡੀ ਸੀਨੀਅਰ ਮੀਤ ਪ੍ਰਧਾਨ ਸਿੱਖ ਸੇਵਕ ਸੁਸਾਇਟੀ, ਪ੍ਰੋ. ਬਲਵਿੰਦਰਪਾਲ ਸਿੰਘ ਸਕੱਤਰ ਜਨਰਲ ਨੇ ਅੰਮ੍ਰਿਤਸਰ ਦੇ ਮਨਜੀਤ ਸਿੰਘ ਗਤਕਾ ਮਾਸਟਰ ਜਨਰਲ ਸਕੱਤਰ ਸਿੱਖ ਸੇਵਕ ਸੁਸਾਇਟੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਰੈਫਰੇਂਸ ਲਾਇਬਰੇਰੀ ਜੋ ਕਿ ਜੂਨ 84 ਦੌਰਾਨ ਫ਼ੌਜੀ ਹਮਲੇ ਦਾ ਸ਼ਿਕਾਰ ਹੋ ਗਈ ਸੀ ਤੇ ਉਸ ਦੀ ਵਿਰਾਸਤ ਲੁਟੀ ਗਈ ਸੀ ਤੇ ਫੂਕੀ ਗਈ ਸੀ, ਦੇ ਇਤਿਹਾਸਕ ਨਿਸ਼ਾਨ ਮਿਟਾਉਣ ਦੇ ਲਈ ਸ਼੍ਰੋਮਣੀ ਕਮੇਟੀ ਆਰ ਐਸ ਐਸ ਏਜੰਡੇ ਤਹਿਤ ਇਸ ਦੀ ਥਾਂ ਬਦਲ ਰਹੀ ਹੈ ਤਾਂ ਜੋ ਸਿੱਖ ਰੈਫਰੇਂਸ ਲਾਇਬਰੇਰੀ ਦੀ ਇਤਿਹਾਸਕ ਹੋਂਦ ਨੂੰ ਖਤਮ ਕੀਤਾ ਜਾ ਸਕੇ, ਜਿਸ ਦੇ ਜ਼ਖ਼ਮ ਇੰਦਰਾ ਸਰਕਾਰ ਨੇ ਸਿੱਖ ਕੌਮ ਨੂੰ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਇਹ ਇਮਾਰਤ ਅੰਮ੍ਰਿਤਸਰ ਸਥਿਤ ਭਾਈ ਗੁਰਦਾਸ ਹਾਲ (ਟਾਊਨ ਹਾਲ) ਵਿਖੇ ਸ਼੍ਰੋਮਣੀ ਕਮੇਟੀ ਉਸਾਰਨ ਦੀ ਤਿਆਰੀਆਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਲਾਇਬਰੇਰੀ ਨੂੰ ਬਦਲਣਾ ਖਾਲਸਾ ਪੰਥ 'ਤੇ ਇਕ ਹੋਰ ਭਗਵਾਂ ਹਮਲਾ ਹੈ, ਜੋ ਸ਼੍ਰੋਮਣੀ ਕਮੇਟੀ ਰਾਹੀਂ ਕੀਤਾ ਜਾ ਰਿਹਾ ਹੈ, ਜਿਸ ਦਾ ਮਨੋਰਥ ਫੌਜੀ ਹਮਲੇ ਦੇ ਸਬੂਤ ਮਿਟਾਉਣਾ ਹੈ। ਸ਼੍ਰੋਮਣੀ ਕਮੇਟੀ ਖਾਲਸਾ ਪੰਥ ਨਾਲ ਦੁਸ਼ਮਣੀ ਕਮਾ ਰਹੀ ਹੈ ਇਸ ਦਾ ਡਟਕੇ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਾਲੇ ਤੱਕ ਸ਼੍ਰੋਮਣੀ ਕਮੇਟੀ ਸਿੱਖ ਇਤਿਹਾਸ ਦੇ ਲੁੱਟੇ ਖ਼ਜ਼ਾਨੇ ਨੂੰ ਵਾਪਸ ਨਹੀਂ ਲਿਆ ਸਕੀ ਤੇ ਨਾ ਹੀ ਇਸ ਬਾਬਤ ਸਹੀ ਢੰਗ ਨਾਲ ਕੇਸ ਲੜ੍ਹ ਸਕੀ ਹੈ। ਇਸ ਲਾਇਬਰੇਰੀ ਵਿੱਚੋਂ 15000 ਪੁਸਤਕਾਂ, ਜਿਨ੍ਹਾਂ ਵਿੱਚ ਹੱਥ ਲਿਖਤ ਖਰੜੇ ਤੇ ਹੋਰ ਇਤਿਹਾਸਕ ਪੁਸਤਕਾਂ ਸ਼ਾਮਲ ਸਨ, ਨੂੰ ਭਾਰਤੀ ਫੌਜ ਆਪਣੇ ਨਾਲ ਲੈ ਗਈ ਸੀ। ਇਸ ਦੀ ਵਾਪਸੀ ਲਈ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਉਸਾਰੂ ਯਤਨ ਨਹੀਂ ਕੀਤਾ ਗਿਆ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਸ਼੍ਰੋਮਣੀ ਕਮੇਟੀ ਦਰਬਾਰ ਸਾਹਿਬ ਦੇ ਹਮਲਾਵਰਾਂ ਤੇ ਲੁਟੇਰਿਆਂ ਦੇ ਹੱਕ ਵਿਚ ਭੁਗਤ ਰਹੀ ਹੈ। ਇਸ ਦੀਆਂ ਵਾਗਡੋਰਾਂ ਉਨ੍ਹਾਂ ਸਿਆਸਤਦਾਨਾਂ ਦੇ ਹੱਥ ਹਨ, ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਾਈ ਤੇ ਸੌਦਾ ਸਾਧ ਤੇ ਉਸ ਦੇ ਭਗਤਾਂ ਨੂੰ ਉਤਸ਼ਾਹਿਤ ਕਰਕੇ ਸਿੱਖਾਂ 'ਤੇ ਹਮਲੇ ਕਰਾਏ। ਉਨ੍ਹਾਂ ਕਿਹਾ ਕਿ ਲੋੜ ਤਾਂ ਇਹ ਸੀ ਕਿ ਭਾਰਤੀ ਹਕੂਮਤ ਤੋਂ ਉਸ ਅਨਮੋਲ ਖ਼ਜ਼ਾਨੇ ਦੀ ਵਾਪਸੀ ਲਈ ਕੌਮੀ ਦਬਾਅ ਪੈਦਾ ਕੀਤਾ ਜਾਂਦਾ। ਪਰ ਉਲਟਾ ਇਸ ਇਤਿਹਾਸਕ ਵਿਰਾਸਤ ਨੂੰ ਖ਼ਤਮ ਕਰਨ ਦੇ ਕੋਝੇ ਯਤਨ ਸ਼ੁਰੂ ਹੋ ਗਏ ਹਨ। ਦੂਸਰਾ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਹੋਣ ਤੋਂ ਬਾਅਦ, ਕੌਮ ਦੇ ਇਸ ਬਚੇ-ਖੁਚੇ ਕੀਮਤੀ,ਅਨਮੋਲ,ਬੌਧਿਕ ਖ਼ਜ਼ਾਨੇ ਦੀ ਸੁਰੱਖਿਅਤਾ ਦੀ ਜ਼ਾਮਨੀ ਕੌਣ ਲਵੇਗਾ ?

ਇਸ ਮੌਕੇ ਕੰਵਲ ਚਰਨਜੀਤ ਸਿੰਘ ਹੈਪੀ ਜਨਰਲ ਸੈਕਟਰੀ, ਪਰਮਜੀਤ ਸਿੰਘ ਖਾਲਸਾ ਫਗਵਾੜਾ, ਬੇਅੰਤ ਸਿੰਘ ਸਰਹੱਦੀ, ਦਵਿੰਦਰ ਸਿੰਘ ਅਨੰਦ, ਸੰਤੋਖ ਸਿੰਘ ਦਿੱਲੀ ਪੋਟ, ਗੁਰਕਰਨ ਸਿੰਘ ਫ਼ਿਲਮ ਮੇਕਰ, ਨਵਤੇਜ ਸਿੰਘ ਕਾਨਪੁਰੀ, ਅਮਰਜੀਤ ਸਿੰਘ ਅਨੰਦ, ਬਲਦੇਵ ਸਿੰਘ ਬਲ, ਮਨਜੀਤ ਸਿੰਘ ਦੁਆ, ਮਨਿੰਦਰਜੀਤ ਸਿੰਘ ਦੁਆ, ਅਰਿੰਦਰਜੀਤ ਸਿੰਘ ਚੱਡਾ, ਹਰਦੇਵ ਸਿੰਘ ਗਰਚਾ, ਮੋਹਨ ਸਿੰਘ ਸਹਿਗਲ, ਮਹਿੰਦਰ ਸਿੰਘ ਚਮਕ, ਹਰਭਜਨ ਸਿੰਘ ਬੈਂਸ, ਸੰਦੀਪ ਸਿੰਘ ਚਾਵਲਾ, ਗੌਰਵਪ੍ਰੀਤ ਸਿੰਘ ਚਾਵਲਾ, ਹਰਜੀਤ ਸਿੰਘ ਬਾਵਾ ਤੇ ਕੁਲਦੀਪ ਸਿੰਘ ਕੁੱਕੀ ਸ਼ਾਮਲ ਸਨ।

# ਕਰਨਾਟਕ 'ਚ ਵੋਟਰਾਂ ਦੀ ਸ਼ਰਾਬ, ਕੋਕੀਨ ਤੇ ਸਾੜ੍ਹੀਆਂ ਤੋਂ ਇਲਾਵਾ ਨੋਟਾਂ ਨਾਲ ਸੇਵਾ

### 3 ਸਾਬਕਾ ਮੰਤਰੀਆਂ ਦੀ ਬੇਵਫਾਈ ਦਾ ਸ਼ਿਕਾਰ ਹੋਈਆਂ ਔਰਤਾਂ ਉਨ੍ਹਾਂ ਵਿਰੁੱਧ ਮੈਦਾਨ ਵਿਚ ਉਤਰੀਆਂ

**ਬੰਗਲੁਰੂ//ਬਿਊਰੋ ਨਿਊਜ਼:** 224 ਮੈਂਬਰੀ ਕਰਨਾਟਕ ਵਿਧਾਨ ਸਭਾ ਦੀਆਂ 12 ਮਈ ਨੂੰ ਹੋਣ ਵਾਲੀਆਂ ਚੋਣਾਂ ਲਈ ਸਰਗਰਮੀਆਂ ਤੇਜ਼ ਹੋ ਗਈਆਂ ਹਨ ਅਤੇ ਵੋਟਰਾਂ ਨੂੰ ਲੁਭਾਉਣ ਲਈ ਨਕਦ ਰਕਮ, ਸੋਨਾ, ਨਸ਼ਾ, ਕੁੱਕਰ, ਸਾੜ੍ਹੀਆਂ ਤੇ ਮੋਟਰਸਾਈਕਲ ਤਕ ਵੰਡੇ ਜਾ ਰਹੇ ਹਨ। ਵੋਟਿੰਗ ਵਾਲੇ ਦਿਨ 12 ਮਈ ਨੂੰ ਸ਼ਨੀਵਾਰ ਅਤੇ ਨਤੀਜੇ ਐਲਾਨੇ ਜਾਣ ਵਾਲੇ ਦਿਨ 15 ਮਈ ਨੂੰ ਮੱਸਿਆ ਹੋਣ ਕਾਰਨ ਕਈ ਉਮੀਦਵਾਰਾਂ ਦੀ ਚਿੰਤਾ ਵਧ ਗਈ ਹੈ ਕਿਉਂਕਿ ਇਨ੍ਹਾਂ ਦੋਹਾਂ ਹੀ ਦਿਨਾਂ ਨੂੰ 'ਸ਼ੁੱਭ' ਨਹੀਂ ਮੰਨਿਆ ਜਾਂਦਾ।

ਇਸੇ ਕਾਰਨ ਉਮੀਦਵਾਰ ਚੋਣ ਮੁਹਿੰਮ ਸ਼ੁਰੂ ਕਰਨ ਦਾ ਸ਼ੁੱਭ ਸਮਾਂ ਜਾਣਨ ਲਈ ਜੋਤਿਸ਼ੀਆਂ ਦੀ ਪਨਾਹ ਵਿਚ ਪਹੁੰਚ ਰਹੇ ਹਨ। ਕਰਨਾਟਕ ਵਿਚ ਚੋਣਾਂ ਲੜ ਰਹੇ ਘੱਟੋ-ਘੱਟ 3 ਸਾਬਕਾ ਮੰਤਰੀਆਂ ਦੀ ਬੇਵਫਾਈ ਦਾ ਸ਼ਿਕਾਰ ਹੋਈਆਂ ਔਰਤਾਂ ਉਨ੍ਹਾਂ ਵਿਰੁੱਧ ਮੈਦਾਨ ਵਿਚ ਉਤਰ ਆਈਆਂ ਹਨ। ਪ੍ਰੇਮ ਕੁਮਾਰੀ ਨਾਮੀ ਇਕ ਸਰਕਾਰੀ ਮੁਲਾਜ਼ਮ ਦਾ ਦਾਅਵਾ ਹੈ ਕਿ ਭਾਜਪਾ ਸਰਕਾਰ ਵਿਚ ਮੰਤਰੀ ਰਹਿ ਚੁੱਕੇ ਸੰਘ ਦੇ ਸਾਬਕਾ ਪ੍ਰਚਾਰਕ ਰਾਮਦਾਸ ਨੇ ਵਿਧਾਇਕ ਬਣਨ ਤੋਂ ਪਹਿਲਾਂ ਉਸ ਨਾਲ 'ਗੁਪਤ ਵਿਆਹ' ਕਰਵਾਇਆ ਸੀ ਤੇ ਉਸ ਨੇ ਰਾਮਦਾਸ ਵਿਰੁੱਧ ਚੋਣਾਂ ਲੜਨ ਦਾ ਐਲਾਨ ਕੀਤਾ ਹੈ।

ਜੈਲਕਸ਼ਮੀ ਨਾਮੀ ਨਰਸ, ਜਿਸ ਦੀਆਂ ਭਾਜਪਾ ਸਰਕਾਰ ਵਿਚ ਸਾਬਕਾ ਮੰਤਰੀ ਐੱਮ. ਪੀ. ਰੇਣੂਕਾਚਾਰੀਆ ਨਾਲ ਇਤਰਾਜ਼ਯੋਗ ਤਸਵੀਰਾਂ ਨੇ ਭਾਰੀ ਵਿਵਾਦ ਪੈਦਾ ਕਰ ਦਿੱਤਾ ਸੀ, ਨੇ ਰੇਣੂਕਾਚਾਰੀਆ ਵਿਰੁੱਧ ਚੋਣਾਂ ਲੜਨ ਦੀ ਇੱਛਾ ਪ੍ਰਗਟਾਈ ਹੈ। ਵਿਜੇ ਲਕਸ਼ਮੀ ਨਾਮੀ ਔਰਤ ਵਲੋਂ 'ਸੈਕਸੂਅਲ ਫੇਵਰ' ਦਾ ਦੋਸ਼ ਲਾਉਣ 'ਤੇ ਕਾਂਗਰਸ ਸਰਕਾਰ ਤੋਂ ਅਸਤੀਫਾ ਦੇਣ ਵਾਲੇ ਮੰਤਰੀ ਐੱਚ. ਵਾਈ. ਮੈਤੀ ਨੂੰ ਸਬਕ ਸਿਖਾਉਣ ਲਈ ਵਿਜੇ ਲਕਸ਼ਮੀ ਨੇ ਉਸ ਵਿਰੁੱਧ ਚੋਣਾਂ ਲੜਨ ਦਾ ਐਲਾਨ ਕੀਤਾ ਹੈ।

- ਵੋਟਰਾਂ ਨੂੰ ਲੁਭਾਉਣ ਲਈ ਨਕਦ ਰਕਮ ਅਤੇ ਤੋਹਫੇ ਵੰਡਣ ਦਾ ਸਿਲਸਿਲਾ ਜ਼ੋਰਾਂ 'ਤੇ ਹੈ। ਹੁਣ ਤਕ 62.3 ਕਰੋੜ ਰੁਪਏ ਦੀਆਂ ਚੀਜ਼ਾਂ ਜ਼ਬਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਵੱਡੀ ਮਾਤਰਾ ਵਿਚ ਸ਼ਰਾਬ ਤੇ ਕੋਕੀਨ ਤੋਂ ਇਲਾਵਾ 116 ਕੁੱਕਰ, 89 ਬਾਲਟੀਆਂ, ਤਿੰਨ ਮੋਟਰਸਾਈਕਲ, 420 ਸਾੜ੍ਹੀਆਂ, 7 ਕਿਲੋ ਸੋਨਾ ਤੇ 2.6 ਕਰੋੜ ਰੁਪਏ ਨਕਦ ਆਦਿ ਸ਼ਾਮਲ ਹਨ। ਬੇਲਗਾਵੀ ਪੁਲਸ ਨੇ ਇਕ ਮਕਾਨ ਵਿਚ ਛਾਪਾ ਮਾਰ ਕੇ 2000-2000 ਰੁਪਏ ਵਾਲੇ ਨੋਟਾਂ ਦੇ 24 ਬੰਡਲ ਜ਼ਬਤ ਕੀਤੇ ਹਨ।
- ਨਾਸਤਿਕ ਹੋਣ ਦੇ ਬਾਵਜੂਦ ਮੁੱਖ ਮੰਤਰੀ ਸਿੱਧਰਮੱਈਆ ਖੁਦ ਨੂੰ ਧਾਰਮਿਕ ਸਿੱਧ ਕਰਨ ਲਈ ਮਹਾਦੇਵਪੁਰਾ ਪਿੰਡ ਦੇ ਚਾਮੁੰਡੇਸ਼ਵਰੀ ਮੰਦਰ ਵਿਚ ਪਹੁੰਚੇ ਤੇ ਆਰਤੀ ਕੀਤੀ। ਇੰਗਲੈਂਡ ਦੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਰਨਾਟਕ ਦੇ ਲਿੰਗਾਇਤ ਭਾਈਚਾਰੇ ਦੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਲੰਡਨ ਵਿਚ ਸੰਤ ਬਸਵੇਸ਼ਵਰ ਦੀ ਮੂਰਤੀ ਦੇ ਦਰਸ਼ਨ ਕੀਤੇ ਤੇ ਫੁੱਲਾਂ ਦਾ ਹਾਰ ਚੜ੍ਹਾਇਆ ਤੇ ਅਮਿਤ ਸ਼ਾਹ ਨੇ ਵੀ ਬੈਂਗਲੁਰੂ ਵਿਚ ਸੰਤ ਬਸਵੇਸ਼ਵਰ ਨੂੰ ਸ਼ਰਧਾਂਜਲੀ ਭੇਟ ਕੀਤੀ।

ਕਾਂਗਰਸ ਤੇ ਭਾਜਪਾ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਐੱਚ. ਡੀ. ਦੇਵੇਗੌੜਾ ਦੀ ਪਾਰਟੀ ਜਨਤਾ ਦਲ (ਸੈਕੁਲਰ) ਇਸ ਚੋਣ ਅਖਾੜੇ ਵਿਚ ਕਿਸਮਤ ਅਜ਼ਮਾਉਣ ਵਾਲੀ ਤੀਜੀ ਮੁੱਖ ਪਾਰਟੀ ਹੈ, ਜਿਸ ਦੀਆਂ ਵੋਟਾਂ ਕੱਟਣ ਲਈ ਮਹਿਲਾ ਐਂਪਾਵਰਮੈਂਟ ਪਾਰਟੀ, ਕਰਨਾਟਕ ਪ੍ਰਗਨੀਵਤਾ ਜਨਤਾ ਪਾਰਟੀ ਤੇ ਭਾਰਤੀ ਜਨ ਸ਼ਕਤੀ ਕਾਂਗਰਸ ਮੈਦਾਨ ਵਿਚ ਹਨ।

- ਹੁਣ ਤਕ ਕਾਂਗਰਸ, ਭਾਜਪਾ ਅਤੇ ਜਨਤਾ ਦਲ (ਐੱਸ) ਵਲੋਂ ਐਲਾਨੇ ਗਏ 498 ਉਮੀਦਵਾਰਾਂ ਦੀ ਸੂਚੀ ਵਿਚ ਔਰਤਾਂ ਤੇ ਮੁਸਲਮਾਨਾਂ ਦੀ ਅਣਦੇਖੀ ਕੀਤੀ ਗਈ ਹੈ ਤੇ ਸਿਰਫ 22 ਔਰਤਾਂ ਤੇ 23 ਮੁਸਲਿਮ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ।



- ਭਾਜਪਾ ਦੇ ਉਮੀਦਵਾਰਾਂ ਦੀ ਦੂਜੀ ਸੂਚੀ ਵਿਚ ਦਲ-ਬਦਲੂਆਂ ਤੇ ਭਾਜਪਾ ਦੇ ਸ਼ਾਸਨ ਦੌਰਾਨ ਜੇਲ ਗਏ ਚਾਰ ਵਿਧਾਇਕਾਂ ਨੂੰ ਵੀ ਟਿਕਟ ਦਿੱਤੀ ਗਈ ਹੈ, ਜਿਨ੍ਹਾਂ ਵਿਚ ਮਾਈਨਿੰਗ ਮਾਫੀਆ ਜੀ. ਸੋਮਸ਼ੇਖਰ ਰੈੱਡੀ ਵੀ ਸ਼ਾਮਲ ਹੈ। ਸੋਮਸ਼ੇਖਰ ਨੂੰ ਜ਼ਮਾਨਤ ਦਿਵਾਉਣ ਲਈ ਜੱਜ ਨੂੰ ਰਿਸ਼ਵਤ ਦੇਣ ਦੇ ਦੋਸ਼ ਹੇਠ ਉਸ ਦੇ ਛੋਟੇ ਭਰਾ ਨੂੰ ਵੀ ਜੇਲ ਜਾਣਾ ਪਿਆ ਸੀ।
- ਕਾਂਗਰਸ ਦੀ ਪਹਿਲੀ ਸੂਚੀ ਜਾਰੀ ਹੋਣ ਮਗਰੋਂ ਇਸ ਦੀ ਟਿਕਟ ਦੇ ਚਾਹਵਾਨਾਂ ਦੇ ਬਾਗੀ ਤੇਵਰ ਨਜ਼ਰ ਆਉਣ ਲੱਗੇ ਹਨ। ਟਿਕਟ ਕੱਟਣ ਤੋਂ ਨਾਰਾਜ਼ ਕਾਂਗਰਸੀ ਆਗੂਆਂ ਨੇ 16 ਅਪ੍ਰੈਲ ਨੂੰ ਸੂਬੇ ਵਿਚ ਜਗ੍ਹਾ-ਜਗ੍ਹਾ ਮੁਜ਼ਾਹਰੇ ਕੀਤੇ ਅਤੇ ਇਕ ਕਾਂਗਰਸੀ ਆਗੂ ਰਵੀ ਕੁਮਾਰ ਦੇ ਸਮਰਥਕਾਂ ਨੇ ਤਾਂ ਮਾਂਡਿਆ ਵਿਚ ਪਾਰਟੀ ਦੇ ਦਫਤਰ ਵਿਚ ਖੂਬ ਭੰਨ-ਤੋੜ ਵੀ ਕੀਤੀ।

ਅਮਿਤ ਸ਼ਾਹ ਵਲੋਂ ਮਹੀਨਾ ਭਰ ਕੀਤੇ ਗਏ ਚੋਣ ਪ੍ਰਚਾਰ ਦਾ ਆਸ ਮੁਤਾਬਕ ਪ੍ਰਭਾਵ ਨਾ ਪੈਦਾ ਦੇਖ ਕੇ ਸੂਬਾਈ ਭਾਜਪਾ ਚਾਹੁੰਦੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਗਾਤਾਰ 12 ਦਿਨਾਂ ਤਕ ਇਥੇ ਸਾਰੇ 30 ਜ਼ਿਲਿਆਂ ਵਿਚ ਰੈਲੀਆਂ ਕਰਨ ਪਰ ਉਹ 5-6 ਦਿਨਾਂ ਵਿਚ 12 ਰੈਲੀਆਂ ਕਰਨ ਲਈ ਹੀ ਸਹਿਮਤ ਹੋਏ ਹਨ, ਜਿਨ੍ਹਾਂ ਦੀ ਸ਼ੁਰੂਆਤ ਸ਼ਾਇਦ 27 ਅਪ੍ਰੈਲ ਨੂੰ ਨਾਮਜ਼ਦਗੀ ਪੱਤਰ ਵਾਪਸ ਲੈਣ ਦੇ ਆਖਰੀ ਦਿਨ ਹੋਵੇਗੀ।

# ਦੰਦ ਕਥਾਵਾਂ ਦਾ ਨਾਇਕ ਸ਼ੇਰ-ਏ-ਪੰਜਾਬ

**ਡਾ. ਜੋਗਿੰਦਰ ਸਿੰਘ ਕੈਰੋਂ**
ਸੰਪਰਕ: 97804-51372

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਹ ਇੱਕ ਨਿਡਰ ਯੋਧੇ ਅਤੇ ਨਿਰਪੱਖ ਤੇ ਨਿਆਂਪਸੰਦ ਮਹਾਰਾਜੇ ਵਜੋਂ ਪ੍ਰਸਿੱਧ ਹੈ। ਉਸ ਨਾਲ ਬਹੁਤ ਸਾਰੀਆਂ ਦੰਦ ਕਥਾਵਾਂ ਜੁੜੀਆਂ ਹੋਈਆਂ ਹਨ। ਉਨ੍ਹਾਂ ਵਿੱਚੋਂ ਕੁਝ ਇਉਂ ਹਨ:

ਰਣਜੀਤ ਸਿੰਘ ਦੀ ਕਲਾਕਾਰੀ ਭਰਪੂਰ ਤੀਰਅੰਦਾਜ਼ੀ: ਕਹਿੰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਰੋਪੜ ਵਿੱਚ ਸੁਲ੍ਹਾ-ਸਫ਼ਾਈ ਦੀ ਗੱਲਬਾਤ ਚੱਲ ਰਹੀ ਸੀ। ਉਸ ਮੌਕੇ ਜਿੱਥੇ ਅੰਗਰੇਜ਼ਾਂ ਵੱਲੋਂ ਵੱਡੇ-ਵੱਡੇ ਯੋਧੇ ਅਤੇ ਅਧਿਕਾਰੀ ਆਏ ਹੋਏ ਸਨ, ਉੱਥੇ ਮਹਾਰਾਜਾ ਵੀ ਆਪਣੇ ਨਾਲ ਚੰਗੇ-ਚੰਗੇ ਯੋਧੇ ਅਤੇ ਵਿਦਵਾਨ ਲੈ ਕੇ ਪੁੱਜਿਆ ਸੀ।

ਦੋਵਾਂ ਧਿਰਾਂ ਨੇ ਆਪੋ-ਆਪਣੇ ਖੇਮਿਆਂ ਨੂੰ ਤੰਬੂਆਂ ਨਾਲ ਆਹਮੋ-ਸਾਹਮਣੇ ਬਹੁਤ ਸੁੰਦਰ ਢੰਗ ਨਾਲ ਸਜਾਇਆ ਹੋਇਆ ਸੀ। ਦੋਵੇਂ ਧਿਰਾਂ ਇੱਕ-ਦੂਜੇ ਉਪਰ ਪ੍ਰਭਾਵ ਪਾਉਣ ਲਈ ਆਪਣੀ ਸ਼ਾਨੋ-ਸ਼ੌਕਤ ਇੱਕ-ਦੂਜੇ ਤੋਂ ਵੱਧ ਦਰਸਾਉਣ ਵਿੱਚ ਲੱਗੀਆਂ ਹੋਈਆਂ ਸਨ। ਇਨ੍ਹਾਂ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਗੋਰੀਆਂ ਆਪਣੀਆਂ-ਆਪਣੀਆਂ ਕੁਰਸੀਆਂ ਉੱਪਰ ਬਿਰਾਜਮਾਨ ਸਨ।

ਮਹਾਰਾਜੇ ਲਈ ਸੋਨੇ ਦੀ ਕੁਰਸੀ ਦਾ ਪ੍ਰਬੰਧ ਕੀਤਾ ਗਿਆ ਸੀ। ਅੰਗਰੇਜ਼ ਗਵਰਨਰ ਨੇ ਆਪਣੇ ਬੈਂਡ-ਵਾਜਿਆਂ ਵਾਲਿਆਂ ਨੂੰ ਆਪਣੀ ਕਲਾ ਦੇ ਜੌਹਰ ਵਿਖਾਉਣ ਦਾ ਹੁਕਮ ਦਿੱਤਾ। ਉਨ੍ਹਾਂ ਨੇ ਬੜਾ ਸੰਗੀਤਮਈ ਬੈਂਡ ਵਜਾਇਆ। ਮਹਾਰਾਜਾ ਰਣਜੀਤ ਸਿੰਘ ਇਹ ਬੈਂਡ ਸੁਣ ਕੇ ਬਹੁਤ ਖ਼ੁਸ਼ ਹੋਇਆ।

ਉਸ ਤੋਂ ਬਾਅਦ ਮਹਾਰਾਜੇ ਦੇ ਵੱਡੇ-ਵੱਡੇ ਸਰਦਾਰ ਅਤੇ ਸੈਨਾਪਤੀ ਸਾਹਮਣੇ ਆਏ। ਉਨ੍ਹਾਂ ਨੇ ਆਪਣੀ ਯੁੱਧ ਕਲਾ ਦੇ ਐਸੇ ਜੌਹਰ ਵਿਖਾਏ ਕਿ ਅੰਗਰੇਜ਼ ਹਾਕਮ ਵੇਖ ਕੇ ਹੈਰਾਨ ਰਹਿ ਗਏ। ਅੰਗਰੇਜ਼ਾਂ ਨੂੰ ਇਹ ਪਤਾ ਹੀ ਨਹੀਂ ਸੀ ਕਿ ਮਹਾਰਾਜੇ ਕੋਲ ਅਜਿਹੇ ਹੁਨਰਮੰਦ ਯੋਧੇ ਹਨ। ਆਪਣੇ ਫ਼ੌਜੀ ਯੋਧਿਆਂ ਦੇ ਹੁਨਰ ਵੇਖ ਕੇ ਮਹਾਰਾਜ ਵੀ ਬਹੁਤ ਖ਼ੁਸ਼ ਹੋਇਆ ਅਤੇ ਉਸ ਅੰਦਰ ਵੀ ਯੁੱਧ ਕਲਾ ਦੇ ਜੌਹਰ ਵਿਖਾਉਣ ਦਾ ਉਤਸ਼ਾਹ ਆ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਅਹਿਲਕਾਰਾਂ ਨੂੰ ਹੁਕਮ ਦਿੱਤਾ ਕਿ ਉਸ ਦੇ ਘੋੜੇ 'ਲੈਲੀ' ਨੂੰ ਲਿਆਂਦਾ ਜਾਵੇ। ਉਸ ਦਾ ਘੋੜਾ ਲਿਆਂਦਾ ਗਿਆ ਤਾਂ ਮਹਾਰਾਜੇ ਨੇ ਹੁਕਮ ਦਿੱਤਾ ਕਿ ਸਾਹਮਣੇ ਖੁੱਲ੍ਹੇ ਮੈਦਾਨ ਵਿੱਚ ਇੱਕ ਗੜਵਾ ਰੱਖ ਦਿੱਤਾ ਜਾਵੇ। ਹੁਕਮ ਮੁਤਾਬਕ ਸੇਵਕਾਂ ਨੇ ਇੱਕ ਗੜਵਾ ਖੁੱਲ੍ਹੇ ਮੈਦਾਨ ਵਿੱਚ ਰੱਖ ਦਿੱਤਾ।

ਮਹਾਰਾਜੇ ਨੇ ਆਪਣੇ ਘੋੜੇ ਨੂੰ ਕਦੇ ਇਧਰ ਤੇ ਕਦੇ ਉਧਰ ਭਜਾ ਕੇ ਗਰਮ ਕੀਤਾ। ਫਿਰ ਘੋੜੇ ਨੂੰ ਸਰਪੱਟ ਦੌੜਾ ਕੇ ਉਸ ਗੜਵੇ ਕੋਲ ਪਹੁੰਚਿਆ ਅਤੇ ਆਪਣੀ ਤਲਵਾਰ ਨਾਲ ਗੜਵੇ ਉਪਰ ਕੁਝ ਨਿਸ਼ਾਨ ਬਣਾਏ। ਉਸ ਨੇ ਤਿੰਨ ਵਾਰ ਇਉਂ ਹੀ ਕੀਤਾ।

ਜਦੋਂ ਉਹ ਗੜਵਾ ਚੁੱਕ ਕੇ ਅੰਗਰੇਜ਼ ਅਫ਼ਸਰਾਂ ਕੋਲ ਲਿਆਂਦਾ ਗਿਆ ਤਾਂ ਉਨ੍ਹਾਂ ਨੇ ਵੇਖਿਆ ਕਿ ਮਹਾਰਾਜੇ ਨੇ ਆਪਣੀ ਤਲਵਾਰ ਦੇ ਨਿਸ਼ਾਨਾਂ ਨਾਲ ਉਸ ਗੜਵੇ ਉਪਰ ਇੱਕ ਖ਼ੂਬਸੂਰਤ ਫੁੱਲ ਬਣਾ ਦਿੱਤਾ ਸੀ। ਇਹ ਵੇਖ ਕੇ ਸਾਰੇ ਅੰਗਰੇਜ਼ ਅਧਿਕਾਰੀ ਹੈਰਾਨ ਵੀ ਹੋਏ ਅਤੇ ਉਨ੍ਹਾਂ ਨੇ ਇਹ ਵੀ ਮਹਿਸੂਸ ਕੀਤਾ ਕਿ ਮਹਾਰਾਜਾ ਤਲਵਾਰ ਦਾ ਬਹੁਤ ਧਨੀ ਹੈ ਅਤੇ ਉਸ ਨੂੰ ਕਲਾ ਨਾਲ ਕਿੰਨਾ ਪਿਆਰ ਹੈ।

ਕੁਰਾਨ ਸ਼ਰੀਫ਼ ਦਾ ਮੁੱਲ ਪਾਉਣਾ: ਇੱਕ ਵਾਰ ਇੱਕ ਆਦਮੀ ਗੱਡਾ ਜੋੜ ਕੇ ਲਾਹੌਰ ਤੋਂ ਬਾਹਰ ਜਾ ਰਿਹਾ ਸੀ। ਉਸ ਨੇ ਆਪਣੇ ਗੱਡੇ ਉਪਰ ਕੋਈ ਚੀਜ਼ ਰੱਖੀ ਹੋਈ ਸੀ ਜਿਸ ਨੂੰ ਚਿੱਟੇ ਕੱਪੜੇ ਨਾਲ ਢਕਿਆ ਹੋਇਆ ਸੀ।

ਉਹ ਸ਼ਹਿਰੋਂ ਬਾਹਰ ਨਿਕਲਣ ਲੱਗਾ ਤਾਂ ਉਸ ਨੂੰ ਅੱਗੋਂ ਮਹਾਰਾਜਾ ਰਣਜੀਤ ਸਿੰਘ ਬਾਹਰੋਂ ਆਉਂਦਾ ਹੋਇਆ ਮਿਲ ਗਿਆ। ਮਹਾਰਾਜੇ ਨੇ ਉਸ ਗੱਡੇ ਵਾਲੇ ਨੂੰ ਪੁੱਛਿਆ, "ਭਾਈ! ਤੂੰ ਕਿੱਧਰ ਜਾ ਰਿਹਾ ਹੈਂ ਅਤੇ ਗੱਡੇ ਉੱਪਰ ਆਹ ਚਿੱਟੀ ਚਾਦਰ ਹੇਠ ਕੀ ਰੱਖਿਆ ਹੈ?" ਗੱਡੇ ਵਾਲੇ ਨੇ ਕਿਹਾ, "ਮਹਾਰਾਜ! ਇਸ ਚਾਦਰ ਹੇਠ ਪਵਿੱਤਰ ਕੁਰਾਨ ਸ਼ਰੀਫ਼ ਹੈ।" ਮਹਾਰਜੇ ਨੇ ਪੁੱਛਿਆ, "ਤੂੰ ਇਹ ਕੁਰਾਨ ਸ਼ਰੀਫ਼ ਕਿੱਥੇ ਲਿਜਾ ਰਿਹਾ ਹੈਂ?"

ਗੱਡੇ ਵਾਲੇ ਨੇ ਉੱਤਰ ਦਿੱਤਾ, "ਮਹਾਰਾਜ! ਮੈਂ ਕਈ ਸਾਲਾਂ ਦੀ ਮਿਹਨਤ ਨਾਲ ਇਹ ਸੁਨਹਿਰੀ ਕੁਰਾਨ ਸ਼ਰੀਫ਼ ਤਿਆਰ ਕੀਤਾ ਹੈ। ਇਹ ਇੰਨਾ ਮੁੱਲਵਾਨ ਹੈ ਕਿ ਇਸ ਸ਼ਹਿਰ ਵਿੱਚ ਇਸ ਦਾ ਮੁੱਲ ਤਾਰਨ ਵਾਲਾ ਕੋਈ ਨਹੀਂ ਹੈ। ਇਸ ਲਈ ਮੈਂ ਇਸ ਨੂੰ ਵੇਚਣ ਲਈ ਹੈਦਰਾਬਾਦ ਲੈ ਕੇ ਜਾ ਰਿਹਾ ਹਾਂ ਤਾਂ ਕਿ ਉੱਥੋਂ ਦੇ ਨਵਾਬ ਨੂੰ ਵਿਖਾ ਕੇ ਮੈਂ ਇਸ ਦਾ ਪੂਰਾ ਮੁੱਲ ਵੱਟ ਸਕਾਂ।"

ਮਹਾਰਾਜੇ ਨੇ ਉਸ ਨੂੰ ਹੁਕਮ ਦਿੱਤਾ, "ਤੂੰ ਆਪਣਾ ਗੱਡਾ ਵਾਪਸ ਲੈ ਆ। ਇਸ ਕੁਰਾਨ ਸ਼ਰੀਫ਼ ਦਾ ਜਿੰਨਾ ਮੁੱਲ ਤੂੰ ਕਹੇਂਗਾ, ਅਸੀਂ ਉਸ ਤੋਂ ਵੱਧ ਹੀ ਦੇਵਾਂਗੇ।"

ਗੱਡੇ ਵਾਲੇ ਨੇ ਗੱਡਾ ਮੋੜ ਕੇ ਮਹਾਰਾਜੇ ਦੇ ਦਰਬਾਰ ਵਿੱਚ ਲੈ ਆਂਦਾ। ਉਸ ਨੇ ਕੁਰਾਨ ਸ਼ਰੀਫ਼ ਦਾ ਜਿੰਨਾ ਮੁੱਲ ਦੱਸਿਆ, ਮਹਾਰਾਜੇ ਨੇ ਉਸ ਤੋਂ ਵੱਧ ਰਕਮ ਦੇ ਕੇ ਉਸ ਨੂੰ ਖ਼ਰੀਦ ਲਿਆ। ਮਹਾਰਾਜੇ ਨੇ ਕੁਰਾਨ ਸ਼ਰੀਫ਼ ਖ਼ਰੀਦ ਲਿਆ ਤਾਂ ਉਸ ਨੇ ਫ਼ਕੀਰ ਅਜ਼ੀਜ਼ੁਦੀਨ ਨੂੰ ਬੁਲਾ ਕੇ ਉਸ ਨੂੰ ਉਸ ਵਿੱਚੋਂ ਕੋਈ ਆਇਤ ਪੜ੍ਹਨ ਨੂੰ ਕਿਹਾ। ਫ਼ਕੀਰ ਅਜ਼ੀਜ਼ੁਦੀਨ ਨੇ ਉਸ ਵਿੱਚੋਂ ਕੁਝ ਆਇਤਾਂ ਪੜ੍ਹੀਆਂ। ਉਨ੍ਹਾਂ ਦੇ ਅਰਥ ਕਰ ਕੇ ਮਹਾਰਾਜੇ ਨੂੰ ਦੱਸਿਆ ਕਿ ਇਨ੍ਹਾਂ ਵਿੱਚ ਅੱਲ੍ਹਾ ਦੀ ਵਡਿਆਈ ਬਾਰੇ ਦੱਸਿਆ ਗਿਆ ਹੈ।

ਮਹਾਰਾਜੇ ਨੇ ਕਿਹਾ, "ਸਾਡੇ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਤਾਂ ਅਕਾਲ ਪੁਰਖ ਪਰਮਾਤਮਾ ਦੀ ਹੀ ਉਸਤਤ ਕੀਤੀ ਗਈ ਹੈ ਫਿਰ ਇਨ੍ਹਾਂ ਵਿੱਚ ਫ਼ਰਕ ਕੀ ਹੈ?"

ਫ਼ਕੀਰ ਅਜ਼ੀਜ਼ੁਦੀਨ ਦਾ ਜੁਆਬ ਸੀ, "ਮਹਾਰਾਜ! ਉਦੇਸ਼ ਤਾਂ ਇੱਕ ਹੀ ਹੈ ਮਾਰਗ ਵੱਖਰੇ-ਵੱਖਰੇ ਹਨ।" ਇਹ ਸੁਣ ਕੇ ਮਹਾਰਾਜਾ ਬਹੁਤ ਖ਼ੁਸ਼ ਹੋਇਆ ਅਤੇ ਉਸ ਨੇ ਉਹ ਕੁਰਾਨ ਸ਼ਰੀਫ਼ ਬੜੇ ਸਤਿਕਾਰ ਨਾਲ ਰੱਖਣ ਲਈ ਫ਼ਕੀਰ ਅਜ਼ੀਜ਼ੁਦੀਨ ਨੂੰ ਦੇ ਦਿੱਤਾ।

ਬਾਂਗ ਦਾ ਮਸਲਾ: ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਾਰੇ ਪੰਜਾਬ ਉਪਰ ਸਥਾਪਤ ਹੋ ਗਿਆ ਤਾਂ ਸਿੱਖ ਇਸ ਨੂੰ ਆਪਣਾ ਰਾਜ ਹੀ ਸਮਝਣ ਲੱਗ ਪਏ ਜਦੋਂਕਿ ਇਹ ਸਾਰੇ ਪੰਜਾਬੀਆਂ ਦਾ ਰਾਜ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਹਰ ਵਿਅਕਤੀ ਨੂੰ ਆਪਣਾ ਧਰਮ ਮੰਨਣ ਦੀ ਪੂਰੀ ਆਜ਼ਾਦੀ ਸੀ। ਇਉਂ ਮੁਸਲਮਾਨਾਂ ਨੂੰ ਵੀ ਆਪਣਾ ਧਰਮ ਮੰਨਣ ਦੀ ਪੂਰੀ ਖੁੱਲ੍ਹ ਸੀ। ਉਹ ਪੰਜੇ ਵਕਤ ਮਸੀਤਾਂ ਵਿੱਚ ਨਮਾਜ਼ ਪੜ੍ਹਦੇ ਸਨ। ਨਮਾਜ਼ ਸਮੇਂ ਮਸੀਤ ਦਾ ਮੌਲਵੀ ਉੱਚੀ ਆਵਾਜ਼ ਵਿੱਚ ਮੁਸਲਮਾਨਾਂ ਨੂੰ ਸੁਨੇਹਾ ਦਿੰਦਾ ਕਿ ਨਮਾਜ਼ ਦਾ ਵਕਤ ਹੋ ਗਿਆ ਹੈ, ਇਸ ਲਈ ਮਸੀਤ ਵਿੱਚ ਆਓ ਅਤੇ ਨਮਾਜ਼ ਪੜ੍ਹੋ। ਸਿੱਖ ਉਸ ਸਮੇਂ ਮੁਸਲਮਾਨਾਂ ਦੀ ਇਸ ਬਾਂਗ ਤੋਂ ਬੜੇ ਚਿੜ੍ਹਦੇ ਸਨ। ਉਹ ਸਮਝਦੇ ਸਨ ਕਿ ਰਾਜ ਤਾਂ ਸਿੱਖਾਂ ਦਾ ਹੈ ਅਤੇ ਮੁਸਲਮਾਨ ਬਾਂਗਾਂ ਦੇ ਕੇ ਉਨ੍ਹਾਂ ਨੂੰ ਤੰਗ ਕਰਦੇ ਹਨ ਕਿਉਂਕਿ ਉਹੀ ਸਮਾਂ ਸਿੱਖਾਂ ਅਤੇ ਹਿੰਦੂਆਂ ਦੇ ਪੂਜਾ ਪਾਠ ਦਾ ਹੁੰਦਾ ਹੈ।



ਇਹ ਸੋਚ ਕੇ ਲਾਹੌਰ ਦੇ ਕੁਝ ਬੰਦੇ ਇਕੱਠੇ ਹੋਏ। ਉਨ੍ਹਾਂ ਸਲਾਹ ਕੀਤੀ ਕਿ ਮਹਾਰਾਜੇ ਨੂੰ ਕਹਿ ਕੇ ਮੁਸਲਮਾਨਾਂ ਦੀ ਬਾਂਗ ਬੰਦ ਕਰਵਾਉਣੀ ਚਾਹੀਦੀ ਹੈ। ਸਲਾਹ-ਮਸ਼ਵਰੇ ਤੋਂ ਬਾਅਦ ਇਹ ਪੰਚਾਇਤ ਮਹਾਰਾਜੇ ਕੋਲ ਗਈ ਤੇ ਬੇਨਤੀ ਕੀਤੀ, "ਮਹਾਰਾਜਾ ਸਾਹਿਬ! ਮੁਸਲਮਾਨ ਬਾਂਗਾਂ ਦੇ ਦੇ ਕੇ ਸਾਨੂੰ ਬੜਾ ਤੰਗ ਕਰਦੇ ਹਨ। ਇਨ੍ਹਾਂ ਦੀ ਬਾਂਗ ਬੰਦ ਹੋਣੀ ਚਾਹੀਦੀ ਹੈ।"

ਮਹਾਰਾਜੇ ਨੇ ਕਿਹਾ, "ਜੇ ਇਹ ਬਾਂਗਾਂ ਤੁਹਾਨੂੰ ਤੰਗ ਕਰਦੀਆਂ ਹਨ ਤਾਂ ਇਹ ਜ਼ਰੂਰ ਹੀ ਬੰਦ ਹੋਣੀਆਂ ਚਾਹੀਦੀਆਂ ਹਨ ਪਰ ਆਪਾਂ ਇੱਕ ਵਾਰ ਮੁਸਲਮਾਨਾਂ ਨੂੰ ਬੁਲਾ ਕੇ ਪੁੱਛ ਲੈਂਦੇ ਹਾਂ ਕਿ ਉਹ ਬਾਂਗਾਂ ਕਿਉਂ ਦਿੰਦੇ ਹਨ। ਇਸ ਲਈ ਅੱਜ ਤੁਸੀਂ ਜਾਓ। ਕੱਲ੍ਹ ਮੈਂ ਮੁਸਲਮਾਨਾਂ ਨੂੰ ਬੁਲਾ ਕੇ ਪੁੱਛਾਂਗਾ ਕਿ ਪਈ ਤੁਸੀਂ ਬਾਂਗਾਂ ਕਿਉਂ ਦਿੰਦੇ ਹੋ?"

ਉਸ ਪੰਚਾਇਤ ਦੇ ਆਗੂਆਂ ਨੇ ਕਿਹਾ, "ਠੀਕ ਹੈ ਮਹਾਰਾਜ।" ਇਹ ਕਹਿ ਕੇ ਉਹ ਲੋਕ ਚਲੇ ਗਏ।

ਅਗਲੇ ਦਿਨ ਮਹਾਰਾਜੇ ਨੇ ਦੋਵਾਂ ਪਾਰਟੀਆਂ ਨੂੰ ਬੁਲਾਇਆ। ਪਹਿਲਾਂ ਉਨ੍ਹਾਂ ਨੇ ਮੁਸਲਮਾਨ ਆਗੂਆਂ ਨੂੰ ਪੁੱਛਿਆ ਕਿ ਪਈ ਤੁਸੀਂ ਇਹ ਦੱਸੋ ਕਿ ਤੁਸੀਂ ਬਾਂਗਾਂ ਕਿਉਂ ਦਿੰਦੇ ਹੋ?

ਉਨ੍ਹਾਂ ਜੁਆਬ ਦਿੱਤਾ, "ਮਹਾਰਾਜ! ਸਵੇਰੇ-ਸਵੇਰੇ ਲੋਕ ਸੁੱਤੇ ਹੁੰਦੇ ਹਨ, ਅਸੀਂ ਬਾਂਗ ਇਸ ਲਈ ਦਿੰਦੇ ਹਾਂ ਕਿ ਉਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਨਮਾਜ਼ ਦਾ ਵਕਤ ਹੋ ਗਿਆ ਹੈ, ਇਸ ਲਈ ਉੱਠੋ ਤੇ ਨਮਾਜ਼ ਪੜ੍ਹੋ। ਦਿਨ ਵੇਲੇ ਵੀ ਬਾਂਗ ਇਸ ਲਈ ਦਿੰਦੇ ਹਾਂ ਕਿ ਮੁਸਲਮਾਨਾਂ ਨੂੰ ਪਤਾ ਲੱਗ ਜਾਵੇ ਕਿ ਨਮਾਜ਼ ਦਾ ਵਕਤ ਹੋ ਗਿਆ ਹੈ ਤੇ ਉਹ ਨਮਾਜ਼ ਪੜ੍ਹ ਲੈਣ।"

ਇਹ ਸੁਣ ਕੇ ਮਹਾਰਾਜੇ ਨੇ ਕਿਹਾ, "ਇਸ ਦਾ ਮਤਲਬ ਹੈ ਕਿ ਤੁਸੀਂ ਬਾਂਗ ਇਸ ਲਈ ਦਿੰਦੇ ਹੋ ਕਿ ਲੋਕਾਂ ਨੂੰ ਨਮਾਜ਼ ਪੜ੍ਹਨ ਦੇ ਵਕਤ ਦਾ ਪਤਾ ਲੱਗ ਜਾਵੇ?"

ਮੁਸਲਮਾਨਾਂ ਨੇ ਕਿਹਾ, "ਹਾਂ ਹਜ਼ੂਰ, ਅਸੀਂ ਪੰਜੇ ਵਕਤ ਇਸੇ ਲਈ ਹੀ ਬਾਂਗ ਦਿੰਦੇ ਹਾਂ।"

ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, "ਜੇ ਅਸੀਂ ਪੰਜੇ ਵਕਤ ਲੋਕਾਂ ਨੂੰ ਨਮਾਜ਼ ਪੜ੍ਹਨ ਦਾ ਸਮਾਂ ਦੱਸਣ ਲਈ ਕੋਈ ਹੋਰ ਪ੍ਰਬੰਧ ਕਰ ਦੇਈਏ ਤਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ?"

ਉਨ੍ਹਾਂ ਕਿਹਾ, "ਮਹਾਰਾਜ ਜੇ ਇਹੋ ਜਿਹਾ ਕੋਈ ਪ੍ਰਬੰਧ ਹੋ ਜਾਵੇ ਤਾਂ ਸਾਨੂੰ ਕੀ ਇਤਰਾਜ਼ ਹੋ ਸਕਦਾ ਹੈ! ਜੇ ਸਵੇਰੇ ਪੰਜ ਵਜੇ ਲੋਕਾਂ ਨੂੰ ਜਗਾ ਦਿੱਤਾ ਜਾਵੇ ਅਤੇ ਫਿਰ ਸਾਰਾ ਦਿਨ ਲੋਕਾਂ ਨੂੰ ਨਮਾਜ਼ ਦਾ ਸਮਾਂ ਦੱਸਣ ਦਾ ਪ੍ਰਬੰਧ ਹੋ ਜਾਵੇ ਤਾਂ ਇਸ ਨਾਲੋਂ ਚੰਗੀ ਗੱਲ ਕੀ ਹੋ ਸਕਦੀ ਹੈ?"

ਉਸ ਤੋਂ ਬਾਅਦ ਸ਼ੇਰੇ-ਏ-ਪੰਜਾਬ ਨੇ ਹਿੰਦੂਆਂ ਅਤੇ ਸਿੱਖਾਂ ਦੇ ਮੋਹਤਬਰ ਬੰਦਿਆਂ ਨੂੰ ਕਿਹਾ, "ਦੇਖੋ ਭਾਈ! ਮੁਸਲਮਾਨ ਅੱਜ ਤੋਂ ਬਾਅਦ ਸ਼ਹਿਰ ਵਿੱਚ ਬਾਂਗ ਨਹੀਂ ਦੇਣਗੇ ਪਰ ਇਹ ਜ਼ਿੰਮੇਵਾਰੀ ਹੁਣ ਤੁਹਾਡੀ ਹੈ ਕਿ ਤੁਸੀਂ ਹਰ ਨਮਾਜ਼ ਪੜ੍ਹਨ ਵੇਲੇ ਘਰ-ਘਰ ਜਾ ਕੇ ਉਨ੍ਹਾਂ ਨੂੰ ਨਮਾਜ਼ ਪੜ੍ਹਨ ਦਾ ਸਮਾਂ ਦੱਸਣਾ ਹੈ। ਹਾਂ! ਇਹ ਯਾਦ ਰੱਖੋ ਕਿ ਇਸ ਵਿੱਚ ਲਾਪਰਵਾਹੀ ਨਹੀਂ ਹੋਣੀ ਚਾਹੀਦੀ। ਚਲੋ ਹੁਣ ਜਾਓ! ਮੁਸਲਮਾਨ ਬਾਂਗ ਨਹੀਂ ਦੇਣਗੇ ਪਰ ਤੁਸੀਂ ਆਪਣੀ ਜ਼ਿੰਮੇਵਾਰੀ ਜ਼ਰੂਰ ਪੂਰੀ ਕਰਨੀ ਹੈ।"

ਹੁਣ ਸਿੱਖਾਂ ਅਤੇ ਹਿੰਦੂਆਂ ਨੂੰ ਹਰ ਰੋਜ਼ ਪੰਜੇ ਵਕਤ ਮੁਸਲਮਾਨਾਂ ਦੇ ਘਰਾਂ ਵਿੱਚ ਜਾ ਕੇ ਨਮਾਜ਼ ਦਾ ਵਕਤ ਦੱਸਣਾ ਪੈਂਦਾ। ਥੋੜ੍ਹੇ ਦਿਨਾਂ ਬਾਅਦ ਹੀ ਉਹ ਇਸ ਕੰਮ ਤੋਂ ਬਹੁਤ ਤੰਗ ਆ ਗਏ। ਉਹ ਸਾਰਾ ਦਿਨ ਵਕਤ ਦੱਸ-ਦੱਸ ਕੇ ਹੀ ਜਿਵੇਂ ਪਾਗਲ ਹੋ ਗਏ ਸਨ। ਆਖ਼ਰ ਉਹ ਫਿਰ ਮਹਾਰਾਜੇ ਕੋਲ ਜਾ ਕੇ ਬੇਨਤੀ ਕਰਨ ਲੱਗੇ, "ਮਹਾਰਾਜ, ਇਹ ਕੰਮ ਤਾਂ ਬਹੁਤ ਔਖਾ ਹੈ। ਤੁਸੀਂ ਮੁਸਲਮਾਨਾਂ ਨੂੰ ਕਹੋ ਜਿੰਨੀਆਂ ਮਰਜ਼ੀ ਬਾਂਗਾਂ ਦੇਣ ਪਰ ਸਾਡਾ ਇਸ ਕੰਮ ਤੋਂ ਖਹਿੜਾ ਛੁਡਾਓ।"

ਇਹ ਸੁਣ ਕੇ ਮਹਾਰਾਜਾ ਹੱਸ ਪਿਆ ਅਤੇ ਉਨ੍ਹਾਂ ਨੂੰ ਕਹਿਣ ਲੱਗਿਆ, "ਦੇਖੋ ਭਾਈ! ਇਹ ਸਾਡਾ ਇਕੱਲਿਆਂ ਦਾ ਨਹੀਂ, ਸਾਰਿਆਂ ਦਾ ਸਾਂਝਾ ਰਾਜ ਹੈ। ਇੱਥੇ ਹਰ ਧਰਮ ਨੂੰ ਮੰਨਣ ਵਾਲੇ ਨੂੰ ਪੂਰੀ ਆਜ਼ਾਦੀ ਹੈ ਉਹ ਜਿਵੇਂ ਚਾਹੇ ਆਪਣੇ ਧਰਮ ਨੂੰ ਮੰਨ ਸਕਦਾ ਹੈ।"

ਮਹਾਰਾਜੇ ਦੀ ਹਰਿਮੰਦਰ ਸਾਹਿਬ ਪ੍ਰਤੀ ਸ਼ਰਧਾ: ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਸ੍ਰੀ ਹਰਿਮੰਦਰ ਸਾਹਿਬ ਉਪਰ ਸੋਨੇ ਦੇ ਪੱਤਰ ਚੜ੍ਹਾਉਣ ਦੀ ਸੇਵਾ ਕਰਵਾਈ ਤਾਂ ਇੱਕ ਕਾਰਜ ਨੂੰ ਕਰਨ ਵਾਲੇ ਕਾਰੀਗਰਾਂ ਅਤੇ ਹੋਰ ਸੇਵਾਦਾਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਉਸ ਸਾਹਮਣੇ ਦਰਵਾਜ਼ੇ ਉਪਰ ਜਿੱਥੋਂ ਸ਼ਰਧਾਲੂ ਅੰਦਰ ਮੱਥਾ ਟੇਕਣ ਜਾਂਦੇ ਹਨ, ਇੱਕ ਸੋਨੇ ਦੇ ਪੱਤਰੇ ਉਪਰ ਲਿਖਵਾ ਦਿੱਤਾ, "ਸੋਨੇ ਦਾ ਇਹ ਸਾਰਾ ਕੰਮ ਰਣਜੀਤ ਸਿੰਘ ਨੇ ਕਰਵਾਇਆ।"

ਕਹਿੰਦੇ ਹਨ ਕਿ ਜਦੋਂ ਇਸ ਗੱਲ ਦਾ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਉਸੇ ਵੇਲੇ ਉਹ ਪੱਤਰਾ ਉੱਥੋਂ ਹਟਵਾ ਦਿੱਤਾ। ਉਨ੍ਹਾਂ ਨੇ ਕਿਹਾ, "ਮੈਂ ਕੌਣ ਹੁੰਦਾ ਹਾਂ ਇਹ ਕੰਮ ਕਰਨ ਵਾਲਾ ਸਗੋਂ ਇਹ ਤਾਂ ਮਹਾਰਾਜ ਦੀ ਕ੍ਰਿਪਾ ਹੋਈ ਜੋ ਉਨ੍ਹਾਂ ਨੇ ਮੇਰੇ ਕੋਲੋਂ ਇਹ ਸੇਵਾ ਲੈ ਲਈ ਹੈ।"

ਮਹਾਰਾਜਾ ਰਣਜੀਤ ਸਿੰਘ ਕਿਸੇ ਵੀ ਹਾਲਤ ਵਿੱਚ ਆਪਣੇ ਨਾਂ ਵਾਲਾ ਪੱਤਰਾ ਲਗਾਉਣ ਦੇ ਹੱਕ ਵਿੱਚ ਨਹੀਂ ਸੀ। ਸਾਰੇ ਸਮਝਦਾਰ ਵਿਅਕਤੀਆਂ ਅਤੇ ਵਿਦਵਾਨਾਂ ਦੇ ਕਹਿਣ 'ਤੇ ਕਿ ਇਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਉਪਰ ਚੰਗਾ ਪ੍ਰਭਾਵ ਪਵੇਗਾ ਅਤੇ ਲੋਕਾਂ ਵਿੱਚ ਸੇਵਾ ਭਾਵ ਵਧੇਗਾ। ਮਹਾਰਾਜਾ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹੋ ਗਿਆ ਅਤੇ ਇਹ ਪੱਤਰਾ ਲਿਖਵਾਇਆ ਗਿਆ ਜਿਹੜਾ ਅੱਜ ਵੀ ਉੱਥੇ ਸੁਸ਼ੋਭਿਤ ਹੈ। ਪੱਤਰੇ ਦੀ ਇਬਾਰਤ ਇਉਂ ਹੈ:

ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਕੋ ਸਿੱਖ ਜਾਣ ਕਰ ਸ੍ਰੀ ਦਰਬਾਰ ਸਾਹਿਬ ਜੀ ਕੀ ਸੇਵਾ ਸ੍ਰੀ ਮਹਾਰਾਜਾ ਸਿੰਘ ਸਾਹਿਬ ਰਣਜੀਤ ਸਿੰਘ ਜੀ ਪਰ ਦਯਾ ਕਰਕੇ ਕਰਾਈ॥ ੧੮੮੭॥

ਇਸ ਤੋਂ ਮਹਾਰਾਜਾ ਰਣਜੀਤ ਸਿੰਘ ਦੀ ਗੁਰੂ ਘਰ ਲਈ ਸ਼ਰਧਾ ਅਤੇ ਨਿਮਰਤਾ ਪ੍ਰਗਟ ਹੁੰਦੀ ਹੈ।

ਸੋਨੇ ਦੀਆਂ ਹੱਡੀਆਂ ਵਾਲਾ ਪੀਰ: ਸ਼ੇਖ਼ ਗੁਲਾਮ ਮਹੀਉਦੀਨ ਨੇ ਲੋਕਾਂ ਨੂੰ ਬਹੁਤ ਹੀ ਤੰਗ ਕੀਤਾ ਹੋਇਆ ਸੀ। ਉਧਰ ਦੇਸ਼ ਵਿੱਚ ਕਾਲ ਪਿਆ ਹੋਇਆ ਸੀ ਅਤੇ ਇਧਰ ਇਹ ਸ਼ੇਖ਼ ਲੋਕਾਂ ਦਾ ਲਹੂ ਪੀ ਰਿਹਾ ਸੀ।

ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਹੁਕਮ ਦਿੱਤਾ ਕਿ ਸ਼ੇਖ਼ ਗੁਲਾਮ ਨੂੰ ਫੜ ਕੇ ਬੰਦੀਖਾਨੇ ਵਿੱਚ ਸੁੱਟ ਦਿੱਤਾ ਜਾਵੇ ਅਤੇ ਜੁਰਮਾਨੇ ਦੇ ਰੂਪ ਵਿੱਚ ਉਸ ਤੋਂ ਭਾਰੀ ਰਕਮ ਵਸੂਲ ਕੀਤੀ ਜਾਵੇ। ਪਰ ਉਸ ਚਲਾਕ ਸ਼ੇਖ਼ ਨੇ ਆਪਣਾ ਸਾਰਾ ਧਨ-ਦੌਲਤ, ਸੋਨਾ-ਚਾਂਦੀ ਅਤੇ ਹੀਰੇ ਆਦਿ ਆਪਣੇ ਸੌਣ ਵਾਲੇ ਕਮਰੇ ਵਿੱਚ ਦੱਬ ਕੇ ਉਸ ਉਪਰ ਇੱਕ ਮਕਬਰਾ ਬਣਾ ਦਿੱਤਾ ਜਿਸ ਨੂੰ ਉਹ ਕਿਸੇ ਜ਼ਾਹਰਾ ਪੀਰ ਦੀ ਜਗ੍ਹਾ ਕਹਿਣ ਲੱਗਾ। ਉਸ ਨੇ ਉਸ ਕਬਰ ਦੁਆਲੇ ਬਹੁਤ ਸਾਰੇ ਮੁੱਲਾਂ ਬਿਠਾ ਦਿੱਤੇ ਜੋ ਹਰ ਵੇਲੇ ਤਸਬੀਆਂ ਫੇਰਦੇ। ਕਬਰ ਦੁਆਲੇ ਬਹੁਤ ਸਾਰੇ ਚਿਰਾਗ ਵੀ ਜਗਾ ਦਿੱਤੇ।

ਮਹਾਰਾਜੇ ਦੇ ਸੂਹੀਆਂ ਨੇ ਉਸ ਨੂੰ ਸੂਹ ਦਿੱਤੀ ਕਿ ਗੁਲਾਮ ਮਹੀਉਦੀਨ ਜਿਸ ਜਗ੍ਹਾ ਨੂੰ ਕਿਸੇ ਪੀਰ ਦਾ ਸਥਾਨ ਕਹਿੰਦਾ ਹੈ ਉਹ ਕੋਈ ਮਕਬਰਾ ਨਹੀਂ ਸਗੋਂ ਉਹਦੇ ਵਿੱਚ ਉਸ ਨੇ ਆਪਣਾ ਸਾਰਾ ਧਨ ਛੁਪਾਇਆ ਹੋਇਆ ਹੈ। ਇੰਜ ਇਹ ਸ਼ੇਖ਼ ਇਸ ਤਰ੍ਹਾਂ ਇਸਲਾਮ ਦਾ ਨਿਰਾਦਰ ਕਰ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਹੁਕਮ ਦਿੱਤਾ ਕਿ ਉਸ ਕਬਰ ਨੂੰ ਖੋਦ ਕੇ ਉਸ ਵਿੱਚੋਂ ਸਾਰਾ ਧਨ ਕੱਢ ਲਿਆ ਜਾਵੇ। ਕਹਿੰਦੇ ਹਨ ਕਿ ਜਦ ਉਹ ਕਬਰ ਖੋਦੀ ਗਈ ਤਾਂ ਉਸ ਵਿੱਚੋਂ ਸਾਢੇ ਨੌਂ ਲੱਖ ਦੇ ਗਹਿਣੇ ਅਤੇ ਹੋਰ ਬਹੁਤ ਸਾਰਾ ਸਾਮਾਨ ਨਿਕਲਿਆ।

ਇਹ ਵੇਖ ਕੇ ਮਹਾਰਾਜੇ ਨੇ ਉਸ ਸ਼ੇਖ਼ ਨੂੰ ਦਰਬਾਰ ਵਿੱਚ ਹਾਜ਼ਰ ਕਰਨ ਦਾ ਹੁਕਮ ਦਿੱਤਾ। ਜਦੋਂ ਸ਼ੇਖ਼ ਦਰਬਾਰ ਵਿੱਚ ਹਾਜ਼ਰ ਹੋਇਆ ਤਾਂ ਮਹਾਰਾਜਾ ਕਹਿਣ ਲੱਗਾ, "ਸ਼ੇਖ਼ ਸਾਹਿਬ! ਤੁਹਾਡਾ ਪੀਰ ਸੱਚਮੁੱਚ ਹੀ ਬਹੁਤ ਜ਼ਾਹਰਾ ਹੈ ਜਿਸ ਨੇ ਕਬਰ ਖੋਦਣ ਲੱਗਿਆਂ ਆਪਣੀਆਂ ਹੱਡੀਆਂ ਨੂੰ ਸੋਨੇ-ਚਾਂਦੀ ਵਿੱਚ ਬਦਲ ਲਿਆ ਹੈ।"

ਪਾਰਸ ਮਹਾਰਾਜਾ: ਮਹਾਰਾਜਾ ਰਣਜੀਤ ਸਿੰਘ ਦੇ ਦਾਨੀ ਸੁਭਾਅ ਕਰਕੇ, ਲੋਕ ਉਸ ਨੂੰ ਪਾਰਸ ਮਹਾਰਾਜਾ ਦੇ ਨਾਂ ਨਾਲ ਯਾਦ ਕਰਨ ਲੱਗੇ। ਭੋਲੇ-ਭਾਲੇ ਲੋਕਾਂ ਨੇ ਨਾ ਕਦੇ ਪਾਰਸ ਪੱਥਰ ਵੇਖਿਆ ਸੀ ਅਤੇ ਨਾ ਹੀ ਉਨ੍ਹਾਂ ਨੂੰ ਇਸ ਦੇ ਗੁਣਾਂ ਦਾ ਹੀ ਪਤਾ ਸੀ। ਉਹ ਤਾਂ ਇਹੋ ਜਾਣਦੇ ਸਨ ਕਿ ਜੇ ਲੋਹੇ ਨੂੰ ਵੀ ਪਾਰਸ ਨਾਲ ਛੁਹਾ ਦਿੱਤਾ ਜਾਵੇ ਤਾਂ ਉਹ ਵੀ ਸੋਨਾ ਹੋ ਜਾਂਦਾ ਹੈ। ਜਦੋਂ ਇਸ ਗੱਲ ਦਾ ਪਤਾ ਇੱਕ ਬੁੱਢੜੀ ਮਾਈ ਨੂੰ ਲੱਗਾ ਤਾਂ ਉਹ ਸੋਚਣ ਲੱਗੀ ਕਿ ਜੇ ਮੈਂ ਆਪਣੇ ਘਰ ਦੀ ਕੋਈ ਲੋਹੇ ਦੀ ਚੀਜ਼ ਮਹਾਰਾਜੇ ਨੂੰ ਛੁਹਾ ਦੇਵਾਂ ਤਾਂ ਉਹ ਸੋਨੇ ਦੀ ਹੋ ਜਾਵੇਗੀ। ਇੰਜ ਮੈਂ ਮਾਲਾਮਾਲ ਹੋ ਜਾਵਾਂਗੀ। ਇਹ ਸੋਚ ਕੇ ਉਹ ਇਸ ਗੱਲ ਦੀ ਉਡੀਕ ਕਰਨ ਲੱਗੀ ਕਿ ਕਦੋਂ ਮਹਾਰਾਜਾ ਉਨ੍ਹਾਂ ਦੀ ਗਲੀ ਵਿੱਚੋਂ ਲੰਘੇ ਤੇ ਉਹ ਕੋਈ ਲੋਹੇ ਦੀ ਚੀਜ਼ ਉਸ ਨੂੰ ਛੁਹਾਏ।

ਇੱਕ ਦਿਨ ਉਸ ਨੂੰ ਪਤਾ ਲੱਗਾ ਕਿ ਮਹਾਰਾਜਾ ਸਾਹਿਬ ਉਧਰ ਆ ਰਹੇ ਹਨ ਜਿਧਰ ਉਸ ਦਾ ਘਰ ਸੀ। ਉਹ ਮਹਾਰਾਜੇ ਨੂੰ ਲਗਾਉਣ ਲਈ ਘਰ ਵਿੱਚੋਂ ਕੋਈ ਲੋਹੇ ਦੀ ਚੀਜ਼ ਲੱਭਣ ਲੱਗੀ। ਉਹ ਲੋਹੇ ਦੀ ਚੀਜ਼ ਲੱਭਣ ਲਈ ਦੌੜੀ ਫਿਰਦੀ ਸੀ। ਉਸ ਨੂੰ ਲੋਹੇ ਦੀ ਕੋਈ ਵੀ ਚੀਜ਼ ਨਾ ਲੱਭੀ। ਅਚਾਨਕ ਉਸ ਨੇ ਦੇਖਿਆ ਕਿ ਉਸ ਦੇ ਚੁੱਲ੍ਹੇ ਉਪਰ ਲੋਹੇ ਦਾ ਤਵਾ ਪਿਆ ਹੈ। ਉਸ ਨੇ ਉਹ ਤਵਾ ਹੀ ਚੁੱਕ ਲਿਆ ਅਤੇ ਗਲੀ ਵਿੱਚ ਆ ਗਈ। ਜਦੋਂ ਮਹਾਰਾਜਾ ਉਸ ਦੇ ਨੇੜੇ ਆਇਆ ਤਾਂ ਮਾਈ ਨੇ ਆਪਣਾ ਤਵਾ ਮਹਾਰਾਜੇ ਨਾਲ ਰਗੜਨਾ ਸ਼ੁਰੂ ਕਰ ਦਿੱਤਾ। ਚਾਰ-ਚੁਫ਼ੇਰੇ ਰੌਲਾ ਪੈ ਗਿਆ। ਮਹਾਰਾਜੇ ਦੇ ਬਸਤਰ ਤਵੇ ਦੀ ਕਾਲਖ਼ ਨਾਲ ਕਾਲੇ ਹੋ ਗਏ। ਸਿਪਾਹੀਆਂ ਨੇ ਉਸੇ ਵੇਲੇ ਉਸ ਬੁੱਢੀ ਨੂੰ ਫੜ ਲਿਆ। ਲੋਕ ਸੋਚਣ ਲੱਗੇ ਕਿ ਹੁਣ ਇਸ ਬੁੱਢੜੀ ਨੂੰ ਸਖ਼ਤ ਸਜ਼ਾ ਮਿਲੇਗੀ। ਮਹਾਰਾਜਾ ਵੀ ਇਸ ਘਟਨਾ 'ਤੇ ਬੜਾ ਹੈਰਾਨ ਸੀ। ਸਿਪਾਹੀਆਂ ਨੇ ਜਦੋਂ ਉਸ ਬੁੱਢੀ ਨੂੰ ਮਹਾਰਾਜੇ ਸਾਹਮਣੇ ਪੇਸ਼ ਕੀਤਾ ਤਾਂ ਮਹਾਰਾਜੇ ਨੇ ਉਸ ਨੂੰ ਪੁੱਛਿਆ, "ਤੂੰ ਇਹ ਹਰਕਤ ਕਿਉਂ ਕੀਤੀ? ਤੂੰ ਆਪਣੇ ਕਾਲੇ ਤਵੇ ਨਾਲ ਮੇਰੇ ਕੱਪੜੇ ਕਿਉਂ ਖ਼ਰਾਬ ਕੀਤੇ ਹਨ?"

ਬੁੱਢੀ ਦਾ ਉੱਤਰ ਸੀ, "ਮਹਾਰਾਜ! ਮੈਂ ਤੁਹਾਡੇ ਕੱਪੜੇ ਤਾਂ ਖ਼ਰਾਬ ਨਹੀਂ ਕੀਤੇ। ਮੈਨੂੰ ਤਾਂ ਲੋਕਾਂ ਤੋਂ ਪਤਾ ਲੱਗਾ ਸੀ ਕਿ ਮਹਾਰਾਜਾ ਸਾਹਿਬ ਪਾਰਸ ਹਨ ਅਤੇ ਪਾਰਸ ਨਾਲ ਛੁਹਾਇਆ ਲੋਹਾ ਵੀ ਸੋਨਾ ਬਣ ਜਾਂਦਾ ਹੈ। ਮੈਂ ਤਾਂ ਆਪਣੇ ਲੋਹੇ ਦੇ ਤਵੇ ਨੂੰ ਸੋਨਾ ਬਣਾਉਣ ਲਈ ਆਪਣਾ ਤਵਾ ਤੁਹਾਨੂੰ ਛੁਹਾਇਆ ਸੀ।"

ਉਸ ਬੁੱਢੜੀ ਦਾ ਭੋਲਾ-ਭਾਲਾ ਉੱਤਰ ਸੁਣ ਕੇ ਮਹਾਰਾਜਾ ਬਹੁਤ ਖ਼ੁਸ਼ ਹੋਇਆ। ਮਹਾਰਾਜੇ ਨੇ ਸੇਵਾਦਾਰਾਂ ਨੂੰ ਕਿਹਾ ਕਿ ਇਸ ਨੂੰ ਤਵੇ ਦੇ ਭਾਰ ਬਰਾਬਰ ਸੋਨਾ ਦੇ ਦਿੱਤਾ ਜਾਵੇ।

*ਹਾਸ ਵਿਅੰਗ*

# ਅਜੋਕੀ ਗਾਇਕੀ

**ਭੁਪਿੰਦਰ ਸਿੰਘ**

"ਕੋਈ ਦਿਨ ਖੇਡ ਲੈ ... ਮੌਜਾਂ ਮਾਣ ਲੈ ... ਤੈਂ ਭੱਜ ਜਾਵਣਾ ਓ ਕੰਗਣਾ ਕੱਚ ਦਿਆ ...!"

ਗੀਤ-ਸੰਗੀਤ ਰੂਹ ਦੀ ਖੁਰਾਕ ਹੈ। ਜਦ ਸੰਗੀਤ ਦੀਆਂ ਧੁਨਾਂ ਕੰਨਾਂ ਦੇ ਤੰਤੂਆਂ ਵਿੱਚ ਕੰਪਨ ਪੈਦਾ ਕਰਦੀਆਂ ਹੋਈਆਂ ਦਿਮਾਗ਼ 'ਤੇ ਦਸਤਕ ਦੇਂਦੀਆਂ ਹਨ ਤਾਂ ਸਰੋਤਿਆਂ ਦਾ ਸਾਰਾ ਸਰੀਰ ਇਕਸਾਰ ਹੋ ਜਾਂਦਾ ਹੈ। ਰੂਹ ਖਿੜ ਉੱਠਦੀ ਹੈ ਅਤੇ ਅਨੰਦ ਵਿੱਚ ਝੂਮਣ ਲਗਦੀ ਹੈ। ਦਰਅਸਲ, ਸੰਗੀਤ ਇੱਕ ਜਾਦੂ ਹੈ। ਜੇਕਰ ਮੁਗ਼ਲ ਅਕਬਰ ਦੇ ਦਰਬਾਰ ਵਿੱਚ ਝਾਤ ਮਾਰੀਏ ਤਾਂ ਉਸ ਦੇ ਨੌਂ ਰਤਨਾਂ ਵਿੱਚੋਂ ਇੱਕ ਰਤਨ ਹੋਇਆ ਹੈ, ਤਾਨਸੇਨ। ਸੁਣਿਆ ਹੈ ਕਿ ਇਹ ਜਦ ਗਾਉਂਦਾ ਸੀ ਤਾਂ ਕਾਇਨਾਤ ਝੂਮ ਉੱਠਦੀ ਸੀ। ਇਸ ਦਾ ਦੀਪਕ ਰਾਗ਼ ਬੁਝੇ ਹੋਏ ਦੀਪਕ ਰੌਸ਼ਨ ਕਰ ਦੇਂਦਾ ਸੀ। ਇਸ ਦੇ ਹੀ ਸਮਕਾਲੀ ਇੱਕ ਬ੍ਰਾਮਣ ਭਗਤ ਸੂਰਦਾਸ ਦੇ ਅੰਤਰ-ਮਨ ਦੀ ਵੇਦਨਾ (ਪਰਮਾਤਮਾ ਨੂੰ ਪਾਉਣ ਦੀ ਇੱਛਾ) ਜਦੋਂ ਸੰਗੀਤ ਦੀਆਂ ਧੁਨਾਂ ਬਣ ਕੇ ਹਵਾ ਵਿੱਚ ਫੈਲਦੀ ਸੀ ਤਾਂ ਕੁਦਰਤ ਇਸ ਦੇ ਬੰਧਨ ਵਿੱਚ ਬੱਝ ਜਾਂਦੀ ਸੀ।

ਪਰ ਹੁਣ ਸਮਾਂ ਬੀਤਣ ਦੇ ਨਾਲ-ਨਾਲ ਗੀਤ-ਸੰਗੀਤ ਦੇ ਅਰਥ? ਵੀ ਬਦਲ ਚੁੱਕੇ ਹਨ। ਅੱਜ ਇਹ ਸਭ ਕੁਝ "ਗਾਇਕੀ" ਹੈ ਅਤੇ ਕਲਾਕਾਰ "ਗਾਇਕ"। ਪਰ ਜੇਕਰ ਗੌਰ ਨਾਲ ਵੇਖੀਏ ਤਾਂ ਇਹ ਗਾਇਕੀ ਘੱਟ ਅਤੇ "ਨੱਠ-ਭੱਜ" ਜ਼ਿਆਦਾ ਲਗਦੀ ਹੈ। "ਧਕ-ਧਕ", ... ਹੋਏ-ਹੋਏ" ਕਰਕੇ ਪੈਸਾ ਬਣਾਉਣ ਦਾ ਇਕ ਸਾਧਨ। ਜ਼ਿਕਰ ਯੋਗ ਹੈ ਕਿ ਚੰਗਾ ਗਾਉਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ। ਜਿਨ੍ਹਾਂ ਪੰਜਾਬ ਅਤੇ ਪੰਜਾਬੀਅਤ ਦਾ ਨਾਂ ਰੌਸ਼ਨ ਕੀਤਾ ਹੈ। ਦੇਸਾਂ-ਵਿਦੇਸਾਂ ਵਿੱਚ ਬੜਾ ਨਾਮ ਕਮਾਇਆ ਅਤੇ ਉਪਾਧੀਆਂ ਹਾਸਲ ਕੀਤੀਆਂ ਹਨ।

"ਹਾੜ੍ਹੀ ਵੇਚ ਕੇ ਬਣਾ ਲਏ ਛੈਣੇ,
ਜੱਟਾਂ ਦਾ ਮੁੰਡਾ ਗਾਉਣ ਲੱਗਿਆ।"

ਗੱਲ ਇੱਥੇ ਹੀ ਮੁੱਕ ਜਾਂਦੀ ਤਾਂ ਠੀਕ ਸੀ, ਪਰ ਸਾਡੇ "ਘੁੱਦੂ ਸ਼ਾਹ" ਨੂੰ ਵੀ ਇਸ ਬੁਖ਼ਾਰ ਨੇ ਡੱਸ ਲਿਆ ਸ਼ਾਹ ਹੋਰਾਂ ਸਿਰ ਦੇ ਵਾਲ਼ਾਂ ਨੂੰ ਜੈੱਲ-ਸ਼ੈੱਲ ਲਾ ਕੇ ਅੱਧ-ਵੱਡੀ ਕਾਹ ਵਰਗੇ ਕਰ ਲਏ। ਫਰੈਂਚ-ਕੱਟ ਦਾੜ੍ਹੀ, ਦਸ ਉਂਗਲ਼ਾਂ ਵਿੱਚ ਬਾਰਾਂ ਛੱਲੇ ਤੇ ਗਲ਼ ਵਿੱਚ ਮੋਟੀ ਜਿਹੀ ਸੋਨੇ ਦੀ ਚੇਨ ਪਾ ਕੇ ਸ਼ਾਹ ਹੋਰੀਂ ਹੁਣ ਨਿਰੇ-ਪੁਰੇ "ਗਾਇਕ" ਲੱਗਣ ਲੱਗ ਪਏ। ਇਹ ਚਮਤਕਾਰ ਤਾਂ ਹੋਇਆ, ਕਿ ਬਾਪੂ ਨੂੰ "ਬਲੈਕ-ਮੇਲ" ਕਰਕੇ, ਧਮਕੀਆਂ ਦੇ ਕੇ ਨਿਆਈਂ ਵਾਲ਼ਾ ਕਿੱਲਾ ਗਹਿਣੇ ਕਰਾ ਛੱਡਿਆ। ... ਤੇ ਸੰਗੀਤ ਦਾ ਸਾਰਾ ਸਾਜ਼ੋ-ਸਮਾਨ ਲੈ ਆਂਦਾ। ਹੁਣ ਕਿਸੇ "ਸਿਆਣੇ" ਨੇ ਦੱਸ ਪਾਈ ਬਈ ਗਾਉਣ ਲਈ, ਰਿਆਜ਼ ਕਰਨਾ ਜ਼ਰੂਰੀ ਹੈ। ਸ਼ਾਹ ਹੋਰਾਂ ਰੋਜ਼ ਸਵੇਰੇ-ਸ਼ਾਮ ਰਿਆਜ਼ ਦੇ ਬਹਾਨੇ ਗੁਆਂਢੀਆਂ ਦਾ ਜਿਉਣਾ ਹਰਾਮ ਕਰ ਛੱਡਿਆ। ਕਿਸੇ ਹੋਰ ਗਾਇਕ ਦੇ ਗਾਏ ਗਾਣੇ ਦੀ ਤਰਜ਼ ਗਾਉਂਦੇ:

"ਚੱਕ ਲਊ ... ਦੁਨਾਲ਼ੀਆਂ-ਰਫ਼ਲਾਂ ...
ਬਈ ... ਕਬਜ਼ਾ ਲੈਣਾ ਐਂ।"
"ਗੱਡੀ-ਨੱਡੀ ... ਹਰ ਕੋਈ ਮਿੱਤਰੋ ...
ਸੋਹਣੀ ਚਾਹੁੰਦਾ ਏ।"
"ਕਾਲਜ 'ਚ ਕੁੰਡੀਆਂ ਦੇ ...
ਕੁੰਡ ਫਸ ਗਏ ...!"
"ਪਹਿਲਾ ਪੈੱਗ ਲਾ ਕੇ ...
ਤੇਰੀ ਬਾਂਹ ਫੜਨੀ ...!"

ਤਾਂ ਨਾਲ ਦਾ ਗੁਆਂਢੀ ਸਵੇਰੇ-ਸਵੇਰੇ ਸਿਰ੍ਹਾਣੇ ਵਿਚੋਂ ਮੂੰਹ ਬਾਹਰ ਕੱਢ ਕੇ ਟਿੱਪਣੀ ਕਰਦਾ "ਆਹ ... ਘੁੱਦੂ ... ਪਾਗਲ ਹੋ ਗਿਆ ਯਾਰ!" ਦੂਸਰੀ ਗੁਆਂਢਣ ਗੁੱਸੇ ਵਿਚ ਆਖ ਦੇਂਦੀ, "ਮੌਤ-ਪੈਣਾ ...!! ... ਸਵੱਖ਼ਤੇ ... ਨਿਆਣੇ 'ਠਾਲ਼ ਛੱਡਦਾ ... ਮੇਰੇ ਭਾਅ ਦਾ ਸਿਆਪਾ!"

ਗੱਲ ਇੱਥੇ ਹੀ ਮੁੱਕ ਜਾਂਦੀ ਤਾਂ ਠੀਕ ਸੀ, ... ਪਰ ਹੁਣ ਸ਼ਾਹ ਹੋਰਾਂ ਦੀ ਦੂਜੀ ਅੱਖ ਖੁੱਲ੍ਹੀ ਕਿ "ਐਲਬਮ" ਕੱਢੀ ਜਾਵੇ। ਸ਼ਾਹ ਜੀ "ਪਬਲੀਸਿਟੀ" ਬਾਰੇ ਅਖ਼ਬਾਰਾਂ ਵਿਚ ਪੜ੍ਹ ਚੁੱਕੇ ਸਨ। ਪਰ ਇਸ ਵਿੱਚ ਕਈ ਮੁਸ਼ਕਲਾਂ ਸਨ। ਜਿਨ੍ਹਾਂ ਵਿੱਚੋਂ ਮੁੱਖ ਸਨ ਪੈਸਾ, ਸਮੱਗਰੀ ਅਤੇ ਸਭ ਤੋਂ ਜ਼ਰੂਰੀ "ਕੰਟੈਕਟਸ"। ਪੈਸੇ ਲਈ ਤਾਂ ਬਾਪੂ ਦੇ ਸੰਘੇ ਵਿੱਚ ਫਿਰ ਅੰਗੂਠਾ ਆ ਗਿਆ। ਜੋ ਕਿੱਲਾ ਗਹਿਣੇ ਪਿਆ ਸੀ, ਉਹ ਬੈ ਕਰਾ ਛੱਡਿਆ। ਔਖੇ-ਸੌਖੇ ਸਮੱਗਰੀ ਵੀ ਲਿਖ-ਲਿਖਾ ਲਈ ਗਈ। ਬਾਕੀ ਬਚੀ ਗੱਲ ਕਿਸੇ ਚੰਗੀ ਰਿਕਾਡਿੰਗ ਕੰਪਨੀ ਦੀ, ਉਹ ਵੀ ਲੱਭ ਹੀ ਗਈ ... "ਘੈਮ-ਭੱਸ ਰਿਕਾਡਸ"। ਸ਼ਾਹ ਹੋਰਾਂ ਆਪਣੀ ਕੈਸਟ ਦਾ ਨਾਂ ਰੱਖਿਆ, "ਉਂਜ ਤਾਂ ਪੰਜਾਹ ਕਿੱਲੇ ... ਐ!" ਪਹਿਲਾਂ-ਪਹਿਲਾਂ ਸ਼ਾਹ ਹੋਰਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਡਾਇਰੈਕਟਰ ਸਾਬ੍ਹ ਤੋਂ ਬੁਰਾ-ਭਲਾ ਵੀ ਸੁਣਨਾ ਪਿਆ। ਭਾਵਨਾ ਤੋਂ ਅਣਜਾਣ ਆਪ ਨੇ ਖੁਸ਼ੀਆਂ ਭਰੇ ਗੀਤ ਵੀ "ਲਟਕੇ" ਹੋਏ ਚਿਹਰੇ ਨਾਲ ਹੀ ਗਾ ਛੱਡੇ। ਭੰਗੜੇ ਵਿੱਚ ਆਪ ਦਾ ਹੱਥ ਤੰਗ ਹੋਣ ਕਰਕੇ ਆਪ ਨੂੰ ਡਾਇਰੈਕਟਰ ਸਾਬ੍ਹ ਵੱਲੋਂ ਹਦਾਇਤ ਮਿਲੀ ਕਿ ਆਪ ਸਾਰੇ ਭੰਗੜੇ ਵਾਲੇ ਗਾਣੇ ਕੁਰਸੀ 'ਤੇ ਬੈਠ ਕੇ ਕਰੋਗੇ। ਫਿਰ ਕੀ ਸੀ, ਸ਼ਾਹ ਜੀ ਕਦੀ ਕੁਰਸੀ ਉੱਤੇ, ਕਦੀ ਅੱਗੇ, ਕਦੀ ਪਿੱਛੇ। ਬੱਸ, ਕੁਰਸੀ ਸਿਰ ਤੱਕ ਨਾ ਪਹੁੰਚ ਸਕੀ, ਕਿਉਂਕਿ ਐਕਸ਼ਨ ਹੀ ਏਨੇ ਸਨ ਕਿ ਤਦ ਤੱਕ ਗਾਣਾ ਹੀ ਖਤਮ ਹੋ ਜਾਂਦਾ ਸੀ। ਖ਼ੈਰ! ... ਰਿਕਾਡਿੰਗ ਮੁਕੰਮਲ ਹੋਈ। ਐਲਬਮ ਰਿਲੀਜ਼ ਕਰਨ ਦਾ ਵਕਤ ਆਇਆ ਤਾਂ ਡਾਇਰੈਕਰ ਸਾਬ੍ਹ ਹੋਰੀਂ ਪੰਜਾਲ਼ੀ ਸੁੱਟ ਬੈਠੇ, ਅਖੇ "ਬਈ ... ਫੀਸ ਹੋਰ ਲੱਗੂ, ... ਮਹੂਰਤ ਫੀਸ!"

"ਕਿਤੇ 'ਕੱਲੀ ਬਹਿ ਕੇ ਸੋਚੀਂ ਨੀ ...
ਅਸੀਂ ਕੀ ਨਹੀਂ ਕੀਤਾ ਤੇਰੇ ਲਈ?"



ਪੈ ਗਈ ਭਸੂੜੀ। ਸ਼ਾਹ ਜੀ ਦੀ "ਸਰਗਮ" ਬਦਲ ਗਈ ਅਤੇ ਕੰਨਾਂ ਵਿੱਚੋਂ "ਝਾਂ-ਝਾਂ" ਦੀਆਂ ਆਵਾਜ਼ ਬਣਕੇ ਬਾਹਰ ਆਉਣ ਲੱਗੀ। ਪਰ ਸ਼ਾਹ ਜੀ ਦੀ ਮਿਹਨਤ ਅਤੇ ਲਗਨ ਨੇ ਬਾਪੂ ਦਾ ਮੰਜਾ ਇਕ ਵਾਰ ਫਿਰ ਘੜੀਸਿਆ ... ਤੇ ਗੱਲ ਬਣ ਗਈ। ਐਲਬਮ ਰਿਲੀਜ਼ ਹੋ ਕੇ ਮਾਰਕੀਟ ਵਿੱਚ ਆਈ ਤਾਂ ਸ਼ਾਹ ਜੀ ਨੇ ਬੱਲੇ-ਬੱਲੇ ਕਰਾ ਛੱਡੀ।

ਸ਼ਾਹ ਜੀ ਦੇ ਗਾਣਿਆਂ ਵਿੱਚ ਲੜਾਈ-ਝਗੜੇ ਦਾ ਸਾਮਾਨ ਜਿਵੇਂ, ... ਛਵ੍ਹੀਆਂ, ਟਕੂਏ, ਗੋਲ਼ੀ-ਸਿੱਕਾ, ਬਾਰੂਦ ਅਤੇ ਵੱਢ-ਵਢਾਂਗੇ ਦਾ ਜ਼ਿਕਰ ਬਹੁਤ ਸੁਣਨ ਨੂੰ ਮਿਲਿਆ। ਕਈ ਭੈੜੇ ਨਸ਼ਿਆਂ ਦਾ ਵੀ ਬਹੁਤ ਖੁੱਲਾ ਪ੍ਰਦਰਸ਼ਨ ਤੇ ਪ੍ਰਚਾਰ ਕੀਤਾ ਗਿਆ ਦਿਖਾਈ ਦਿੱਤਾ। ਧੀਆਂ-ਭੈਣਾਂ ਦੀ ਇੱਜ਼ਤ ਆਪ ਨੇ ਸਰੋਤਿਆਂ ਦੇ ਪੈਰਾਂ ਵਿੱਚ ਰੋਲ਼ ਛੱਡੀ। ਪੰਜਾਬ ਦੀ ਜਾਈ ਉਸ ਹਰ ਧੀ ਨੂੰ ਸੋਚਾਂ ਵਿੱਚ ਪਾ ਦਿੱਤਾ, ਜਿਸ ਦਾ ਰੰਗ-ਰੂਪ ਬਹੁਤਾ ਸੋਹਣਾ ਨਹੀਂ ਹੈ। ਉਹ ਸ਼ੀਸ਼ੇ ਮੂਹਰੇ ਬੈਠ ਕੇ ... ਆਪਣੇ ਰੱਬ, ... ਮਾਪਿਆਂ ... ਤੇ ... ਆਪਣੇ ਸਿਆਹ ਰੰਗ ਨੂੰ ਕੋਸਣ ਲੱਗੀ। ... ਪਰ, ਹੁਣ ਉਹ ਇੰਤਜ਼ਾਰ ਕਰਦੀ ਹੈ ਉਸ ਗਾਇਕ "ਵੀਰ" ਦਾ ਜਿਹੜਾ ਉਸ ਦੇ ਇਸ ਅੰਤਰ-ਮਨ ਦੀ ਪੀੜ ਨੂੰ ਮਨਫ਼ੀ ਕਰੇਗਾ।

ਗੱਲ ਇੱਥੇ ਹੀ ਮੁੱਕ ਜਾਂਦੀ ਤਾਂ ਠੀਕ ਸੀ ... ਪਰ ਸ਼ਾਹ ਜੀ ਦਾ "ਡਾਂਗ-ਸੋਟਾ" ਕਹਿ-ਕੁਹਾ ਕੇ ਹੁਣ ਰੇਡੀਉ, ਟੀ.ਵੀ ਅਤੇ ਇੰਟਰਨੈੱਟ ਤੇ ਵੀ ਖੜਕਣ ਲੱਗਾ। ਆਪਣੇ ਸਰੋਤਿਆਂ ਦੀ ਬਹੁਤ ਵਾਹ-ਵਾਹ ਖੱਟੀ। ਟੀ.ਵੀ ਉੱਤੇ ਨਵੀਆਂ-ਨਵੀਆਂ ਮਾਡਲਾਂ ਨਾਲ "ਘਸ-ਘਸ" ਕੇ ਡਾਂਸ ਕਰਨਾ ... ਨਵੀਂ ਪੀੜ੍ਹੀ ਨੂੰ ਭਾਅ ਗਿਆ। ... ਕਿਸੇ ਘਰ ਵਿੱਚ ਦੋ ਪਿਉ-ਪੁੱਤਰਾਂ ਦੀ ਲੜਾਈ ਹੋ ਗਈ। ਚੰਗੀ ਖੱਪ ਪੈ ਰਹੀ ਸੀ। ਪਿਤਾ ਸ੍ਰੀ ਨੇ ਗੁੱਸੇ ਵਿੱਚ ਆ ਕੇ ਟੀ.ਵੀ ਭੰਨ ਸੁਟਿਆ। ਪਤਾ ਚੱਲਿਆ ਕਿ ਪੁੱਤਰ "ਘੁੱਦੇ" ਦਾ ਧੂਮ-ਧੜੱਕਾ ਸੁਣਨ ਦੀ ਜ਼ਿੱਦ ਕਰ ਰਿਹਾ ਸੀ ਤੇ ਪਿਉ ਦੀ ਸੂਈ "ਭਜਨ" 'ਤੇ ਅਟਕੀ ਹੋਈ ਸੀ।

ਕਿਸੇ ਇੰਟਰਵਿਊ ਵਿੱਚ, "ਸ਼ਾਹ ਜੀ ਆਪਣੇ ਤੇ ਆਪਣੀ ਪਲੇਠੀ ਐਲਬਮ ਬਾਰੇ ਦੋ ਸ਼ਬਦ ਕਹੋ?" ਦੇ ਉੱਤਰ ਵਿੱਚ ਸ਼ਾਹ ਜੀ ਬੋਲੇ, "ਮੈਂ ਜੀ ਬਸ, ... ਜਿਵੇਂ ਸਰੋਤੇ ਜਾਣਦੇ ਹਨ ... ਮੇਰਾ ਨਾਂ ਘੁੱਦਾ-ਸ਼ਾਹ ਹੈ ... ਮੈਨੂੰ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ ... ਤੇ ਉਸ "ਮਿਹਨਤ ਤੇ ਲਗਨ" ਅਤੇ ਫ਼ਾਦਰ ਸਾਬ੍ਹ ਹੋਰਾਂ ਦੀ ਪ੍ਰੇਰਨਾ (ਪੀੜ) ਦਾ ਨਤੀਜਾ ਆਪਦੇ ਸਾਹਮਣੇ ਹੈ, ... ਮੇਰੀ ਪਹਿਲੀ ਐਲਬਮ "ਉਂਜ ਤਾਂ ਪੰਜਾਹ ਕਿੱਲੇ ਐ" ... (ਬਸ ...ਵਿਕਿਆ ਤਾਂ ਇੱਕ ਈ ਐ!) ਇਸ ਨੂੰ ਆਪ ਸਰੋਤਿਆਂ ਨੇ ਬੜਾ ਪਿਆਰ ਦਿੱਤਾ ਹੈ।

"ਆਪਦੇ ਸੰਗੀਤਕ-ਗੁਰੂ?"

"ਨਹੀਂ ਜੀ ... ਮੈਂ ਦਰਅਸਲ ਟੀ.ਵੀ, ਟੇਪ-ਰਿਕਾਟਾਂ ਅਤੇ ਹੋਰ ਇਸ ਕਿਸਮ ਦੇ ਸੰਗੀਤ ਤੋਂ ਬਹੁਤ ਸਿੱਖਿਆ ਹੈ।"

"ਕੁਝ ਰਾਗਾਂ ਬਾਰੇ ਦੱਸੋ? ਤੁਹਾਨੂੰ ਕਿਹੜਾ ਰਾਗ ਸੱਭ ਤੋਂ ਜ਼ਿਆਦਾ ਪਸੰਦ ਹੈ?"

ਹੁਣ ਸ਼ਾਹ ਜੀ ਹੋਰਾਂ ਦੀ "ਮੱਝ ਖੁੱਲ੍ਹ ਜਾਂਦੀ ਹੈ।"

"... ਜੀ ... ਰਾਗ? ... ਰਾਗ ਤਾਂ ਜੀ ਸਾਰੇ ਵਧੀਆ ਨੇ ਜੀ ... (ਹੱਸ ਕੇ) ... ਜਿਹੜੇ ਵਿੱਚ ਮਰਜ਼ੀ ਗਾ ਲਉ।"

ਖ਼ੈਰ ਗੱਲ ਇੱਥੇ ਹੀ ਮੁੱਕ ਜਾਂਦੀ ਤਾਂ ਠੀਕ ਸੀ... ਪਰ, "ਫਲਾਣੇ ਗਾਇਕ ਨੇ ਲੁੱਟਿਆ ... ਕਨੇਡਾ ਦੇ ਸਰੋਤਿਆਂ ਦਾ ਦਿਲ।"

ਇਕ ਅਖ਼ਬਾਰ ਵਿੱਚ ਛਪੀ ਇਸ ਖ਼ਬਰ ਨੇ ਸ਼ਾਹ ਜੀ ਹੋਰਾਂ ਦੇ ਦਿਲ ਵਿੱਚ ਇਕ ਨਵਾਂ "ਖੁੰਡਾ ਫੇਰ ਦਿੱਤਾ"। ਸ਼ਾਹ ਜੀ ਦੀ ਤੀਸਰੀ ਅੱਖ ਖੁੱਲ੍ਹੀ ... ਤੇ ਆਇਆ ਬਾਹਰਲੇ ਮੁਲਕਾਂ ਦੀਆਂ ਸਟੇਜਾਂ ਉੱਤੇ ਧੁੰਮਾਂ ਪਾਉਣ ਦਾ ਖਿਆਲ। ਆਪ ਨੇ ਚਾਰ-ਪੰਜ ਮੁੰਡਿਆਂ ਨੂੰ ਨਾਲ ਲੈ ਕੇ ਇਕ "ਖਾਂਦਾ-ਪੀਂਦਾ" ਆਰਕੈਸਟਰਾ ਤਿਆਰ ਕੀਤਾ। ਪਾਸਪੋਰਟਾਂ 'ਤੇ ਠੱਪੇ ਲਗਵਾ ਕੇ ਪਹਿਲੀ ਉਡਾਰੀ ਦੁਬਈ ਵੱਲ ਮਾਰ ਲਈ। ... ਬੱਸ ਫੇਰ ਕੀ ਸੀ ... ਅੱਜ ਇੰਗਲੈਂਡ ਤੇ ਕੱਲ੍ਹ ਅਮਰੀਕਾ। ਡਾਲਰਾਂ ਤੇ ਪਾਉਂਡਾਂ ਦੀ ਵਰਖਾ ਵਿੱਚ ਗੜੁੱਚ ਸ਼ਾਹ ਜੀ ਫੁੱਲੇ ਨਾ ਸਮਾਉਣ। ਇਸ "ਵੇਲ ਨੂੰ ਵਧਦਿਆਂ" ਵੇਖ ਕੇ ਆਪ ਨੂੰ ਵੱਡੇ-ਵੱਡੇ ਪ੍ਰੋਗਰਾਮਾਂ, ਵਿਆਹਾਂ-ਸ਼ਾਦੀਆਂ ਤੇ ਇੱਥੋਂ ਤੱਕ ਕੇ ਫ਼ਿਲਮ-ਇੰਡਸਟਰੀ ਤੋਂ ਵੀ ਟੈਲੀਫੋਨ ਕਾਲਾਂ ਆਉਣ ਲੱਗੀਆਂ।

"ਮੈਨੂੰ ਚੱਟ ਲੈ ਤਲ਼ੀ ਦੇ ਉੱਤੇ ਧਰ ਕੇ
... ਵੇ ਮਿੱਤਰਾ ਮੈਂ ਖੰਡ ਬਣ ਗਈ!"

ਮਾੜੀ ਕਿਸਮਤ, ਅਚਾਨਕ ਇੱਕ ਦਿਨ ਉਸ ਪੁਰਾਣੇ ਮਿੱਤਰ ਏਜੰਟ (ਕਬੂਤਰ-ਬਾਜ਼) ਦੀ ਕਾਲ ਆਈ, "ਸ਼ਾਹ ਜੀ! ਮੇਰੇ ਚਾਰ "ਬੰਦੇ" ਕਨੇਡਾ ਛੱਡ ਦਿਉ, ... ਤੇ ਦਸ-ਦਸ ਲੱਖ ... ਪਰ ਹੈੱਡ ਤੁਹਾਡਾ। ... ਤੁਹਾਡੀ ਸਿਰਫ਼ 'ਹਾਂ' ਤੇ ਬਾਕੀ ਕੰਮ ਮੇਰਾ।" ਪਹਿਲਾਂ ਤਾਂ ਸ਼ਾਹ ਜੀ ਹੋਰਾਂ ਨਾਂਹ-ਨੁੱਕਰ ਜਿਹੀ ਕੀਤੀ, ਪਰ ਹਰੇ-ਹਰੇ ਨੋਟਾਂ ਨੇ "ਹਾਂ" ਕਢਵਾ ਹੀ ਲਈ। ਇਕ ਵਾਰ ਸਿਲਸਿਲਾ ਸ਼ੁਰੂ ਹੋਇਆ ... ਬਸ ਫੇਰ ਸ਼ਾਹ ਜੀ ਹੋਰੀਂ ਆਏ ਮਹੀਨੇ ... ਦੋ-ਚਾਰ ਕਬੂਤਰਾਂ ਨੂੰ ਲੈ ਕੇ ਕਦੀ ਅਮਰੀਕਾ, ਕਦੀ ਕਨੇਡਾ, ਆਸਟਰੇਲੀਆ ਤੇ ਕਦੇ ਇੰਗਲੈਂਡ। ਸ਼ਾਹ ਜੀ ਦੀ ਚਾਂਦੀ ਹੀ ਚਾਂਦੀ। ਪਰ ਜਿਵੇਂ ਸਿਆਣੇ ਕਹਿੰਦੇ ਨੇ, ... ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ। ਬਸ ਹੋਇਆ ਉਹੀ, ਜੋ ਹੋਣਾ ਸੀ। ਦਿੱਲੀ ਦੇ ਹਵਾਈ ਅੱਡੇ 'ਤੇ ਸ਼ਾਹ ਜੀ ਪੰਜ ਬੰਦਿਆਂ, ਕੁਝ ਜਾਅਲੀ ਦਸਤਾਵੇਜ਼ਾਂ ਅਤੇ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਆ ਗਏ ਤੇ ਪਹੁੰਚ ਗਏ ਸਿੱਧੇ ਤਿਹਾੜ ਜੇਲ੍ਹ। ਕਈ ਦਿਨਾਂ ਤੱਕ ਸ਼ਾਹ ਜੀ ਦਾ "ਖਾਂਦਾ-ਪੀਂਦਾ" ਆਰਕੈਸਟਰਾ ਤਿਹਾੜ ਜੇਲ੍ਹ ਵਿੱਚ ਵੱਜਦਾ ਸੁਣਾਈ ਦਿੱਤਾ।

ਗੱਲ ਅਜੇ ਮੁਕਦੀ ਨਹੀਂ। ਕਿਉਂਕਿ ਅਜੋਕੀ ਗਾਇਕੀ ਮਹਿਜ਼ ਪੈਸੇ ਤੇ ਮਨੋਰੰਜਨ ਦਾ ਇਕ ਸਾਧਨ ਹੈ। ਇਸ ਦੀ ਕੁੱਖ ਵਿੱਚ ਹੋਰ ਕੋਈ ਗੁਣ ਨਹੀਂ ਜਾਪਦਾ। ਸਗੋਂ ਇਸ ਕੋਲ ਵੰਡਣ ਲਈ ਔਗੁਣ ਹੀ ਔਗੁਣ ਹਨ। ਇਹ ਸਮਾਜ ਵਿੱਚ ਫੈਲੀਆਂ ਕਰੋੜਾਂ ਬੁਰਾਈਆਂ ਤੇ ਅਸਮਾਨਤਾਵਾਂ ਤੇ ਚੋਟ ਕਰਨ ਦੀ ਮੁਦਈ ਕਿਸੇ ਪਾਸਿਉਂ ਵੀ ਨਹੀਂ ਲਗਦੀ। ਇਹ ਪੰਜਾਬ ਵਿੱਚ ਫੈਲੇ ਭ੍ਰਿਸ਼ਟਾਚਾਰ (ਜਿਸ ਕਾਰਣ ਮਹਿੰਗਾਈ ਵਧੀ), ਬੇਰੁਜ਼ਗਾਰੀ (ਜਿਸ ਕਾਰਣ ਪੰਜਾਬ ਅੱਜ ਪੰਜਾਬ ਨਹੀਂ, ਸਗੋਂ ਬਿਹਾਰ ਲਗਦਾ ਹੈ), ਨਸ਼ਿਆਂ (ਜਿਸ ਕਾਰਣ ਪੰਜਾਬ ਦੇ ਉੱਚੇ-ਲੰਮੇ ਤੇ ਸੋਹਣੇ ਗੱਭਰੂ ਨੇ ਆਪਣੀ ਹੋਂਦ ਗਵਾ ਲਈ ਹੈ), ਦਹੇਜ-ਪ੍ਰਥਾ (ਜੋ ਧੀਆਂ ਦੀ ਬਲੀ ਮੰਗਦਾ ਹੈ) ਅਤੇ ਹੋਰ ਅਨੇਕਾਂ ਬਿਮਾਰੀਆਂ ਨੂੰ ਨਜ਼ਰ-ਅੰਦਾਜ਼ ਕਰਦੀ ਹੈ ਅਤੇ ਇਸ ਵਿੱਚ ਕੋਈ ਦਰਸ਼ਨ ਨਹੀਂ ਹੈ।

ਪੰਜਾਬੀ ਗਾਇਕ ਇੱਕ ਕਿਸਮ ਦੀ ਕਾਹਲ਼ੀ ਵਿੱਚ ਲਗਦਾ ਹੈ। ਇਹ ਭੁੱਲ ਚੁੱਕਾ ਹੈ ਕਿ ਅਵਾਜ਼ ਬੁਲੰਦ ਕਰਨ ਵਾਲਾ ਵਿਅਕਤੀ ਇੱਕ ਪੈਗ਼ੰਬਰ ਹੁੰਦਾ ਹੈ, ਜੋ ਲੋਕਾਈ ਨੂੰ ਕੋਈ ਸੁਹਿਰਦ ਸੁਨੇਹਾ ਦੇਂਦਾ ਹੈ ਜਾਂ ਫਿਰ ਵਰਤ ਰਹੀ ਹੋਣੀ ਕੀ ਭਾਣਾ ਵਰਤਾਵੇਗੀ, ਤੋਂ ਖ਼ਬਰਦਾਰ ਕਰਦਾ ਹੈ। ਉਹ ਇੱਕ ਗਿਆਨੀ ਹੈ, ਜਿਸ ਦੀਆਂ ਹਜ਼ਾਰਾਂ ਹੀ ਜਿੰਮੇਵਾਰੀਆਂ ਹਨ। ਉਸ ਦੇ ਮੂੰਹ ਵਿੱਚੋਂ ਨਿਕਲਿਆ ਹਰ ਬੋਲ ਸਮਾਜ ਵਿੱਚ ਕੋਈ ਨਾ ਕੋਈ ਨਵਾਂ ਰੰਗ ਭਰੇਗਾ। ਇਸ ਲਈ ਅਖ਼ੀਰ ਵਿੱਚ ਸ਼ਾਹ ਜੀ ਹੋਰਾਂ ਨੂੰ ਅਪੀਲ ਹੈ ਕਿ ਵੀਰ ਜੀ ਆਉ ... "ਭੇਡ-ਚਾਲ" ਤੋੜ ਕੇ ਕੁਝ ਚੰਗਾ ਗਾਈਏ। ਕੁਝ ਨਵਾਂ ਸਿਰਜੀਏ।

## ਬਾਦਲਾਂ ਉਡਣ ਖਟੋਲਾ ਖੁੱਸ ਜਾਣ ਬਾਅਦ ਹੁਣ ਭਾਂਅ ਭਾਂਅ ਕਰਦੈ ਕਾਲਝਰਾਨੀ ਦਾ ਹੈਲੀਪੈਡ

**ਬਠਿੰਡਾ/ਬਿਊਰੋ ਨਿਊਜ਼:** ਕਾਲਝਰਾਨੀ ਦਾ ਹੈਲੀਪੈਡ ਸੁੰਨਾ ਪਿਆ ਹੈ। ਸੜਕਾਂ ਭਾਂਅ-ਭਾਂਅ ਕਰਦੀਆਂ ਹਨ, ਨਾ ਕਿਧਰੇ ਹੂਟਰ ਵਜਦੇ ਹਨ ਅਤੇ ਨਾ ਹੀ ਬਾਦਲ ਪਿੰਡ ਵਾਲੀ ਜਰਨੈਲੀ ਸੜਕ 'ਤੇ ਭੀੜਾਂ ਦਿਖਦੀਆਂ ਹਨ। ਹਕੂਮਤ ਬਦਲਣ ਦੇ ਇੱਕ ਵਰ੍ਹੇ ਮਗਰੋਂ ਵੀ ਪਿੰਡ ਬਾਦਲ ਨੂੰ ਜਾਂਦੀ ਸੜਕ ਹੁੰਗਾਰੇ ਨਹੀਂ ਭਰਨ ਲੱਗੀ। ਉਂਜ ਨਵੀਂ ਹਕੂਮਤ ਨੇ ਬਾਦਲਾਂ ਦੀ ਸਹੂਲਤ ਲਈ ਹੈਲੀਪੈਡ ਦੀ ਚਮਕ-ਦਮਕ ਕਾਇਮ ਰੱਖੀ ਹੋਈ ਹੈ। ਬਠਿੰਡਾ ਪੁਲੀਸ ਦੇ ਤਿੰਨ ਮੁਲਾਜ਼ਮ ਸੁੰਨੇ ਪਏ ਹੈਲੀਪੈਡ ਦੀ ਪਹਿਰੇਦਾਰੀ ਕਰ ਰਹੇ ਹਨ ਜਿਨ੍ਹਾਂ ਦਾ ਇੰਚਾਰਜ ਹੌਲਦਾਰ ਪਰਮਿੰਦਰ ਸਿੰਘ ਹੈ। ਅਕਾਲੀ ਵਜ਼ਾਰਤ ਸਮੇਂ ਕਾਲਝਰਾਨੀ ਹੈਲੀਪੈਡ 'ਤੇ ਪੂਰੀ ਗਾਰਦ ਲੱਗੀ ਹੋਈ ਸੀ। ਕੈਪਟਨ ਹਕੂਮਤ ਨੇ ਕੁਝ ਮੁਲਾਜ਼ਮ ਤਾਂ ਵਾਪਸ ਬੁਲਾ ਲਏ ਸਨ ਪ੍ਰੰਤੂ ਬਾਦਲ ਪਰਿਵਾਰ ਦੀ ਸਹੂਲਤ ਲਈ ਹਾਲੇ ਵੀ ਕੁਝ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਹੋਇਆ ਹੈ। ਪਿੰਡ ਕਾਲਝਰਾਨੀ ਦੇ ਲੋਕਾਂ ਮੁਤਾਬਕ ਹੁਣ ਇਥੇ ਕਦੇ ਹੈਲੀਕਾਪਟਰ ਨਹੀਂ ਉਤਰਿਆ ਹੈ। ਉਨ੍ਹਾਂ ਦੱਸਿਆ ਕਿ ਕਾਂਗਰਸ ਸਰਕਾਰ ਬਣਨ ਮਗਰੋਂ ਇੱਕ-ਦੋ ਵਾਰ ਔਰਬਿਟ ਕੰਪਨੀ ਦਾ ਹੈਲੀਕਾਪਟਰ ਜ਼ਰੂਰ ਉਤਰਿਆ ਸੀ ਪ੍ਰੰਤੂ ਹੁਣ ਲੰਮੇ ਅਰਸੇ ਤੋਂ ਸੁੰਨ ਵਰਤੀ ਹੋਈ ਹੈ। ਹੈਲੀਪੈਡ ਦੇ ਨੇੜਲੀ ਮਾਰਕੀਟ ਦੇ ਦੁਕਾਨਦਾਰਾਂ ਨੇ ਦੱਸਿਆ ਕਿ ਗੱਠਜੋੜ ਸਰਕਾਰ ਦੇ 10 ਵਰ੍ਹਿਆਂ ਦੌਰਾਨ ਹੈਲੀਪੈਡ ਵਾਲੀ ਥਾਂ 'ਤੇ ਮੇਲਾ ਹੀ ਲੱਗਦਾ ਰਹਿੰਦਾ ਸੀ। ਪੁਲੀਸ ਅਜੇ ਵੀ ਤਾਇਨਾਤ ਕਰਨ ਬਾਰੇ ਥਾਣਾ ਨੰਦਗੜ੍ਹ ਦੇ ਮੁੱਖ ਥਾਣਾ ਅਫ਼ਸਰ ਪਰਮਿੰਦਰ ਸਿੰਘ ਦੀ ਦਲੀਲ ਸੀ ਕਿ ਕਾਲਝਰਾਨੀ ਪਿੰਡ ਕੋਲ ਜ਼ਿਲ੍ਹੇ ਦੀ ਸੀਮਾ ਪੈਂਦੀ ਹੈ ਜਿਸ ਕਰਕੇ ਸੁਰੱਖਿਆ ਦੀ ਨਜ਼ਰ ਤੋਂ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਹੋਇਆ ਹੈ। ਸੂਤਰਾਂ ਅਨੁਸਾਰ ਹੈਲੀਪੈਡ 'ਤੇ ਬਣੇ ਦੋ ਕਮਰਿਆਂ ਵਿੱਚ ਪੁਲੀਸ ਮੁਲਾਜ਼ਮ ਬੈਠੇ ਹਨ ਜਿਨ੍ਹਾਂ ਦੀ ਡਿਊਟੀ ਪੁਲੀਸ ਲਾਈਨ 'ਚੋਂ ਲਗਾਈ ਹੋਈ ਹੈ। ਇੱਕ ਏਸੀ ਕਮਰਾ ਵੀ ਹੈ ਅਤੇ ਹੈਲੀਪੈਡ ਦੀ ਬਿਜਲੀ ਦਾ ਬਿੱਲ ਪਹਿਲਾਂ ਤੋਂ ਮੰਡੀ ਬੋਰਡ ਭਰ ਰਿਹਾ ਹੈ। ਬਠਿੰਡਾ ਤੋਂ ਪਿੰਡ ਬਾਦਲ ਤੱਕ ਬਣੀ ਸੜਕ 'ਤੇ ਹੀ ਪਿੰਡ ਕਾਲਝਰਾਨੀ ਪੈਂਦਾ ਹੈ ਅਤੇ ਇਹ ਸੜਕ ਹੂਟਰਾਂ ਨੂੰ ਤਰਸ ਪਈ ਹੈ। ਬਠਿੰਡਾ ਪ੍ਰਸ਼ਾਸਨ ਵੱਲੋਂ ਜੋ ਵੇਰਵੇ ਦਿੱਤੇ ਗਏ ਹਨ, ਉਨ੍ਹਾਂ ਮੁਤਾਬਕ ਬਾਦਲ ਪਰਿਵਾਰ ਨੇ ਸਾਲ 2012-17 ਦੀ ਵਜ਼ਾਰਤ ਦੌਰਾਨ ਹਰ ਚੌਥੇ ਦਿਨ ਹੈਲੀਕਾਪਟਰ 'ਤੇ ਪਿੰਡ ਬਾਦਲ ਦਾ ਗੇੜਾ ਮਾਰਿਆ ਹੈ। ਮਤਲਬ ਕਿ ਕਾਲਝਰਾਨੀ ਦੇ ਹੈਲੀਪੈਡ 'ਤੇ ਔਸਤਨ ਹਰ ਚੌਥੇ ਦਿਨ ਹੈਲੀਕਾਪਟਰ ਉਤਰਦਾ ਰਿਹਾ ਹੈ। ਪੰਜ ਵਰ੍ਹਿਆਂ ਵਿੱਚ ਬਾਦਲ ਪਰਿਵਾਰ ਨੇ ਹੈਲੀਕਾਪਟਰ 'ਤੇ ਪਿੰਡ ਬਾਦਲ ਦੇ 426 ਗੇੜੇ ਲਾਏ ਹਨ। ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਨ੍ਹਾਂ ਪੰਜ ਵਰ੍ਹਿਆਂ ਵਿੱਚ ਪਿੰਡ ਬਾਦਲ 'ਚ ਆਉਣ-ਜਾਣ ਲਈ 227 ਦਿਨ ਹੈਲੀਕਾਪਟਰ ਦੀ ਵਰਤੋਂ ਕੀਤੀ ਜਦੋਂ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 189 ਦਿਨ ਹੈਲੀਕਾਪਟਰ ਵਰਤਿਆ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਹੈਲੀਕਾਪਟਰ ਦੀ ਸਿਰਫ਼ 10 ਦਿਨ ਵਰਤੋਂ ਕੀਤੀ ਹੈ। ਅਕਸਰ ਉਹ ਛੋਟੇ ਜਾਂ ਵੱਡੇ ਬਾਦਲ ਨਾਲ ਹੀ ਪਿੰਡ ਆਉਂਦੇ ਰਹੇ ਹਨ। ਜਦੋਂ ਕਾਲਝਰਾਨੀ ਦੇ ਹੈਲੀਪੈਡ 'ਤੇ ਹੈਲੀਕਾਪਟਰ ਉਤਰਦਾ ਹੁੰਦਾ ਸੀ ਤਾਂ ਉਦੋਂ ਮੁਕਤਸਰ ਅਤੇ ਬਠਿੰਡਾ ਦੇ ਐਸਐਸਪੀ ਹਾਜ਼ਰ ਹੁੰਦੇ ਸਨ। ਪਹਿਲਾਂ ਤਾਂ ਹੈਲੀਪੈਡ 'ਤੇ ਬਿਜਲੀ ਚੋਰੀ ਹੁੰਦੀ ਰਹੀ ਹੈ ਪ੍ਰੰਤੂ ਫਰਵਰੀ 2014 ਵਿੱਚ ਮੰਡੀ ਬੋਰਡ ਨੇ ਕੁਨੈਕਸ਼ਨ ਲੈ ਕੇ ਹੈਲੀਪੈਡ 'ਤੇ ਮੀਟਰ ਲਵਾ ਦਿੱਤਾ ਸੀ। ਇਹ ਹੈਲੀਪੈਡ ਪਿੰਡ ਕਾਲਝਰਾਨੀ ਦੀ ਦਾਣਾ ਮੰਡੀ ਵਿੱਚ ਬਣਿਆ ਹੋਇਆ ਹੈ ਜਿਸ ਕਰਕੇ ਪਿੰਡ ਵਾਸਤੇ ਹੋਰ ਨਵੀਂ ਦਾਣਾ ਮੰਡੀ ਬਣਾਈ ਗਈ ਹੈ। ਸੂਤਰਾਂ ਨੇ ਕਿਹਾ ਕਿ ਹੁਣ ਇਕੱਲੇ ਹੈਲੀਪੈਡ 'ਤੇ ਸੁੰਨ ਨਹੀਂ ਵਰਤੀ ਸਗੋਂ ਪਿੰਡ ਬਾਦਲ ਦੀਆਂ ਗਲੀਆਂ ਵੀ ਵੱਢ ਖਾਣ ਨੂੰ ਪੈਂਦੀਆਂ ਹਨ। ਸਮਝ ਤੋਂ ਇਹ ਗੱਲ ਬਾਹਰ ਹੈ ਕਿ ਬਠਿੰਡਾ ਪੁਲੀਸ ਸੁੰਨੇ ਹੈਲੀਪੈਡ ਦੀ ਰਾਖੀ ਲਈ ਇੰਨੀ ਫ਼ਿਕਰਮੰਦ ਕਿਉਂ ਹੈ।

## ਪੰਜਾਬ-ਹਰਿਆਣਾ ਤੋਂ ਪਾਣੀ ਦੀ ਰਿਆਲਿਟੀ ਵਸੂਲੇਗਾ ਹਿਮਾਚਲ

*ਮੁੱਖ ਮੰਤਰੀ ਜੈਰਾਮ ਠਾਕੁਰ ਨੇ ਚੰਡੀਗੜ੍ਹ 'ਤੇ ਠੋਕਿਆ ਹਿਮਾਚਲ ਦਾ ਵੀ ਦਾਅਵਾ*

**ਚੰਡੀਗੜ੍ਹ//ਬਿਊਰੋ ਨਿਊਜ਼:** ਹਿਮਾਚਲ ਸਰਕਾਰ ਪੰਜਾਬ-ਹਰਿਆਣਾ ਤੋਂ ਪਾਣੀ ਦੀ ਰਿਆਲਿਟੀ ਵਸੂਲ ਕਰੇਗੀ। ਪੰਜਾਬ ਭਾਵੇਂ ਹੀ ਵਾਟਰ ਰਿਆਲਿਟੀ ਦੇਣ ਨੂੰ ਤਿਆਰ ਨਾ ਹੋਵੇ, ਪਰ ਹਿਮਾਚਲ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਬੁੱਧਵਾਰ ਨੂੰ ਇੱਥੇ ਪ੍ਰੈਸ ਕਲੱਬ ਵਿਚ ਮੀਟ ਦੀ ਪ੍ਰੈਸ ਪ੍ਰੋਗਰਾਮ ਵਿਚ ਪੰਜਾਬ ਤੋਂ ਆਪਣੇ ਹਿੱਸੇ ਦੀ ਦੋ ਹਜ਼ਾਰ ਕਰੋੜ ਰੁਪਏ ਰਿਆਲਿਟੀ ਲੈਣ ਦੇ ਇਰਾਦੇ ਸਾਫ਼ ਕਰ ਦਿੱਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਤੇ ਹਰਿਆਣਾ ਸਰਕਾਰ ਦੇ ਨਾਲ ਮਿਲ ਬੈਠ ਕੇ ਰਿਆਲਿਟੀ ਦੇ ਮੁੱਦੇ ਨੂੰ ਸੁਲਝਾਵੇਗਾ, ਕਿਉਂਕਿ ਦੋਨਾਂ ਰਾਜਾਂ ਵਿਚ ਪਾਣੀ ਹਿਮਾਚਲ ਤੋਂ ਹੀ ਆ ਰਿਹਾ ਹੈ। ਹਿਮਾਚਲ ਸਰਕਾਰ ਭਾਖੜਾ, ਬਿਆਸ ਮੈਨੇਜਮੈਂਟ ਬੋਰਡ ਦਾ ਆਪਣਾ ਹਿੱਸਾ ਵੀ ਵਿਵਾਦ ਦੀ ਬਜਾਏ ਸੁਹਿਰਦ ਢੰਗ ਨਾਲ ਵਿਧਾਨਿਕ ਅਧਿਕਾਰ 'ਤੇ ਲਵੇਗੀ। ਉਨ੍ਹਾਂ ਨੇ ਕਿਹਾ ਕਿ ਚੰਡੀਗੜ੍ਹ ਵਿਚ ਇਕ ਪ੍ਰੋਗਰਾਮ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਵੀ ਹੋਈ ਸੀ, ਪਰ ਉਹ ਪਾਣੀ ਦੇ ਮੱਸਲੇ 'ਤੇ ਗੱਲਬਾਤ ਨਾ ਕਰ ਸਕੇ, ਕਿਉਂਕਿ ਕੈਪਟਨ ਜ਼ਰੂਰੀ ਕੰਮ ਕਾਰਨ ਜਲਦੀ ਨਿਕਲ ਗਏ। ਉਨ੍ਹਾਂ ਕਿਹਾ ਕਿ ਜਲਦੀ ਹੀ ਤਿੰਨ ਰਾਜਾਂ ਦੀ ਉੱਚ ਪੱਧਰੀ ਮੀਟਿੰਗ ਬੁਲਾ ਕੇ ਇਸ ਮਾਮਲੇ ਨੂੰ ਸੁਲਝਾਇਆ ਜਾਵੇਗਾ। ਉਨ੍ਹਾਂ ਨੇ ਇੱਥੋਂ ਤੱਕ ਕਿਹਾ ਕਿ ਚੰਡੀਗੜ੍ਹ 'ਤੇ ਵੀ ਸਾਡਾ ਹਿੱਸਾ ਹੈ ਤੇ ਅਸੀਂ 7.19 ਫੀਸਦੀ ਹਿੱਸੇ ਨੂੰ ਵਿਧਾਨਕ ਢੰਗ ਨਾਲ ਰਹਿ ਕੇ ਰਹਾਂਗੇ।


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਖਾਲਿਸਤਾਨ ਦੇ ਜੈਕਾਰਿਆਂ ਦੀ ਗੂੰਜ ਦੌਰਾਨ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਅੰਤਮ ਵਿਦਾਇਗੀ

ਲਿਜਾਇਆ ਜਾ ਰਿਹਾ ਸੀ ਤਾਂ ਰਸਤੇ ਵਿੱਚ ਵਾਰ-ਵਾਰ ਖਾਲਿਸਤਾਨ ਪੱਖੀ ਨਾਅਰੇ ਲੱਗਦੇ ਰਹੇ। ਨਾਲ ਹੀ ਨਰਿੰਦਰ ਮੋਦੀ, ਪ੍ਰਕਾਸ਼ ਸਿੰਘ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਨਾਅਰੇਬਾਜ਼ੀ ਹੋਈ। ਇਸ ਮੌਕੇ ਪਰਿਵਾਰਕ ਮੈਂਬਰਾਂ ਅਤੇ ਪੰਥਕ ਆਗੂਆਂ ਨੇ ਮਿੰਟੂ ਦੀ ਮੌਤ —ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਇਸ ਬਾਰੇ ਬਕਾਇਦਾ ਜਾਂਚ ਹੋਣੀ ਚਾਹੀਦੀ ਹੈ ਕਿਉਂਕਿ ਉਸ ਦੀ ਮੌਤ ਜੇਲ੍ਹ ਵਿੱਚ ਹੋਈ।

ਦੱਸਣਯੋਗ ਹੈ ਕਿ ਹਰਮਿੰਦਰ ਸਿੰਘ ਮਿੰਟੂ ਦੀ ਦੇਹ ਬੀਤੀ ਦੇਰ ਸ਼ਾਮ ਪਟਿਆਲਾ ਤੋਂ ਪਿੰਡ ਲਿਆਂਦੀ ਗਈ ਸੀ। ਦੇਹ ਨੂੰ ਗੁਰਦੁਆਰੇ ਵਿਖੇ ਰੱਖਿਆ ਗਿਆ ਸੀ। ਅੱਜ ਸਵੇਰੇ ਧਾਰਮਿਕ ਰਸਮਾਂ ਨਿਭਾਉਣ ਤੋਂ ਬਾਅਦ ਦੇਹ ਨੂੰ ਸੰਗਤ ਦੇ ਦਰਸ਼ਨਾਂ ਲਈ ਰੱਖਿਆ ਗਿਆ। ਇਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ, ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ, ਅਮਰੀਕ ਸਿੰਘ ਅਜਨਾਲਾ, ਦਲ ਖਾਲਸਾ ਦੇ ਆਗੂ ਹਰਚਰਨਜੀਤ ਸਿੰਘ ਧਾਮੀ, ਅਕਾਲੀ ਦਲ (ਅੰਮ੍ਰਿਤਸਰ) ਦੇ ਰਜਿੰਦਰ ਸਿੰਘ ਫੌਜੀ ਅਤੇ ਸਤਿਕਾਰ ਕਮੇਟੀ ਦੇ ਕਾਰਕੁਨ ਵੀ ਸ਼ਾਮਲ ਸਨ।

ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਵੱਖ ਵੱਖ ਜੇਲ੍ਹਾਂ ਵਿੱਚ 28 ਸਿੱਖ ਅਜਿਹੇ ਹਨ, ਜਿਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ ਪਰ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਇਸੇ ਤਰ੍ਹਾਂ 150 ਦੇ ਕਰੀਬ ਸਿੱਖ ਜੇਲ੍ਹਾਂ ਵਿੱਚ ਸਜ਼ਾ ਭੁਗਤ ਰਹੇ ਹਨ, ਜਿਨ੍ਹਾਂ ਦੀ ਸਿਹਤ ਖ਼ਰਾਬ ਹੈ ਪਰ ਉਨ੍ਹਾਂ ਦਾ ਇਲਾਜ ਨਹੀਂ ਕਰਵਾਇਆ ਜਾ ਰਿਹਾ। ਹਰਮਿੰਦਰ ਸਿੰਘ ਮਿੰਟੂ ਦਾ ਪਰਿਵਾਰ ਗੋਆ ਰਹਿੰਦਾ ਹੋਣ ਕਰਕੇ ਉਸ ਦੀ ਅੰਤਿਮ ਅਰਦਾਸ ਲਈ ਅਖੰਡ ਪਾਠ ਦੇ ਭੋਗ 22 ਅਪਰੈਲ ਨੂੰ ਕਰਾਉਣਾ ਚਾਹੁੰਦਾ ਸੀ ਪਰ ਪੰਥਕ ਆਗੂਆਂ ਨੇ ਕਿਹਾ ਕਿ ਮਿੰਟੂ ਕੌਮ ਦਾ ਯੋਧਾ ਰਿਹਾ ਹੈ, ਇਸ ਲਈ ਸਿੱਖ ਕੌਮ ਦੀ ਰਹਿਤ ਮਰਿਆਦਾ ਅਨੁਸਾਰ ਦਸਵੇਂ —ਤੇ 27 ਅਪਰੈਲ ਨੂੰ ਅੰਤਿਮ ਅਰਦਾਸ ਗੁਰਦੁਆਰਾ ਬਾਬਾ ਬੱਦੋਆਣਾ ਸਾਹਿਬ, ਡੱਲੀ ਵਿਖੇ ਹੋਵੇਗੀ।

### ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਮਿੰਟੂ ਦਾ ਪੋਸਟਮਾਰਟਮ

**ਪਟਿਆਲਾ/ਬਿਊਰੋ ਨਿਊਜ਼:**

ਖਾਲਿਸਤਾਨੀ ਆਗੂ ਤੇ ਨਾਭਾ ਜੇਲ੍ਹ ਬਰੇਕ ਕਾਂਡ ਦੇ ਮੁਲਜ਼ਮ ਹਰਮਿੰਦਰ ਸਿੰਘ ਮਿੰਟੂ ਦੀ ਦੇਹ ਦਾ ਪੋਸਟਮਾਰਟਮ 19 ਅਪਰੈਲ ਨੂੰ ਇੱਥੇ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਹੋਇਆ। ਇਸ ਮੌਕੇ ਮਿੰਟੂ ਦੇ ਪਰਿਵਾਰਕ ਮੈਂਬਰ ਵੀ ਹਾਜ਼ਰ ਸਨ। ਹਸਪਤਾਲ ਦੇ ਬਾਹਰ ਗਰਮਖਿਆਲੀਆਂ ਨੇ ਮ੍ਰਿਤਕ ਦੇਹ ਵਾਲੀ ਐਂਬੂਲੈਂਸ ਘੇਰਨ ਦੀ ਕੋਸ਼ਿਸ਼ ਕੀਤੀ ਅਤੇ ਖਾਲਿਸਤਾਨ ਪੱਖੀ ਨਾਅਰੇ ਵੀ ਲਾਏ ਪਰ ਪੁਲੀਸ ਨੇ ਜਲਦੀ ਹੀ ਰਾਹ ਖਾਲੀ ਕਰਵਾ ਕੇ ਐਂਬੂਲੈਂਸ ਤੋਰ ਦਿੱਤੀ। ਪਰਿਵਾਰਕ ਮੈਂਬਰਾਂ ਮੁਤਾਬਿਕ ਮਿੰਟੂ ਦਾ ਅੰਤਿਮ ਸੰਸਕਾਰ ਜਲੰਧਰ ਵਿੱਚ ਉਸਦੇ ਜੱਦੀ ਪਿੰਡ ਡੱਲੀ ਵਿੱਚ ਭਲਕੇ 20 ਅਪਰੈਲ ਨੂੰ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਬੁੱਧਵਾਰ ਨੂੰ ਸੀਨੇ ਵਿੱਚ ਦਰਦ ਹੋਣ —ਤੇ ਕੇਂਦਰੀ ਜੇਲ੍ਹ ਪਟਿਆਲਾ ਤੋਂ ਜਦੋਂ ਮਿੰਟੂ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਲਿਆਂਦਾ ਗਿਆ ਤਾਂ ਡਾਕਟਰਾਂ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਸੀ। ਕੱਲ੍ਹ ਸ਼ਾਮ ਤੋਂ ਹੀ ਉਸ ਦੀ ਲਾਸ਼ ਪੁਲੀਸ ਪਹਿਰੇ ਹੇਠ ਮੁਰਦਾਘਰ ਵਿੱਚ ਪਈ ਸੀ। ਗੋਆ ਤੋਂ ਉਸ ਦੀ ਮਾਤਾ ਗੁਰਦੇਵ ਕੌਰ ਤੇ ਦੋ ਭਰਾ ਲਖਵਿੰਦਰ ਸਿੰਘ ਤੇ ਸਤਿੰਦਰ ਸਿੰਘ ਦੇ ਅੱਜ ਦੁਪਹਿਰ ਵੇਲੇ ਇੱਥੇ ਪੁੱਜਣ —ਤੇ ਜੇ.ਐਮ. ਆਈ.ਸੀ. ਅਮਨਦੀਪ ਸਿੰਘ ਦੀ ਨਿਗਰਾਨੀ ਹੇਠ ਤਿੰਨ ਡਾਕਟਰਾਂ ਵੱਲੋਂ ਪੋਸਟ ਮਾਰਟਮ ਕੀਤਾ ਗਿਆ। ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਭਾਈ ਅਮਰੀਕ ਸਿੰਘ ਅਜਨਾਲਾ ਅਤੇ ਮਿੰਟੂ ਦੇ ਵਕੀਲ ਬਰਜਿੰਦਰ ਸਿੰਘ ਸੋਢੀ ਸਮੇਤ ਮਿੰਟੂ ਦੇ ਪਰਿਵਾਰਕ ਮੈਂਬਰ ਵੀ ਪੋਸਟ ਮਾਰਟਮ ਮੌਕੇ ਹਸਪਤਾਲ ਵਿੱਚ ਮੌਜੂਦ ਸਨ। ਸ਼ਾਮ ਚਾਰ ਵਜੇ ਮਿੰਟੂ ਦੀ ਦੇਹ ਲੈ ਕੇ ਐਂਬੂਲੈਂਸ ਜਿਉਂ ਹੀ ਹਸਪਤਾਲ ਵਿੱਚੋਂ ਬਾਹਰ ਨਿਕਲੀ ਤਾਂ ਦੇਹ ਦੇ ਅੰਤਿਮ ਦਰਸ਼ਨ ਕਰਨ ਦੀ ਮੰਗ ਕਰਦਿਆਂ ਵੱਡੀ ਗਿਣਤੀ ਗਰਮਖਿਆਲੀ



ਭਾਈ ਹਰਮਿੰਦਰ ਸਿੰਘ ਮਿੰਟੂ ਦੇ ਸਸਕਾਰ ਮੌਕੇ ਹਾਜ਼ਰ ਉਸਦੀ ਮਾਤਾ ਅਤੇ ਹੋਰ ਰਿਸ਼ਤੇਦਾਰ।

ਆਗੂਆਂ ਤੇ ਵਰਕਰਾਂ ਨੇ ਗੇਟ ਅੱਗੇ ਹੋ ਕੇ ਐਂਬੂਲੈਂਸ ਘੇਰਨ ਦੀ ਕੋਸ਼ਿਸ਼ ਕੀਤੀ। ਐੱਸ.ਪੀ. (ਸਿਟੀ) ਕੇਸਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਪੁਲੀਸ ਅਮਲੇ ਨੇ ਸਾਰਿਆਂ ਨੂੰ ਲਾਂਭੇ ਕਰਕੇ ਰਸਤਾ ਖਾਲੀ ਕਰਵਾਇਆ ਤੇ ਕਾਫ਼ਲਾ ਰਵਾਨਾ ਕੀਤਾ। ਇੱਥੇ ਪੁੱਜੇ ਆਗੂਆਂ ਵਿੱਚ ਭਾਈ ਅਮਰੀਕ ਸਿੰਘ ਅਜਨਾਲਾ, ਬਖ਼ਸ਼ੀਸ਼ ਸਿੰਘ ਬਾਬਾ, ਬੀਬੀ ਸੋਹਣਜੀਤ ਕੌਰ, ਦਲਜੀਤ ਸਿੰਘ ਸਮਾਣਾ, ਲਖਵੀਰ ਸਿੰਘ ਕਪੂਰੀ, ਗਗਨ ਭੁੱਲਰ, ਪ੍ਰੋ. ਮਹਿੰਦਰਪਾਲ ਸਿੰਘ ਪਟਿਆਲਾ, ਜ਼ੋਰਾਵਰ ਸਿੰਘ ਭੁਨਰਹੇੜੀ, ਰਣਜੀਤ ਸਿੰਘ ਹਰਪਾਲਪੁਰ, ਬਗੀਚਾ ਸਿੰਘ ਵੜੈਚ, ਜਗਜੀਤ ਸਿੰਘ ਰਾਜਪੁਰਾ ਅਤੇ ਸੂਬਾ ਸਿੰਘ ਆਦਿ ਸ਼ਾਮਲ ਸਨ। ਕਾਫਲੇ ਤੁਰਨ ਮੌਕੇ ਗਰਮਖਿਆਲੀਆਂ ਨੇ ਖਾਲਿਸਤਾਨ ਪੱਖੀ ਨਾਅਰੇ ਵੀ ਲਾਏ। ਸਮੂਹ ਆਗੂਆਂ ਨੇ ਮਿੰਟੂ ਦੀ ਮੌਤ ਦੀ ਸਬੰਧੀ ਉੱਚ ਪੱਧਰੀ ਜਾਂਚ —ਤੇ ਵੀ ਜ਼ੋਰ ਦਿੱਤਾ। ਮਿੰਟੂ ਦੇ ਇੱਕ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਵਿਦੇਸ਼ ਵਿੱਚ ਦਿਲ ਦੇ ਅਪਰੇਸ਼ਨ ਦੌਰਾਨ ਮਿੰਟੂ ਦੇ ਸਟੰਟ ਪਏ ਸਨ।

### ਸ਼੍ਰੋਮਣੀ ਕਮੇਟੀ ਨੇ ਮਿੰਟੂ ਦੀ ਮੌਤ ਦੀ ਨਿਰਪੱਖ ਜਾਂਚ ਮੰਗੀ

**ਅੰਮ੍ਰਿਤਸਰ/ਬਿਊਰੋ ਨਿਊਜ਼**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਹਰਮਿੰਦਰ ਸਿੰਘ ਮਿੰਟੂ ਦੀ ਮੌਤ —ਤੇ ਅਫ਼ਸੋਸ ਪ੍ਰਗਟਾਉਂਦਿਆਂ ਉਸ ਦੇ ਮੌਤ ਦੇ ਕਾਰਨਾਂ ਦੀ ਜਾਂਚ ਮੰਗੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਮਿੰਟੂ ਦੀ ਅਚਨਚੇਤੀ ਮੌਤ —ਤੇ ਅਫ਼ਸੋਸ ਪ੍ਰਗਟ ਕਰਦਿਆਂ ਆਖਿਆ ਕਿ ਭਾਵੇਂ ਉਸ ਦੀ ਮੌਤ ਦਿਲ ਦੇ ਦੌਰੇ ਨਾਲ ਹੋਈ ਦੱਸੀ ਜਾ ਰਹੀ ਹੈ, ਪਰ ਸਿੱਖ ਜਗਤ ਵੱਲੋਂ ਪ੍ਰਗਟਾਏ ਜਾ ਰਹੇ ਖ਼ਦਸ਼ਿਆਂ ਤਹਿਤ ਉਸ ਦੀ ਮੌਤ ਦੇ ਕਾਰਨਾਂ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਪਰਿਵਾਰ ਨਾਲ ਹਮਦਰਦੀ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਦੌਰਾਨ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਮੀਤ ਪ੍ਰਧਾਨ ਵਿਰਸਾ ਸਿੰਘ ਬਹਿਲਾ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਕ੍ਰਿਪਾਲ ਸਿੰਘ ਰੰਧਾਵਾ ਤੇ ਮਨੁੱਖੀ ਅਧਿਕਾਰ ਇਨਸਾਫ਼ ਸੰਘਰਸ਼ ਕਮੇਟੀ ਦੇ ਬਾਬਾ ਦਰਸ਼ਨ ਸਿੰਘ ਨੇ ਦੋਸ਼ ਲਾਇਆ ਕਿ ਮਿੰਟੂ ਦਾ ਕਤਲ ਹੋਇਆ ਹੈ।

## ਔਰਤ ਦਾ ਦੇਹ ਸ਼ਾਸ਼ਤਰ ਤੇ ਖਪਤਕਾਰੀ ਸਭਿਅਤਾ

ਇਸ ਦੇਹ ਨੂੰ ਮਰਦਾਂ ਦੇ ਮਨ ਵਿੱਚ ਵਸਾ ਕੇ ਇਸਤਰੀ ਨੂੰ ਯੌਨ ਸੋਸ਼ਣ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਅਖਬਾਰਾਂ ਤੇ ਚੈਨਲਾਂ ਦੇ ਸੈਕਸ ਸਰਵੇਖਣਾਂ ਦੇ ਨਾਂ ‘ਤੇ, ਕੋਈ ਐਕਟਰੈਸਾਂ ਦੇ ਨਾਂ ‘ਤੇ ਇਹ ਪੇਸ਼ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਵਿੱਚੋਂ ਸੈਕਸੀ ਕੌਣ ਹੈ। ਇਸ ਤਰ੍ਹਾਂ ਦੇ ਊਲ-ਜਲੂਲ ਸਰਵੇਖਣ ਕਰਵਾਏ ਜਾਣ ਲੱਗੇ ਹਨ, ਜਿਸ ਵਿੱਚ ਪ੍ਰਕਾਸ਼ਿਤ ਹੁੰਦਾ ਹੈ ਕਿ 80 ਪ੍ਰਤੀਸ਼ਤ ਔਰਤਾਂ ਵਿਆਹ ਤੋਂ ਪਹਿਲਾਂ ਸੈਕਸ ਲਈ ਸਹਿਮਤ ਹਨ। ਭਾਰਤੀ ਨੈਤਿਕਤਾ ਅਨੁਸਾਰ ਇਨ੍ਹਾਂ ਤੱਥਾਂ ਨੂੰ ਹਜ਼ਮ ਕਰਨਾ ਸੌਖਾ ਨਹੀਂ, ਪਰ ਮੀਡੀਆ ਵਪਾਰ ਪੂੰਜੀ ਘੜਨ ਦਾ ਮਾਪਕ ਗੱਠਜੋੜ ਤੰਤਰ ਹੈ। ਸੈਕਸ ਜਾਂ ਦੇਹਵਾਦ ਨੂੰ ਵਾਰ-ਵਾਰ ਕਵਰ ਸਟੋਰੀ ਦਾ ਵਿਸ਼ਾ ਬਣਾ ਕੇ ਉਹ ਇਸ ਨੂੰ ਦੈਨਿਕ ਭੋਗ ਦੀ ਚੀਜ਼ ਬਣਾ ਦੇਣਾ ਚਾਹੁੰਦੇ ਹਨ। ਇਸ ਲਈ ਸਮਾਜ ਦਾ ਵਾਤਾਵਰਨ ਕਾਮ ਉਤੇਜਕ ਹੁੰਦਾ ਜਾ ਰਿਹਾ ਹੈ। ਬਲਾਤਕਾਰ, ਔਰਤ ਪ੍ਰਤੀ ਹਿੰਸਾ, ਦੇਹ ਸੋਸ਼ਣ ਦਿਨ-ਪ੍ਰਤੀਦਿਨ ਵਧ ਰਹੇ ਹਨ। ਕਿਸ ਅਭਿਨੇਤਰੀ ਨੇ ਕਿੰਨੇ ਬੋਲਡ ਸੀਨ ਦਿੱਤੇ, ਇਸ ਦਾ ਰਿਕਾਰਡ ਚੈਨਲਾਂ ਕੋਲ ਹੈ, ਪਰ ਕਿੰਨੇ ਪੜ੍ਹੇ ਲਿਖੇ ਗੱਭਰੂਆਂ ਤੇ ਕਿਸਾਨਾਂ ਨੇ ਬੇਰੁਜ਼ਗਾਰੀ ਤੇ ਕਰਜ਼ੇ ਕਾਰਨ ਆਤਮ-ਹੱਤਿਆ ਕੀਤੀ, ਇਸ ਦੇ ਅੰਕੜੇ ਕਿਸੇ ਕੋਲ ਨਹੀਂ ਹਨ। ਸਮਾਜ ਦੇ ਵਿਕਾਸ, ਵਾਤਾਵਰਨ, ਮਨੁੱਖੀ ਅਧਿਕਾਰਾਂ ਆਦਿ ਏਜੰਡਿਆਂ ਨੂੰ ਕੋਈ ਥਾਂ ਨਹੀਂ ਦਿੱਤੀ ਜਾ ਰਹੀ, ਪਰ ਇਸਤਰੀ ਦਾ ਦੇਹ ਸ਼ਾਸਤਰ ਉਨ੍ਹਾਂ ਦਾ ਮੁੱਖ ਏਜੰਡਾ ਹੈ।

ਟੈਲੀਵਿਜ਼ਨਾਂ ‘ਤੇ ਵੀ ਛੋਟੇ ਪਰਦਿਆਂ ‘ਤੇ ਔਰਤ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ ਕਿ ਉਹ ਕਿਸ ਕਿਸਮ ਦੀ ਡਰੈੱਸ ਪਾਵੇ, ਕਿਹੋ ਜਿਹਾ ਮੇਕਅਪ ਕਰੇ। ਪਰ ਉਸ ਦੇ ਮਨ ਦੀ ਰਚਨਾ ਦੀ ਪੇਸ਼ਕਾਰੀ ਨਹੀਂ ਹੋਈ। ਹਰ ਚੈਨਲ ’ਤੇ ਦਿਖਾਏ ਜਾ ਰਹੇ ਸੀਰੀਅਲਾਂ ਵਿੱਚ ਇਸਤਰੀ ਨੂੰ ਸਾਜ਼ਿਸ਼ਾਂ ਦੇ ਅੱਡੇ ਦੇ ਰੂਪ ‘ਚ ਪੇਸ਼ ਕੀਤਾ ਜਾ ਰਿਹਾ ਹੈ, ਜਦਕਿ ਅਸਲ ਜ਼ਿੰਦਗੀ ਵਿੱਚ ਅਜਿਹਾ ਨਹੀਂ, ਪਰ ਇਸ ਦੇ ਪ੍ਰਭਾਵ ਤੋਂ ਨਕਲੀ ਜ਼ਿੰਦਗੀ ਅਸਲੀ ਜ਼ਿੰਦਗੀ ਦੇ ਰੂਪ ਵਿੱਚ ਪਰਿਵਰਤਿਤ ਹੋ ਰਹੀ ਹੈ। ਇਸਤਰੀ ਕਿਤੇ ਨਾ ਕਿਤੇ ਉਪਭੋਗਤਾਵਾਦੀ ਸੰਸਕ੍ਰਿਤੀ ਵਿੱਚ ਢਲਦੀ ਜਾ ਰਹੀ ਹੈ, ਇਸ ਲਈ ਦੇਹ ਨੂੰ ਉਹ ਭੋਗਣਾ ਚਾਹੁੰਦੀ ਹੈ। ਇਸ ਸੰਦਰਭ ਵਿੱਚ ਉਹ ਪ੍ਰਯੋਗ ਧਰਮੀ ਬਣਦੀ ਜਾ ਰਹੀ ਹੈ। ਉਹ ਸਮਝ ਗਈ ਹੈ ਕਿ ਯੌਨ ਮੁਕਤੀ ਦੀ ਮੰਗ ਇੱਕ ਤਰ੍ਹਾਂ ਪੁਰਸ਼ ਦੀ ਤਰ੍ਹਾਂ ਇਸਤਰੀ ਨੂੰ ਵੀ ਭੋਗਵਾਦੀ ਬਣਾ ਦਿੰਦੀ ਹੈ। ਇਹੀ ਕਾਰਨ ਹੈ ਕਿ ਇਸਤਰੀ ਜਿਸ ਨੇ ਸਮਾਜ ਸਿਰਜਣਾ ਹੈ, ਉਹ ਖਪਤਕਾਰੀ ਸੱਭਿਅਤਾ ਦੀ ਗ਼ੁਲਾਮ ਹੋ ਕੇ ਆਪਣੇ ਆਪੇ ਤੱਕ ਸੀਮਤ ਹੋ ਰਹੀ ਹੈ, ਜਿਸ ਕਾਰਨ ਤਲਾਕ ਹੋ ਰਹੇ ਹਨ ਤੇ ਰਿਸ਼ਤਿਆਂ ਦੀ ਟੁੱਟ-ਭੱਜ ਵਧ ਰਹੀ ਹੈ। ਦੇਹ ਵਪਾਰ ਤੇ ਇਸਤਰੀ ਦਾ ਦੇਹ ਸ਼ਾਸਤਰ ਵਿਸ਼ਵੀਕਰਨ ਦਾ ਮੁੱਖ ਏਜੰਡਾ ਹੈ, ਤਾਂ ਜੋ ਬਾਜ਼ਾਰ ਨੂੰ ਵਧਾਇਆ ਜਾ ਸਕੇ। ਇਸ ਨੇ ਸਮਾਜ ਦੇ ਅਨੇਕਾਂ ਅਨਮੋਲ ਤੇ ਨੈਤਿਕ ਮੁੱਲਾਂ ਨੂੰ ਪਿੱਛੇ ਧਕੇਲ ਦਿੱਤਾ ਹੈ।

ਪਰੰਪਰਾਗਤ ਸਮਾਜ ‘ਚ ਭਾਰਤੀ ਇਸਤਰੀ ‘ਤੇ ਘਰੇਲੂ ਕੰਮਾਂ ਦਾ ਬੋਝ ਸੀ, ਜਿਸ ‘ਚ ਪੁਰਸ਼ ਦੀ ਕੋਈ ਹਿੱਸੇਦਾਰੀ ਨਹੀਂ ਹੁੰਦੀ ਸੀ ਤੇ ਉਹ ਘਰ ਦੇ ਕਾਰਜਾਂ ਵਿੱਚ ਇਸਤਰੀ ਨਾਲ ਹੱਥ ਵਟਾਉਣ ਨੂੰ ਆਪਣੀ ਹੱਤਕ ਸਮਝਦਾ ਸੀ। ਕਹਿਣ ਤੋਂ ਭਾਵ ਘਰੇਲੂ ਕਾਰਜ ਇਸਤਰੀ ਨੂੰ ਹੀ ਕਰਨੇ ਪੈਂਦੇ ਸਨ। ਪਰ ਖਪਤਕਾਰੀ ਸੱਭਿਅਤਾ ਉਸ ‘ਤੇ ਕੈਰੀਅਰ ਅਤੇ ਸੁੰਦਰਤਾ ਦੇ ਦੋ ਹੋਰ ਭਾਰ ਵੀ ਪਾ ਦਿੱਤੇ ਹਨ। ਬਾਜ਼ਾਰ ਨੇ ਇਸਤਰੀ ਲਈ ਅਜਿਹੇ ਕੈਰੀਅਰ ਨਿਰਧਾਰਿਤ ਕੀਤੇ ਹਨ, ਜਿਨ੍ਹਾਂ ’ਚ ਉਸ ਦੇ ਸਰੀਰ ਦੇ ਬਾਜ਼ਾਰ ’ਚ ਤਿਆਰ ਸੁੰਦਰਤਾ ਦੇ ਪੈਮਾਨੇ ਤੋਂ ਉਸ ਨੂੰ ਦੇਖਿਆ ਜਾਂਦਾ ਹੈ। ਘਰ ‘ਚ ਕੋਈ ਵਿਸ਼ੇਸ਼ ਤਬਦੀਲੀ ਨਾ ਹੋਣ ਨਾਲ ਉੱਥੇ ਘਰੇਲੂ ਔਰਤ ਦੇ ਪਰੰਪਰਾਗਤ ਕੰਮ ਇਸਤਰੀ ਨੂੰ ਕਰਨੇ ਹੀ ਪੈਂਦੇ ਹਨ, ਉੱਥੇ ਬਾਹਰ ਕੈਰੀਅਰ ਲਈ ਖ਼ੁਦ ਨੂੰ ਬਾਜ਼ਾਰ ਦੇ ਹਵਾਲੇ ਕਰਨਾ ਇਕ ਮਜਬੂਰੀ ਬਣ ਗਿਆ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਪੱਛਮ ਦੀ ਨਾਰੀ ਭਾਰਤ ਦੀ ਨਾਰੀ ਨਾਲੋਂ ਕਿਤੇ ਆਜ਼ਾਦ ਹੈ ਤੇ ਇਸ ਆਜ਼ਾਦੀ ਨੂੰ ਹੋਰ ਅੱਗੇ ਵਧਾਉਣ ਵਿੱਚ ਉੱਥੋਂ ਦੇ ਸਮਾਜ ਦੀ ਅਹਿਮ ਭੂਮਿਕਾ ਹੈ। ਵਿਸ਼ਵੀਕਰਨ ਨੇ ਵੀ ਪੱਛਮ ਦੀ ਇਸਤਰੀ ਦੀ ਚੇਤਨਤਾ ‘ਚ ਵਾਧਾ ਕੀਤਾ ਹੈ। ਭਾਵੇਂ ਕਿ ਖਪਤਕਾਰੀ ਸੱਭਿਅਤਾ ਦੇ ਦੌਰ ਵਿੱਚ ਪੱਛਮੀ ਔਰਤ ਵੀ ਬਾਜ਼ਾਰ ਦੀ ਗ਼ੁਲਾਮ ਹੈ। ਇਹੀ ਕਾਰਨ ਹੈ ਕਿ ਔਰਤ ਯੌਨ ਹਿੰਸਾ, ਸੋਸ਼ਣ ਦੀ ਸ਼ਿਕਾਰ ਹੋ ਰਹੀ ਹੈ। ਜਗੀਰੂ ਸਿਸਟਮ ਤੇ ਬਾਜ਼ਾਰ ਵੱਲੋਂ ਇਹ ਸੁਝਾਅ ਦੱਸੇ ਜਾ ਰਹੇ ਹਨ।

ਔਰਤ ਨੂੰ ਸੁਰੱਖਿਆ ਲਈ ਚਾਕੂ ਲੈ ਕੇ ਚੱਲਣਾ ਚਾਹੀਦਾ ਹੈ ਜਾਂ ਉਸ ਨੂੰ ਜੂਡੋ-ਕਰਾਟੇ ਸਿੱਖਣਾ ਪਵੇਗਾ ਜਾਂ ਲਾਲ ਮਿਰਚ ਦੇ ਪੈਕਟ ਆਪਣੇ ਕੋਲ ਰੱਖਣੇ ਪੈਣਗੇ। ਇਹ ਸੁਝਾਅ ਔਰਤ ਦੀ ਸੁਰੱਖਿਆ ਨਾਲ ਨਹੀਂ ਜੁੜਿਆ, ਬਾਜ਼ਾਰ ਦੀ ਵਸਤ ਵੇਚਣ ਨਾਲ ਜੁੜਿਆ ਹੈ। ਇਹ ਸੁਝਾਅ ਔਰਤਾਂ ਦੀ ਰੱਖਿਆ ਨਹੀਂ ਕਰ ਸਕਦੇ। ਔਰਤਾਂ ਨੂੰ ਖ਼ਤਰਾ ਮਰਦ ਪ੍ਰਧਾਨ ਸਮਾਜ ਦੀਆਂ ਔਰਤ ਪ੍ਰਤੀ ਘਟੀਆ ਮਾਨਸਿਕਤਾ ਤੋਂ ਹੈ। ਇਸ ਘਟੀਆ ਮਾਨਤਾਵਾਂ ਨੂੰ ਕਿਸੇ ਹਿੰਸਾਤਮਕ ਵਿਚਾਰ ਨਾਲ ਨਹੀਂ ਬਦਲਿਆ ਜਾ ਸਕਦਾ, ਇਸ ਨਾਲ ਤਾਂ ਸਿਰਫ਼ ਔਰਤ ਨੂੰ ਨੁਕਸਾਨ ਹੋ ਸਕਦਾ ਹੈ।

ਇਸਤਰੀ ਸੁਰੱਖਿਆ ਲਈ ਜ਼ਰੂਰੀ ਹੈ ਕਿ ਸਮਾਜ ਵਿੱਚ ਤਬਦੀਲੀ ਲਿਆਂਦੀ ਜਾਵੇ ਤੇ ਉਸ ਨੂੰ ਭੋਗਣ ਦੀ ਵਸਤੂ ਦੀ ਥਾਂ ਬਰਾਬਰ ਤੇ ਸਤਿਕਾਰ ਦਾ ਜੀਵ ਮੰਨਿਆ ਜਾਵੇ ਅਤੇ ਕਾਨੂੰਨੀ ਤੌਰ ‘ਤੇ ਉਸ ਦੇ ਹੱਕਾਂ, ਅਧਿਕਾਰਾਂ ਲਈ ਸੁਰੱਖਿਅਤ ਮਾਹੌਲ ਤਿਆਰ ਹੋਵੇ। ਔਰਤ ਹਿੰਸਾ ਦੋਸ਼ੀਆਂ ਨੂੰ ਕਾਨੂੰਨ ਦਾ ਡਰ ਹੋਵੇ ਤੇ ਉਨ੍ਹਾਂ ਨੂੰ ਸਜ਼ਾ ਤੁਰੰਤ ਮਿਲੇ, ਤਾਂ ਹੀ ਔਰਤ ਦੀ ਸੁਰੱਖਿਆ ਕਾਇਮ ਰਹਿ ਸਕਦੀ ਹੈ।

ਸਾਮਾਜਿਕ ਸੱਤਾ ਦੇ ਵਿਕੇਂਦਰੀਕਰਨ ਲਈ ਮਰਦ ਪ੍ਰਧਾਨ ਦੀ ਸੱਤਾ ਦੇ ਮੁੱਲਾਂ ਦਾ ਅੰਤ ਕਰਨਾ ਜ਼ਰੂਰੀ ਹੈ, ਜਦਕਿ ਰਾਜਨੀਤਕ ਸੱਤਾ ਦੇ ਵਿਕੇਂਦਰੀਕਰਨ ਲਈ ਚੇਤਨਾ ਦਾ ਪਸਾਰ ਜ਼ਰੂਰੀ ਮੰਨਿਆ ਜਾਂਦਾ ਹੈ। ਇਸ ਲਈ ਰਾਜਨੀਤੀ ਵਿੱਚ ਵੀ ਔਰਤਾਂ ਨੂੰ ਵੱਧ ਅਧਿਕਾਰ ਤੇ ਸੁਰੱਖਿਆ ਦੇਣ ਦੀ ਜ਼ਰੂਰਤ ਹੈ ਅਤੇ ਭਰੂਣ ਹੱਤਿਆ ਬਾਰੇ ਜਾਗ੍ਰਿਤੀ ਲਹਿਰ ਚਲਾਉਣ ਦੀ ਜ਼ਰੂਰਤ ਹੈ।

ਲੋੜ ਇਸ ਗੱਲ ਦੀ ਹੈ ਕਿ ਪੁਰਾਤਨ ਜਗੀਰੂ ਸਿਸਟਮ, ਜੋ ਕਿ ਔਰਤ ਨੂੰ ਮਰਦ ਦਾ ਗੁਲਾਮ ਬਣਾਉਂਦਾ ਹੈ, ਜਿਸ ਕਾਰਨ ਔਰਤ ਘਰੇਲੂ ਹਿੰਸਾ ਤੇ ਸੈਕਸ ਸੋਸ਼ਣ ਦਾ ਸ਼ਿਕਾਰ ਹੁੰਦੀ ਹੈ, ਉਸ ਨੂੰ ਤਬਦੀਲ ਕੀਤਾ ਜਾਵੇ। ਇਸਤਰੀ ਨੂੰ ਸਾਮੰਤਵਾਦ ਤੇ ਵਿਸ਼ਵੀਕਰਨ ਦੀਆਂ ਸੰਰਚਨਾਵਾਂ ਤੋਂ ਅੱਗੇ ਜਾਣ ਲਈ ਅਜਿਹੇ ਸੁਪਨੇ ਤਲਾਸ਼ਣੇ ਹੋਣਗੇ, ਜੋ ਉਸ ਦੇ ਆਪਣੇ ਹੋਣ ਅਤੇ ਸੰਪੂਰਨ ਸਮਾਜ ਦੇ ਹਿੱਤਾਂ ਨੂੰ ਧਿਆਨ ‘ਚ ਰੱਖਦੇ ਹੋਏ ਸਮਾਨਤਾ ਵੱਲ ਲਿਜਾਂਦੇ ਹੋਣ। ਵਿਸ਼ਵੀਕਰਨ ਜਿਸ ਭੌਤਿਕਵਾਦੀ ਅਨੈਤਿਕਤਾ ਦਾ ਜਾਲ ਦਾ ਤਾਣਾ-ਬਾਣਾ ਬੁਣ ਰਹੀ ਹੈ, ਉਸ ਤੋਂ ਬਾਹਰ ਨਿਕਲਣਾ ਔਰਤ ਲਈ ਬਹੁਤ ਜ਼ਰੂਰੀ ਹੈ। ਇਸ ਦੇ ਲਈ ਲੋਕ ਜਾਗ੍ਰਿਤੀ ਦੀ ਲੋੜ ਹੈ। ਭੌਤਿਕਤਾ ਦੀ ਦੌੜ ਵਿੱਚ ਸਾਨੂੰ ਗੰਭੀਰ ਚਿੰਤਨ ਕਰਨਾ ਹੋਵੇਗਾ ਕਿ ਸਾਡੇ ਲਈ ਨੈਤਿਕਤਾ ਕਿੰਨੀ ਜ਼ਰੂਰੀ ਹੈ ਤੇ ਅਜ਼ਾਦੀ ਦੇ ਅਸਲ ਅਰਥ ਕੀ ਹਨ, ਤਾਂ ਜੋ ਅਸੀਂ ਆਪਣੇ ਰਿਸ਼ਤੇ-ਨਾਤਿਆਂ ਤੋਂ ਨਾ ਟੁੱਟੀਏ ਅਤੇ ਆਪਣੀ ਅਸਲ ਅਜ਼ਾਦੀ ਨੂੰ ਕਾਇਮ ਰੱਖੀਏ। ਇਸ ਦੇ ਲਈ ਮੀਡੀਏ ਦੀ ਅਹਿਮ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸਤਰੀ ਨੂੰ ਦੇਹ ਸ਼ਾਸਤਰ ਤੱਕ ਸੀਮਤ ਕਰਨ ਦੀ ਥਾਂ ਉਸ ਦੀ ਅਸਲ ਅਜ਼ਾਦੀ ਪ੍ਰਤੀ ਉਸ ਨੂੰ ਪ੍ਰਗਟ ਕਰੇ, ਨਾ ਕਿ ਉਸ ਨੂੰ ਅਖੌਤੀ ਆਧੁਨਿਕਤਾ ਦੇ ਸਮੁੰਦਰ ਵਿੱਚ ਡੋਬਾ ਦੇ ਦੇਵੇ।

## ਉਮਰ ਭਰ ਜੇਲ੍ਹ ਵਿਚ ਰਹੇਗਾ ਬਲਾਤਕਾਰੀ ਸਾਧ ਆਸਾਰਾਮ

ਨੂੰ ਜੋਧਪੁਰ ਦੀ ਅਦਾਲਤ ਨੇ ਨਾਬਾਲਗ ਨਾਲ ਜਬਰ ਜਨਾਹ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਜਦਕਿ ਮਾਮਲੇ ਦੇ ਬਾਕੀ ਦੋਸ਼ੀਆਂ ਨੂੰ 20-20 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਪੰਜ ਸਾਲ ਪਹਿਲਾਂ ਅਪਣੇ ਆਸ਼ਰਮ ਵਿੱਚ ਨਾਬਾਲਗ ਸ਼ਰਧਾਲੂ ਕੁੜੀ ਨਾਲ ਜਬਰ ਜਿਨਾਹ ਕਰਨ ਬਦਲੇ ਆਸਾਰਾਮ ਉੱਤੇ ਮੁਕਦਮਾ ਚੱਲ ਰਿਹਾ ਸੀ।

ਦਸਿਆ ਜਾਂਦਾ ਹੈ ਕਿ ਜੱਜ ਵਲੋਂ ਬੁੱਧਵਾਰ ਨੂੰ ਸਜ਼ਾ ਸੁਣਾਏ ਜਾਣ ਬਾਅਦ 77 ਸਾਲਾ ਉਮਰ ਦਾ ਆਸਾਰਾਮ ਧਾਹਾਂ ਮਾਰ ਮਾਰ ਕੇ ਰੋਣ ਲੱਗਾ।

ਵਰਨਣਯੋਗ ਹੈ ਕਿ ਬਲਾਤਕਾਰ ਦੇ ਮਾਮਲੇ ’ਚ ਦੋਸ਼ੀ ਕਰਾਰ ਦੇ ਕੇ ਸਜ਼ਾ ਪਾਉਣ ਵਾਲਾ ਦੂਜਾ ਸਾਧ ਹੈ।

ਪਹਿਲਾਂ ਪਿਛਲੇ ਸਾਲ ਸਿਰਸਾ ਡੇਰੇ ਦੇ ਮੁਖੀ ਪਾਖੰਡੀ ਸਾਧ ਰਾਮ ਰਹੀਮ ਨੂੰ ਵੀ 20 ਸਾਲ ਜੇਲ੍ਹ ਬੰਦ ਰੱਖਣ ਦੀ ਸਜ਼ਾ ਸੁਣਾਈ ਗਈ ਸੀ। ਉਸਨੂੰ ਵੀ ਅਦਾਲਤ ’ਚ ਡਾਡਾਂ ਮਾਰ ਕੇ ਰੋਂਦੇ ਨੂੰ ਪੁਲੀਸ ਵਾਲੇ ਰੋਹਤਕ ਦੀ ਜੇਲ੍ਹ ’ਚ ਲੈ ਕੇ ਗਏ ਸੀ।

## ਭਾਰਤੀਆਂ ਵਲੋਂ ਮੋਦੀ ਖ਼ਿਲਾਫ਼ ਲੰਡਨ ’ਚ ਰੋਸ ਮੁਜ਼ਾਹਰੇ

ਭਾਰਤ ਦੇ ਇਕ ਮੋਹਰੀ ਚੈਨਲ ਦਾ ਪੱਤਰਕਾਰ ਵੀ ਰੋਹ-ਭਰੇ ਕਥਿਤ ਖ਼ਾਲਿਸਤਾਨ-ਪੱਖੀਆਂ ਦੀ ਹਿੰਸਕ ਭੀੜ ਵਿੱਚ ਘਿਰ ਗਿਆ। ਇਸ ਕਾਰਨ ਮੌਕੇ ‘ਤੇ ਤਾਇਨਾਤ ਬਰਤਾਨਵੀ ਪੁਲੀਸ ਸਕਾਟਲੈਂਡ ਯਾਰਡ ਦੇ ਜਵਾਨਾਂ ਨੂੰ ਉਸ ਦੇ ਬਚਾਅ ਲਈ ਦਖ਼ਲ ਦੇਣਾ ਪਿਆ। ਸ੍ਰੀ ਮੋਦੀ ਦੀ ਫੇਰੀ ਨਾਲ ਸਬੰਧਤ ਇਕ ਸੀਨੀਅਰ ਅਧਿਕਾਰੀ ਨੇ ਇਸ ‘ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ, “ਅਸੀਂ ਇਸ ਘਟਨਾ ਖ਼ਿਲਾਫ਼ ਬਰਤਾਨਵੀ ਅਧਿਕਾਰੀਆਂ ਕੋਲ ਆਪਣੀ ਚਿੰਤਾ ਜ਼ਾਹਰ ਕਰ ਦਿੱਤੀ ਹੈ। ਅਸੀਂ ਇਨ੍ਹਾਂ ਅਨਸਰਾਂ ਵੱਲੋਂ ਗੜਬੜ ਕੀਤੇ ਜਾਣ ਦੇ ਖ਼ਦਸ਼ੇ ਬਾਰੇ ਚੌਕਸ ਕਰਦੇ ਆ ਰਹੇ ਸਾਂ ਤੇ ਅਧਿਕਾਰੀਆਂ ਨੇ ਸਾਨੂੰ ਕਾਰਵਾਈ ਦਾ ਭਰੋਸਾ ਦਿੱਤਾ ਹੈ। ਭਾਰਤੀ ਤਿਰੰਗਾ ਮੁੜ ਲਹਿਰਾ ਦਿੱਤਾ ਗਿਆ ਹੈ।“

ਪਾਰਲੀਮੈਂਟ ਸਕੁਏਅਰ ਵਿੱਚ ਕਰੀਬ 500 ਮੁਜ਼ਾਹਰਾਕਾਰੀਆਂ ਦੀ ਅਗਵਾਈ ਖ਼ਾਲਿਸਤਾਨ-ਪੱਖੀ ਸਿੱਖ ਫੈਡਰੇਸ਼ਨ ਯੂਕੇ ਅਤੇ ਪਾਕਿਤਸਾਨੀ ਮੂਲ ਦੇ ਪੀਰ ਲਾਰਡ ਅਹਿਮਦ ਦੇ ‘ਮਾਇਨੌਰਿਟੀਜ਼ ਅਗੇਂਸਟ ਮੋਦੀ’ ਨਾਮੀ ਗਰੁੱਪ ਵੱਲੋਂ ਕੀਤੀ ਜਾ ਰਹੀ ਸੀ। ਮੁਜ਼ਾਹਾਕਾਰੀਆਂ ਵਿੱਚ ਕੁਝ ਕਸ਼ਮੀਰੀ ਵੱਖਵਾਦੀ ਗਰੁੱਪ ਵੀ ਸ਼ਾਮਲ ਸਨ। ਕੁਝ ਸਮੇਂ ਲਈ ਉਨ੍ਹਾਂ ਸਕੁਏਅਰ ਵਿੱਚ ਸਥਿਤ ਮਹਾਤਮਾ ਗਾਂਧੀ ਦੇ ਬੁੱਤ ਨੂੰ ਵੀ ਆਪਣੇ ਬੈਨਰਾਂ ਤੇ ਝੰਡਿਆਂ ਨਾਲ ਘੇਰਾ ਪਾਇਆ।

ਕਾਸਟ ਵਾਚ ਯੂਕੇ ਤੇ ਸਾਊਥ ਏਸ਼ੀਆ ਸੌਲਿਡੈਰਿਟੀ ਦੇ ਕਾਰਕੁਨਾਂ ਨੇ ਵੀ ‘ਮੋਦੀ ਤੇਰਾ ਸਵਾਗਤ ਨਹੀਂ’ ਲਿਖੇ ਬੈਨਰ ਦਿਖਾਏ। ਇਨ੍ਹਾਂ ਮੁਜ਼ਾਹਰਾਕਾਰੀਆਂ ਨੇ ਕਠੂਆ ਬਲਾਤਕਾਰ ਕਾਂਡ ਦੀ ਸ਼ਿਕਾਰ ਅੱਠ ਸਾਲਾ ਬੱਚੀ ਆਸਿਫ਼ਾ ਬਾਨੋ ਤੇ ਕਥਿਤ ਹਿੰਦੂਵਾਦੀਆਂ ਵੱਲੋਂ ਕਤਲ ਕੀਤੀ ਗਈ ਪੱਤਰਕਾਰ ਗੌਰੀ ਲੰਕੇਸ਼ ਦੀਆਂ ਤਸਵੀਰਾਂ ਵੀ ਚੁੱਕੀਆਂ ਹੋਈਆਂ ਸਨ। ਦੂਜੇ ਪਾਸੇ ਸਾੜ੍ਹੀਧਾਰੀ ਔਰਤਾਂ ਦੇ ਇਕ ਗਰੁੱਪ ਨੇ ਸ੍ਰੀ ਮੋਦੀ ਦੇ ਹੱਕ ਵਿੱਚ ਵੀ ਮੁਜ਼ਾਹਰਾ ਕੀਤਾ।

### ਭਾਰਤੀ ਵਿਦੇਸ਼ ਮੰਤਰਾਲੇ ਨੇ ਬਰਤਾਨੀਆ ’ਚ ਤਿਰੰਗੇ ਦੀ ਬੇਅਦਬੀ ਲਈ ਮੰਗੀ ਕਾਰਵਾਈ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੇਰੀ ਮੌਕੇ ਬਰਤਾਨੀਆ ਦੇ ਪਾਰਲੀਮੈਂਟ ਚੌਕ ਵਿੱਚ ਭਾਰਤ ਦੇ ਕੌਮੀ ਝੰਡੇ ਦੀ ਬੇਅਦਬੀ ਕਰਨ ਵਾਲਿਆਂ ਵਿਰੁੱਧ ਭਾਰਤ ਨੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਮਾਮਲਾ ਬਰਤਾਨੀਆ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਉੱਚ ਪੱਧਰ ਉੱਤੇ ਰੋਸ ਜਤਾਇਆ ਗਿਆ ਹੈ। ਭਾਰਤੀ ਵਿਦੇਸ਼ ਵਿਭਾਗ ਦੇ ਬੁਲਾਰੇ ਰਵੀਸ਼ ਕੁਮਾਰ ਨੇ ਇੱਥੇ ਪੱਤਰਕਾਰਾਂ ਨੂੰ ਦੱਸਿਆ ਕਿ ਪਾਰਲੀਮੈਂਟ ਚੌਕ ਵਿੱਚ ਕੌਮੀ ਝੰਡੇ ਨਾਲ ਵਾਪਰੀ ਘਟਨਾ ਤੋਂ ਸਾਡੇ ਵਿੱਚ ਬੇਹੱਦ ਰੋਹ ਹੈ। ਮਾਮਲਾ ਬਰਤਾਨੀਆ ਸਰਕਾਰ ਅੱਗੇ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ ਹੈ। ਦੂਜੇ ਪਾਸੇ ਬਰਤਾਨੀਆ ਨੇ ਇਸ ਦੇ ਲਈ ਪਹਿਲਾਂ ਹੀ ਮੁਆਫੀ ਮੰਗ ਲਈ ਹੈ। ਵਿਦੇਸ਼ ਅਤੇ ਰਾਸ਼ਟਰਮੰਡਲ ਦਫਤਰ ਦੇ ਬੁਲਾਰੇ ਨੇ ਕਿਹਾ ਕਿ ਲੋਕਾਂ ਨੂੰ ਸ਼ਾਂਤਮਈ ਮੁਜ਼ਾਹਰਾ ਕਰਨ ਦਾ ਹੱਕ ਹੈ ਪਰ ਸਾਨੂੰ ਇੱਕ ਘੱਟ ਗਿਣਤੀ ਧੜੇ ਵੱਲੋਂ ਪਾਰਲੀਮੈਂਟ ਚੌਕ ਵਿੱਚ ਕੀਤੀ ਕਾਰਵਾਈ ਨੇ ਨਿਰਾਸ਼ ਕੀਤਾ ਹੈ ।ਇਸ ਸਬੰਧੀ ਤੁਰੰਤ ਭਾਰਤ ਦੇ ਹਾਈ ਕਮਿਸ਼ਨਰ ਯਸ਼ਵਰਧਨ ਕੁਮਾਰ ਸਿਨਹਾ ਦੇ ਨਾਲ ਸੰਪਰਕ ਕੀਤਾ ਗਿਆ ਸੀ। ਬਾਅਦ ਵਿੱਚ ਨਵੇਂ ਸਿਰੇ ਤੋਂ ਕੌਮੀ ਝੰਡਾ ਲਹਿਰਾ ਦਿੱਤਾ ਗਿਆ ਸੀ। ਸਕਾਟਲੈਂਡ ਪੁਲੀਸ ਘਟਨਾ ਦੀ ਜਾਂਚ ਕਰ ਰਹੀ ਹੈ।

ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਖਾਸ ਤੌਰ ਉੱਤੇ ਉਨ੍ਹਾਂ ਲੋਕਾਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਆਸ ਕਰਦੇ ਹਾਂ ਜਿਨ੍ਹਾਂ ਨੇ ਇਸ ਕਾਰਵਾਈ ਨੂੰ ਅੰਜ਼ਾਮ ਦਿੱਤਾ ਅਤੇ ਭੜਕਾਹਟ ਪੈਦਾ ਕੀਤੀ। ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਥੇ ਆਏ ਸਨ ਤਾਂ ਕੁੱਝ ਖਾਲਿਸਤਾਨ ਪੱਖੀਆਂ ਅਤੇ ਕਸ਼ਮੀਰੀ ਵੱਖਵਾਦੀਆਂ ਨੇ ‘ਮੋਦੀ ਵਿਰੁੱਧ ਘੱਟ ਗਿਣਤੀਆਂ ਗਰੁੱਪ’ ਦੇ ਬੈਨਰ ਥੱਲੇ ਰੋਸ ਪ੍ਰਗਟ ਕਰਦਿਆਂ ਭਾਰਤ ਦਾ ਕੌਮੀ ਝੰਡਾ ਲਾਹ ਕੇ ਪਾੜ ਦਿੱਤਾ ਸੀ। ਇਹ ਘਟਨਾ ਕੈਮਰੇ ਵਿੱਚ ਕੈਦ ਹੋ ਗਈ ਸੀ ਅਤੇ ਇਨ੍ਹਾਂ ਦੀ ਅਗਵਾਈ ਪਾਕਿਸਤਾਨੀ ਮੂਲ ਦਾ ਪੀਰ ਲਾਰਡ ਅਹਿਮਦ ਕਰ ਰਿਹਾ ਸੀ।

## ਪੰਜਾਬ ਵਜ਼ਾਰਤ ’ਚ 9 ਮੰਤਰੀ ਸ਼ਾਮਲ ਕਰਨ ਬਾਅਦ ਕਾਂਗਰਸ ’ਚ ਅੰਦਰੂਨੀ ਕਾਟੋ ਕਲੇਸ਼

ਕਰਨ ਲਈ ਐਤਵਾਰ ਨੂੰ ਸਾਰਾ ਦਿਨ ਕੋਸ਼ਿਸ਼ਾਂ ਕੀਤੀਆਂ। ਨਾਰਾਜ਼ ਵਿਧਾਇਕਾਂ ਨੂੰ ਮਨਾਉਣ ਦਾ ਕੰਮ ਅਜੇ ਸਿਰੇ ਨਹੀਂ ਲੱਗ ਸਕਿਆ ਹੈ ਜਿਸ ਕਰਕੇਦ ਇਹ ਕੋਸ਼ਿਸ਼ਾਂ ਜਾਰੀ ਰਹਿਣਗੀਆਂ।

ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਕਰਦਿਆਂ ਆਪਣੇ ਕੋਲ 19 ਵਿਭਾਗ ਰੱਖੇ ਹਨ। ਦੋ-ਤਿੰਨ ਮੰਤਰੀਆਂ ਦੇ ਵਿਭਾਗਾਂ ਵਿਚ ਫੇਰ ਬਦਲ ਕੀਤਾ ਗਿਆ ਹੈ। ਦੋਵਾਂ ਮਹਿਲਾ ਮੰਤਰੀਆਂ ਦੇ ਵਿਭਾਗ ਬਦਲ ਦਿਤੇ ਗਏ ਹਨ। ਸਿੱਖਿਆ ਵਿਭਾਗ ਦੋ ਮੰਤਰੀਆਂ ਨੂੰ ਦਿਤਾ ਗਿਆ ਹੈ। ਸਕੂਲ ਸਿੱਖਿਆ ਨਵੇਂ ਮੰਤਰੀ ਓ.ਪੀ. ਸੋਨੀ ਅਤੇ ਉਚੇਰੀ ਸਿੱਖਿਆ ਰਜ਼ੀਆ ਸੁਲਤਾਨਾ ਨੂੰ ਦਿਤੀ ਗਈ ਹੈ। ਨਵਜੋਤ ਸਿੱਧੂ, ਮਨਪ੍ਰੀਤ ਬਾਦਲ, ਸਾਧੂ ਸਿੰਘ ਧਰਮਸੋਤ, ਚਰਨਜੀਤ ਸਿੰਘ ਚੰਨੀ ਕੋਲ ਪਹਿਲਾਂ ਵਾਲੇ ਹੀ ਵਿਭਾਗ ਰਹਿਣਗੇ। ਪਰ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੂੰ ਪੰਚਾਇਤਾਂ ਤੇ ਪੇਂਡੂ ਵਿਕਾਸ ਦੇ ਨਾਲ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਅਤੇ ਬ੍ਰਹਮ ਮਹਿੰਦਰਾ ਨੂੰ ਪਹਿਲੇ ਵਿਭਾਗਾਂ ਦੇ ਨਾਲ ਨਵਾਂ ਸ਼ਿਕਾਇਤ ਨਿਵਾਰਨ ਵਿਭਾਗ ਦਿਤਾ ਗਿਆ ਹੈ।

ਸ੍ਰੀ ਸੋਨੀ ਨੂੰ ਸਕੂਲ ਸਿੱਖਿਆ ਦੇ ਨਾਲ ਸੁਤੰਤਰਤਾ ਸੈਨਾਨੀ ਵਿਭਾਗ, ਰਾਣਾ ਗੁਰਮੀਤ ਸਿੰਘ ਸੋਢੀ ਨੂੰ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਅਤੇ ਅਰੁਣਾ ਚੌਧਰੀ ਨੂੰ ਸਮਾਜਿਕ ਸੁਰੱਖਿਆ, ਔਰਤਾਂ ਤੇ ਬਾਲ ਵਿਕਾਸ ਵਿਭਾਗ ਦੇ ਨਾਲ ਟਰਾਂਸਪੋਰਟ ਵਿਭਾਗ ਦਿਤਾ ਹੈ। ਰਜ਼ੀਆ ਸੁਲਤਾਨਾ ਨੂੰ ਉਚੇਰੀ ਸਿੱਖਿਆ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਸਹਿਕਾਰਤਾ ਅਤੇ ਜੇਲ੍ਹ ਵਿਭਾਗ ਦਿਤਾ ਗਿਆ ਹੈ। ਸੁੱਖ ਸਰਕਾਰੀਆ ਨੂੰ ਮਾਲ, ਮੁੜ ਵਸੇਬਾ, ਪਾਣੀ ਸੋਮੇ ਅਤੇ ਖਣਨ ਵਿਭਾਗ, ਗੁਰਪ੍ਰੀਤ ਸਿੰਘ ਕਾਂਗੜ ਨੂੰ ਬਿਜਲੀ, ਨਵਿਆਉਣਯੋਗ ਊਰਜਾ, ਬਲਬੀਰ ਸਿੰਘ ਸਿੱਧੂ ਨੂੰ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਕਿਰਤ ਵਿਭਾਗ, ਵਿਜੇਇੰਦਰ ਸਿੰਗਲਾ ਨੂੰ ਲੋਕ ਨਿਰਮਾਣ ਅਤੇ ਸੂਚਨਾ ਤਕਨਾਲੋਜੀ, ਸੁੰਦਰ ਸ਼ਿਆਮ ਅਰੋੜਾ ਨੂੰ ਸਨਅਤ ਅਤੇ ਵਣਜ ਵਿਭਾਗ ਦਿਤਾ ਹੈ। ਭਾਰਤ ਭੂਸਣ ਆਸ਼ੂ ਨੂੰ ਖੁਰਾਕ ਤੇ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦਿਤਾ ਗਿਆ ਹੈ। ਪਹਿਲਾਂ ਰਾਜਭਵਨ ਵਿੱਚ ਹੋਏ ਹਲਫ਼ਦਾਰੀ ਸਮਾਗਮ ਵਿੱਚ ਰਾਜਪਾਲ ਨੇ ਸਭ ਤੋਂ ਪਹਿਲਾਂ ਸੀਨੀਅਰ ਵਿਧਾਇਕ ਓ.ਪੀ. ਸੋਨੀ ਨੂੰ ਸਹੁੰ ਚੁਕਾਈ। ਉਨ੍ਹਾਂ ਤੋਂ ਬਾਅਦ ਰਾਣਾ ਗੁਰਮੀਤ ਸਿੰਘ ਸੋਢੀ ਤੇ ਫਿਰ ਤੀਜੇ ਤੇ ਚੌਥੇ ਸਥਾਨ ‘ਤੇ ਮਹਿਲਾ ਮੰਤਰੀਆਂ ਅਰੁਣਾ ਚੌਧਰੀ ਤੇ ਰਜ਼ੀਆ ਸੁਲਤਾਨਾ ਨੂੰ ਰਾਜ ਮੰਤਰੀਆਂ ਤੋਂ ਕੈਬਨਿਟ ਮੰਤਰੀਆਂ ਵਜੋਂ ਸਹੁੰ ਚੁਕਾਈ ਗਈ। ਪੰਜਵੇਂ ਨੰਬਰ ‘ਤੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੂੰ ਸਹੁੰ ਚੁਕਾਈ ਗਈ। ਛੇਵੇਂ ਨੰਬਰ ‘ਤੇ ਮਾਝੇ ਤੋਂ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਸੁੱਖ ਸਰਕਾਰੀਆ ਨੂੰ ਸਹੁੰ ਚੁਕਾਈ ਜਾਣੀ ਸੀ ਪਰ ਗੁਰਪ੍ਰੀਤ ਸਿੰਘ ਕਾਂਗੜ ਨੂੰ ਸਹੁੰ ਚੁਕਾ ਦਿੱਤੀ ਗਈ ਪਰ ਇਸ ਗਲਤੀ ਨੂੰ ਮੁੱਖ ਸਕੱਤਰ ਨੇ ਉਸੇ ਸਮੇਂ ਹੀ ਸੁਧਾਰ ਲਿਆ ਗਿਆ। ਮੁਹਾਲੀ ਤੋਂ ਵਿਧਾਇਕ ਬਲਬੀਰ ਸਿੰਘ ਸਿੱਧੂ ਨੂੰ ਅੱਠਵੇਂ, ਸੰਗਰੂਰ ਤੋਂ ਨੌਜਵਾਨ ਆਗੂ ਵਿਜੇਇੰਦਰ ਸਿੰਗਲਾ ਨੂੰ ਨੌਵੇਂ, ਫਿਰ ਸੁੰਦਰ ਸ਼ਿਆਮ ਅਰੋੜਾ ਅਤੇ ਅਖੀਰ ਲੁਧਿਆਣਾ ਤੋਂ ਵਿਧਾਇਕ ਭਾਰਤ ਭੂਸ਼ਣ ਆਸ਼ੂ ਨੂੰ ਸਹੁੰ ਚੁਕਾਉਣ ਨਾਲ ਸਮਾਗਮ ਖਤਮ ਹੋ ਗਿਆ।

ਸਮਾਗਮ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਲ ਸੁਨੀਲ ਜਾਖੜ, ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ, ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ, ਸਹਾਇਕ ਇੰਚਾਰਜ ਹਰੀਸ਼ ਚੌਧਰੀ, ਸਾਬਕਾ ਮੰਤਰੀ ਲਾਲ ਸਿੰਘ, ਅਮਰਜੀਤ ਸਿੰਘ ਸਮਰਾ, ਕੈਪਟਨ ਵਜ਼ਾਰਤ ਦੇ ਸਾਰੇ ਮੰਤਰੀ ਅਤੇ ਸੀਨੀਅਰ ਅਧਿਕਾਰੀ ਹਾਜ਼ਰ ਸਨ। ਮੰਤਰੀ ਨਾ ਬਣਾਏ ਜਾਣ ਕਾਰਨ ਨਾਰਾਜ਼ ਵਿਧਾਇਕਾਂ ਵਿੱਚੋਂ ਕੁਲਜੀਤ ਸਿੰਘ ਨਾਗਰਾ ਨੂੰ ਛੱਡ ਕੇ ਬਾਕੀ ਹਾਜ਼ਰ ਨਹੀਂ ਹੋਏ। ਨਾਰਾਜ਼ ਵਿਧਾਇਕਾਂ ਵਿਚ ਰਾਜ ਕੁਮਾਰ ਵੇਰਕਾ, ਰਾਜਾ ਵੜਿੰਗ, ਗੁਰਕੀਰਤ ਸਿੰਘ ਕੋਟਲੀ, ਨਵਤੇਜ ਸਿੰਘ ਚੀਮਾ, ਸੰਗਤ ਸਿੰਘ ਗਿਲਜੀਆਂ, ਕਾਕਾ ਰਣਦੀਪ ਸਿੰਘ ਅਤੇ ਰਾਕੇਸ਼ ਪਾਂਡੇ ਸ਼ਾਮਲ ਹਨ। ਮੁੱਖ ਸਕੱਤਰ ਨੇ ਸਾਰਾ ਸਮਾਗਮ ਅੰਗਰੇਜ਼ੀ ਵਿੱਚ ਚਲਾਇਆ ਪਰ ਸਮਾਗਮ ਖਤਮ ਕਰਨ ‘ਤੇ ਚਾਹ ਪੀਣ ਦਾ ਸੱਦਾ ਪੰਜਾਬੀ ਵਿੱਚ ਦਿੱਤਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਗੁਲਾਬੀ ਪੱਗ ਅਤੇ ਚਿੱਟਾ ਕੁੜਤਾ-ਪਜ਼ਾਮਾ ਅਤੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਰਾਜਸਥਾਨੀ ਪਗੜੀ ਪਹਿਨ ਕੇ ਆਏ ਸਨ।

### ਕੈਪਟਨ ਕਹਿੰਦਾ : ਕੋਈ ਨਾਰਾਜ਼ ਨਹੀਂ

ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਵਿਚ ਪਹਿਲਾਂ ਹੀ ਚਾਰ ਦਲਿਤ ਮੰਤਰੀ ਹਨ ਜਿਸ ਕਰ ਕੇ ਇਸ ਭਾਈਚਾਰੇ ਵਿਚੋਂ ਹੋਰ ਮੈਂਬਰ ਨੂੰ ਸ਼ਾਮਲ ਨਹੀਂ ਕੀਤਾ ਜਾ ਸਕਦਾ ਸੀ। ਉਨ੍ਹਾਂ ਕਿਹਾ ਕਿ ਵਜ਼ਾਰਤ ਵਿਚ ਤਕਰੀਬਨ 25 ਫੀਸਦੀ ਦਲਿਤਾਂ ਦੀ ਨੁਮਾਇੰਦਗੀ ਹੈ। ਸਥਾਨ ਨਾ ਪ੍ਰਾਪਤ ਕਰ ਸਕਣ ਵਾਲੇ ਸਾਰੇ ਕਾਂਗਰਸੀ ਵਿਧਾਇਕਾਂ ਨੂੰ ਮੁੱਖ ਮੰਤਰੀ ਨੇ ਭਰੋਸਾ ਦਿਵਾਇਆ ਹੈ ਕਿ ਉਨ੍ਹਾਂ ਨੂੰ ਵੱਖ-ਵੱਖ ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿਚ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਰਕੀਟ ਕਮੇਟੀਆਂ ਤੋਂ ਲੈ ਕੇ ਯੋਜਨਾ ਬੋਰਡਾਂ ਤੱਕ 7000 ਅਹੁਦੇ ਹਨ ਜੋ ਪਾਰਟੀ ਵਰਕਰਾਂ ਨੂੰ ਦਿੱਤੇ ਜਾ ਸਕਦੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਵਿਧਾਇਕਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੀ ਨਾਰਾਜ਼ਗੀ ਦੂਰ ਕੀਤੀ ਜਾਵੇਗੀ।

### ਮੰਤਰੀ ਮੰਡਲ ‘ਚ ਵਾਧੇ ਖ਼ਿਲਾਫ਼ ਪਟੀਸ਼ਨ ਦਾਇਰ

ਚੰਡੀਗੜ੍ਹ : ਪੰਜਾਬ ਵਜ਼ਾਰਤ ਵਿੱਚ ਨਵੇਂ ਮੰਤਰੀਆਂ ਵੱਲੋਂ ਸਹੁੰ ਚੁੱਕੇ ਜਾਣ ਤੋਂ ਕੁਝ ਘੰਟੇ ਪਹਿਲਾਂ ਇਸ ਵਜ਼ਾਰਤੀ ਵਾਧੇ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਵਾਧੇ ਨੂੰ ਰੋਕਣ ਦੀ ਮੰਗ ਕੀਤੀ ਗਈ। ਪਟੀਸ਼ਨਰ ਨੇ ਦੋਸ਼ ਲਾਇਆ ਕਿ ਇਸ ਵਾਧੇ ਨਾਲ ਸੰਵਿਧਾਨ ਦੀ 91ਵੀਂ ਤਰਮੀਮ ਰਾਹੀਂ ਕੁੱਲ ਮੰਤਰੀਆਂ ਦੀ ਗਿਣਤੀ ਕੁੱਲ ਵਿਧਾਇਕਾਂ ਦੇ 15 ਫ਼ੀਸਦੀ ਤੱਕ ਸੀਮਤ ਰੱਖਣ ਦੀ ਵਿਵਸਥਾ ਦਾ ਉਲੰਘਣ ਹੋਵੇਗਾ। ਪਟੀਸ਼ਨਰ ਨੇ ਜਸਟਿਸ ਏ.ਕੇ. ਮਿੱਤਲ ਤੇ ਜਸਟਿਸ ਅਨੁਪਿੰਦਰ ਸਿੰਘ ਦੇ ਬੈਂਚ ਅੱਗੇ ਬੇਨਤੀ ਕੀਤੀ ਕਿ ਪਟੀਸ਼ਨ ਉਤੇ ਫ਼ੌਰੀ ਗ਼ੌਰ ਕੀਤੀ ਜਾਵੇ। ਉਨ੍ਹਾਂ ਕਿਹਾ, “ਕਿਸੇ ਸੂਬੇ ਵਿੱਚ ਮੰਤਰੀ ਪ੍ਰੀਸ਼ਦ ਦੀ ਗਿਣਤੀ ਉਥੋਂ ਦੀ ਵਿਧਾਨ ਸਭਾ ਦੇ ਮੈਂਬਰਾਂ ਦੇ 15 ਫ਼ੀਸਦੀ ਤੋਂ ਵੱਧ ਨਹੀਂ ਹੋਣੀ ਚਾਹੀਦੀ। ਮੌਜੂਦਾ ਮਾਮਲੇ ਵਿੱਚ ਇਹ ਸਦਨ ਦੀ ਕੁੱਲ ਗਿਣਤੀ ਦੇ 15 ਫ਼ੀਸਦੀ ਤੋਂ ਵੱਧ ਰਹੀ ਹੈੲ ਮੁਦਾਲਾ ਪੰਜਾਬ ਰਾਜ 15 ਫ਼ੀਸਦੀ ਤੋਂ ਵੱਧ ਮੰਤਰੀਆਂ ਦੀ ਨਿਯੁਕਤੀ ਕਰ ਕੇ ਸੰਵਿਧਾਨਕ ਤਰਮੀਮ ਦਾ ਉਲੰਘਣ ਕਰ ਰਿਹਾ ਹੈ।“

ਪਰ ਬੈਂਚ ਨੇ ਇਸ ‘ਤੇ ਫ਼ੌਰੀ ਸੁਣਵਾਈ ਤੋਂ ਨਾਂਹ ਕਰਦਿਆਂ ਪਟੀਸ਼ਨ ‘ਤੇ ਸੋਮਵਾਰ ਨੂੰ ਮੁੜ ਸੁਣਵਾਈ ਬਾਅਦ ਸਰਕਾਰ ਨੂੰ ਇਸ ਸਬੰਧੀ ਨੋਟਿਸ ਜਾਰੀ ਕਰ ਦਿੱਤਾ।

### ਦੋ ਦਲਿਤ ਵਿਧਾਇਕਾਂ ਨੇ ਛੱਡੇ ਪਾਰਟੀ ਅਹੁਦੇ

ਮਲੋਟ: ਸੂਬੇ ਦੀ ਕਾਂਗਰਸ ਵਜ਼ਾਰਤ ਦੇ ਵਾਧੇ ਦੌਰਾਨ ਅਨੁਸੂਚਿਤ ਜਾਤਾਂ ਤੇ ਪਛੜੇ ਵਰਗਾਂ ਨੂੰ ‘ਹਾਸ਼ੀਏ’ ਉਤੇ ਰੱਖੇ ਜਾਣ ਖ਼ਿਲਾਫ਼ ਬਾਗ਼ੀ ਸੁਰਾਂ ਤੇਜ਼ ਹੋ ਗਈਆਂ ਹਨ। ਬੀਤੇ ਦਿਨ ਇਸ ਮਾਮਲੇ ‘ਚ ਪਛੜੇ ਵਰਗਾਂ ਨਾਲ ਸਬੰਧਤ ਵਿਧਾਇਕ ਸੰਗਤ ਸਿੰਘ ਗਿਲਜ਼ੀਆਂ ਵੱਲੋਂ ਕਾਂਗਰਸ ਪਾਰਟੀ ਦੇ ਆਪਣੇ ਸਾਰੇ ਅਹੁਦਿਆਂ ਤੋਂ ਅਸਤੀਫ਼ੇ ਦਿੱਤੇ ਜਾਣ ਤੋਂ ਬਾਅਦ ਹਲਕਾ ਬੱਲੂਆਣਾ ਦੇ ਵਿਧਾਇਕ ਨੱਥੂ ਰਾਮ ਨੇ ਵੀ ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਅਤੇ ਐਸਸੀ ਵਿੰਗ ਦੀ ਨੁਮਾਇੰਦਗੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਅਮਰਗੜ੍ਹ ਦੇ ਵਿਧਾਇਕ ਸੁਰਜੀਤ ਸਿੰਘ ਧੀਮਾਨ ਨੇ ਵੀ ਆਪਣੇ ਕਾਂਗਰਸੀ ਅਹੁਦੇ ਤਿਆਗ ਦਿੱਤੇ ਹਨ। ਸ੍ਰੀ ਨੱਥੂ ਰਾਮ ਦੇ ਤਰਜਮਾਨ ਵਿਨੋਦ ਕੁਮਾਰ ਨੇ ਦੱਸਿਆ ਕੈਪਟਨ ਸਰਕਾਰ ਵਿੱਚ ਪਹਿਲਾਂ ਵੀ ਐੱਸਸੀ ਅਤੇ ਬੀਸੀ ਵਰਗ ਦੇ ਵਿਧਾਇਕਾਂ ਨੂੰ ਬਣਦੀ ਨੁਮਾਇੰਦਗੀ ਨਹੀਂ ਮਿਲੀ ਸੀ। ਬੀਸੀ ਵਰਗ ਨੂੰ ਪਹਿਲਾਂ ਵੀ ਅੱਖੋਂ ਪਰੋਖੇ ਕੀਤਾ ਗਿਆ ਜਦਕਿ ਰਾਜ ਕੁਮਾਰ ਵੇਰਕਾ, ਨਿਰਮਲ ਸਿੰਘ ਵਰਗੇ ਸੀਨੀਅਰ ਆਗੂਆਂ ਨੂੰ ਵੀ ਅਹੁਦੇਦਾਰੀ ਤੋਂ ਵਾਂਝੇ ਰੱਖਿਆ ਗਿਆ।

ਦਿੜ੍ਹਬਾ ਮੰਡੀ : ਦੋ ਵਾਰ ਦਿੜ੍ਹਬਾ ਹਲਕੇ ਦੀ ਨੁਮਾਇੰਦਗੀ ਕਰ ਚੁੱਕੇ ਤੇ ਹੁਣ ਹਲਕਾ ਅਮਰਗੜ੍ਹ ਦੇ ਵਿਧਾਇਕ ਸੁਰਜੀਤ ਸਿੰਘ ਧੀਮਾਨ ਨੇ ਉਨ੍ਹਾਂ ਨੂੰ ਮੰਤਰੀ ਮੰਡਲ ਵਿੱਚ ਨਾ ਲੈਣ ਖ਼ਿਲਾਫ਼ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਡੈਲੀਗੇਟ ਅਤੇ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਦੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਸ੍ਰੀ ਧੀਮਾਨ ਨੇ ਕਿਹਾ ਕਿ ਪੰਜਾਬ ਵਿੱਚ ਬੀਸੀ ਭਾਈਚਾਰੇ ਦੀ 40 ਫ਼ੀਸਦੀ ਵੋਟ ਹੈ, ਜਿਸ ਮੁਤਾਬਕ ਇਸ ਭਾਈਚਾਰੇ ਦੇ ਚਾਰ-ਪੰਜ ਮੰਤਰੀ ਹੋਣੇ ਚਾਹੀਦੇ ਸਨ, ਪਰ ਹੈ ਇਕ ਵੀ ਨਹੀਂ। ਕਾਂਗਰਸ ਦੇ ਸਥਾਨਕ ਆਗੂ ਨਿਰੰਜਣ ਸਿੰਘ ਧੀਮਾਨ ਨੇ ਕਿਹਾ ਕਿ ਇਹ ਵਿਧਾਇਕ ਸ੍ਰੀ ਧੀਮਾਨ ਦਾ ਨਿੱਜੀ ਰੋਸ ਨਹੀਂ, ਬਲਕਿ ਪੰਜਾਬ ਦੇ ਬੀਸੀ ਭਾਈਚਾਰੇ ਦੇ ਸਮੁੱਚੇ ਲੋਕਾਂ ਦਾ ਰੋਸ ਹੈ।




ਖ਼ਾਲਸਾ ਸਾਜਨਾ ਦਿਹਾੜੇ ਦੇ ਸਬੰਧ ਵਿੱਚ ਸਰੀ ’ਚ ਵਿਸ਼ਾਲ ਨਗਰ ਕੀਰਤਨ ਦੌਰਾਨ ਵਕੀਲ ਜਸਪਾਲ ਸਿੰਘ ਮੰਝਪੁਰ ਨੂੰ ਸਨਮਾਨਿਤ ਕਰਦੇ ਹੋਏ ਗੁਰਦੁਆਰਾ ਕਮੇਟੀ ਮੈਂਬਰ।

## ਕਾਂਗਰਸ ਵਲੋਂ ਅਪਣੇ ਰੁੱਸੇ ਵਿਧਾਇਕਾਂ ਨੂੰ ਮਨਾਉਣ ਦੀਆਂ ਜ਼ੋਰਦਾਰ ਕੋਸ਼ਿਸ਼ਾਂ

ਚੰਡੀਗੜ੍ਹ/ਬਿਊਰੋ ਨਿਊਜ਼:

ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਨੇ ਪੰਜਾਬ ਵਜ਼ਾਰਤ ਵਿੱਚ ਥਾਂ ਨਾ ਮਿਲਣ ਤੋਂ ਨਾਰਾਜ਼ ਹੋਏ ਵਿਧਾਇਕਾਂ ਨੂੰ ਮਨਾਉਣ ਅਤੇ ਉਨ੍ਹਾਂ ਨੂੰ ਸ਼ਾਂਤ ਕਰਨ ਲਈ ਐਤਵਾਰ ਨੂੰ ਸਾਰਾ ਦਿਨ ਕੋਸ਼ਿਸ਼ਾਂ ਕੀਤੀਆਂ। ਨਾਰਾਜ਼ ਵਿਧਾਇਕਾਂ ਨੂੰ ਮਨਾਉਣ ਦਾ ਕੰਮ ਅਜੇ ਸਿਰੇ ਨਹੀਂ ਲੱਗ ਸਕਿਆ ਹੈ ਜਿਸ ਕਰਕੇਦ ਇਹ ਕੋਸ਼ਿਸ਼ਾਂ ਜਾਰੀ ਰਹਿਣਗੀਆਂ। ਜ਼ਿਕਰਯੋਗ ਹੈ ਕਿ ਕਾਂਗਰਸ ਆਗੂ ਇਸ ਕਰਕੇ ਵੀ ਜ਼ਿਆਦਾ ਫਿਕਰਮੰਦ ਹਨ ਕਿ 23 ਅਪਰੈਲ ਨੂੰ ਦਿੱਲੀ ਵਿੱਚ ਦਲਿਤ ਸੰਮੇਲਨ ਹੈ ਅਤੇ 29 ਅਪਰੈਲ ਨੂੰ ਕਾਂਗਰਸ ਪਾਰਟੀ ਦਿੱਲੀ ਵਿੱਚ ਰੈਲੀ ਕਰ ਰਹੀ ਹੈ। ਦੋਵਾਂ ਵਿੱਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਸ਼ਿਰਕਤ ਕਰਨੀ ਹੈ ਅਤੇ ਮਾਮਲਾ ਕਾਂਗਰਸ ਹਾਈਕਮਾਂਡ ਤਕ ਨਾ ਪਹੁੰਚੇ, ਇਸ ਕਰਕੇ ਵੀ ਉਨ੍ਹਾਂ ਨੂੰ ਜਲਦੀ ਮਨਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਆਗੂਆਂ ਦਾ ਖ਼ਿਆਲ ਹੈ ਕਿ ਨਾਰਾਜ਼ ਵਿਧਾਇਕਾਂ ਦਾ ਰੋਸ ਤੇ ਗੁੱਸਾ ਸੁਭਾਵਿਕ ਹੈ ਅਤੇ ਪਾਰਟੀ ਤੇ ਸਰਕਾਰ ਨੂੰ ਇਸ ਸਬੰਧੀ ਕੁਝ ਕਰਨਾ ਚਾਹੀਦਾ ਹੈ। ਪੰਜਾਬ ਕਾਂਗਰਸ ਦੇ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ, ਸਹਾਇਕ ਇੰਚਾਰਜ ਹਰੀਸ਼ ਚੌਧਰੀ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਪਾਰਟੀ ਤੇ ਸਰਕਾਰ ਵਿਚਾਲੇ ਕੜੀ ਦਾ ਕੰਮ ਕਰ ਰਹੇ ਮੁੱਖ ਮੰਤਰੀ ਦੇ ਰਾਜਨੀਤਕ ਸਲਾਹਕਾਰ ਸੰਦੀਪ ਸੰਧੂ ਵੀ ਨਾਰਾਜ਼ ਆਗੂਆਂ ਨੂੰ ਮਨਾਉਣ ‘ਚ ਜੁਟੇ ਹੋਏ ਹਨ। ਉਨ੍ਹਾਂ ਫੋਨ ਅਤੇ ਨਿੱਜੀ ਸੰਪਰਕਾਂ ਰਾਹੀਂ ਨਾਰਾਜ਼ ਆਗੂਆਂ ਨੂੰ ਪਲੋਸਣ ਦੀ ਕੋਸ਼ਿਸ਼ ਕੀਤੀ ਪਰ ਇਕ-ਦੋ ਮਾਮਲਿਆਂ ਦਾ ਹੱਲ ਹਾਲ ਦੀ ਘੜੀ ਹੁੰਦਾ ਨਜ਼ਰ ਨਹੀਂ ਆਉਂਦਾ। ਸੀਨੀਅਰ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਅੱਜ ਆਗੂਆਂ ਨੂੰ ਚੰਡੀਗੜ੍ਹ ਵਿੱਚ ਮਿਲ ਕੇ ਸਪੱਸ਼ਟ ਕੀਤਾ ਕਿ ਅਣਸੂਚਿਤ ਜਾਤੀਆਂ ਦੇ ਕੁੱਲ 21 ਵਿਧਾਇਕ ਹਨ ਅਤੇ ਇਨ੍ਹਾਂ ਵਿੱਚੋਂ ਬਾਲਮੀਕ ਅਤੇ ਰਾਮਦਾਸੀਆ ਭਾਈਚਾਰੇ ਦੇ 10-10 ਤੇ ਇਕ ਬਾਜ਼ੀਗਰ ਭਾਈਚਾਰੇ ਨਾਲ ਸਬੰਧਤ ਵਿਧਾਇਕ ਹਨ। ਉਨ੍ਹਾਂ ਕਿਹਾ ਕਿ ਵਜ਼ਾਰਤ ਵਿੱਚ ਬਾਲਮੀਕ ਭਾਈਚਾਰੇ ਵਿੱਚੋਂ ਕੋਈ ਵੀ ਮੰਤਰੀ ਨਹੀਂ ਲਿਆ ਗਿਆ ਹੈ ਜਿਸ ਕਾਰਨ ਭਾਈਚਾਰੇ ਵਿੱਚ ਰੋਸ ਹੈ। ਹੁਣ ਤਕ ਜਿੰਨੀਆਂ ਵੀ ਸਰਕਾਰਾਂ ਬਣੀਆਂ ਹਨ, ਉਨ੍ਹਾਂ ਵਿੱਚ ਬਾਲਮੀਕ ਭਾਈਚਾਰੇ ਵਿੱਚੋਂ ਮੰਤਰੀ ਜ਼ਰੂਰ ਬਣਿਆ ਹੈ। ਉਨ੍ਹਾਂ ਪਾਰਟੀ ਨੂੰ ਇਸ ਪ੍ਰਤੀ ਰੋਸ ਨੂੰ ਦੂਰ ਕਰਨ ਦੀ ਮੰਗ ਕੀਤੀ ਹੈ। ਪਤਾ ਲੱਗਾ ਹੈ ਕਿ ਆਗੂਆਂ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਨਾਲ ਗੱਲਬਾਤ ਕਰਕੇ ਮਸਲਾ ਸੁਲਝਾਉਣ ਦੇ ਯਤਨ ਕਰਨ ਦਾ ਭਰੋਸਾ ਦਿੱਤਾ ਹੈ। ਜਦੋਂ ਡਾ. ਵੇਰਕਾ ਤੋਂ ਅਗਲੀ ਰਣਨੀਤੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਪਾਰਟੀ ਦੇ ਸਿਪਾਹੀ ਹਨ ਅਤੇ ਪਾਰਟੀ ਲਈ ਕੰਮ ਕਰਦੇ ਰਹਿਣਗੇ ਪਰ ਭਾਈਚਾਰੇ ਦੇ ਰੋਸ ਨੂੰ ਦੂਰ ਕਰਨਾ ਪਏਗਾ। ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਨੇ ਵੀ ਆਗੂਆਂ ਨਾਲ ਮਿਲ ਕੇ ਉਨ੍ਹਾਂ ਨੂੰ ਵਜ਼ਾਰਤ ‘ਚ ਨਾ ਲਏ ਜਾਣ ‘ਤੇ ਆਪਣੀ ਨਰਾਜ਼ਗੀ ਜ਼ਾਹਿਰ ਕੀਤੀ ਹੈ। ਆਗੂਆਂ ਨੇ ਫੋਨ ‘ਤੇ ਸੰਗਤ ਸਿੰਘ ਗਿਲਜ਼ੀਆਂ, ਰਣਦੀਪ ਨਾਭਾ, ਨਵਤੇਜ ਚੀਮਾ, ਨੱਥੂ ਰਾਮ, ਸੁਰਜੀਤ ਧੀਮਾਨ, ਗੁਰਕੀਰਤ ਕੋਟਲੀ ਅਤੇ ਹੋਰਾਂ ਨਾਲ ਗੱਲਬਾਤ ਕੀਤੀ ਹੈ। ਵਜ਼ਾਰਤ ਤੋਂ ਬਾਹਰ ਰਹਿ ਗਏ ਵਿਧਾਇਕਾਂ ਨੂੰ ਬੋਰਡਾਂ ਅਤੇ ਕਾਰਪੋਰੇਸ਼ਨਾਂ ‘ਚ ਥਾਂ ਦੇਣ ਦੇ ਵਾਅਦੇ ਕੀਤੇ ਜਾ ਰਹੇ ਹਨ।

### ਨਵੇਂ ਮੰਤਰੀਆਂ ਲਈ ਨਵੀਆਂ ਚੁਣੌਤੀਆਂ

ਪਾਰਟੀ ਸੰਕਟ ਸਮੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਸਾਥ ਦੇਣ ਵਾਲੇ ਮਾਝਾ ਬ੍ਰਿਗੇਡ ਨੂੰ ਵਜ਼ਾਰਤ ਵਿੱਚ ਵਾਧਾ ਕਰਦੇ ਸਮੇਂ ਅਹਿਮ ਵਿਭਾਗਾਂ ਨਾਲ ਨਿਵਾਜਿਆ ਗਿਆ ਹੈ। ਨਵੇਂ ਬਣੇ ਮੰਤਰੀ ਸੁੱਖ ਸਰਕਾਰੀਆ ਨੂੰ ਤਿੰਨ ਵੱਡੇ ਮਹਿਕਮੇ ਮਾਲ, ਸਿੰਜਾਈ ਅਤੇ ਖਨਣ ਦਿੱਤੇ ਗਏ ਹਨ। ਪਿਛਲੀ ਸਰਕਾਰ ਸਮੇਂ ਸਿੰਜਾਈ ਵਿਭਾਗ ਵਿੱਚ ਇਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਘੁਟਾਲਾ ਹੋਇਆ ਸੀ ਜਿਸ ਦੀ ਵਿਜੀਲੈਂਸ ਨੇ ਰਿਪੋਰਟ ਮੁੱਖ ਮੰਤਰੀ ਨੂੰ ਸੌਂਪ ਦਿੱਤੀ ਹੈ। ਹੁਣ ਨਵੇਂ ਮੰਤਰੀ ਕੋਲ ਵਿਭਾਗ ਦਾ ਪੂਰਾ ਚਾਰਜ ਹੋਣ ਕਰਕੇ ਉਨ੍ਹਾਂ ਵੀ ਜਵਾਬਦੇਹ ਹੋਣਾ ਪਏਗਾ। ਇਸੇ ਤਰ੍ਹਾਂ ਰੇਤੇ ਦੇ ਨਾਜਾਇਜ਼ ਕਾਰੋਬਾਰ ਦਾ ਅਹਿਮ ਸਵਾਲ ਵੀ ਉਨ੍ਹਾਂ ਸਾਹਮਣੇ ਖੜ੍ਹਾ ਹੈ। ਸਿੱਖਿਆ ਵਿਭਾਗ ਦੇ ਨਵੇਂ ਮੰਤਰੀ ਓ ਪੀ ਸੋਨੀ ਨੂੰ ਅੰਦੋਲਨਕਾਰੀ ਅਧਿਆਪਕਾਂ ਨਾਲ ਨਜਿੱਠਣਾ ਪਏਗਾ। ਮੁੱਖ ਮੰਤਰੀ ਦਫ਼ਤਰ ਨੇ ਅਧਿਆਪਕਾਂ ਨਾਲ 27 ਅਪਰੈਲ ਦੀ ਮੀਟਿੰਗ ਸੱਦ ਲਈ ਹੈ ਜਿਸ ਵਿੱਚ ਵੱਡੇ ਮਸਲੇ ਹੱਲ ਹੋਣ ਦੀ ਪੂਰੀ ਸੰਭਾਵਨਾ ਹੈ।

## ਖਾਲਸਾਈ ਰੰਗ ਵਿਚ ਰੰਗਿਆ ਕਨੇਡਾ ਦਾ ਪੰਜਾਬੀ ਸ਼ਹਿਰ ਸਰੀ

ਇਸ ਮੌਕੇ ਰਵਾਇਤ ਅਨੁਸਾਰ ਕੈਨੇਡੀਅਨ ਫ਼ੌਜ ਦੀ ਟੁਕੜੀ ਵੱਲੋਂ ਸਲਾਮੀ ਦਿੱਤੀ ਗਈ। ਬੀਸੀ ਦੇ ਪ੍ਰੀਮੀਅਰ ਜੌਹਨ ਹੌਰਗਨ ਨੇ ਆਪਣੇ ਮੰਤਰੀਆਂ ਤੇ ਵਿਧਾਇਕਾਂ ਸਮੇਤ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ। ਉਨ੍ਹਾਂ ਸੂਬੇ ਵਿੱਚ ਹਰ ਸਾਲ ਅਪਰੈਲ ਮਹੀਨਾ ਸਿੱਖ ਵਿਰਾਸਤੀ ਮਹੀਨੇ ਵਜੋਂ ਮਨਾਉਣ ਬਾਰੇ ਸਰਕਾਰੀ ਪੱਤਰ ਪ੍ਰਬੰਧਕਾਂ ਨੂੰ ਸੌਂਪਿਆ।

**ਵਰਤਮਾਨ ਸ਼ੰਘਰਸ਼ ਦੇ ਸ਼ਹੀਦਾਂ ਦੀ ਯਾਦ**

ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਏ ਨਗਰ ਕੀਰਤਨ ਨੂੰ ਵਾਪਸ ਪਹੁੰਚਣ ਲਈ ਕਰੀਬ ਅੱਠ ਘੰਟੇ ਲੱਗੇ। ਪਾਲਕੀ ਸਾਹਿਬ ਦੇ ਮੂਹਰੇ ਗਤਕਾ ਪਾਰਟੀਆਂ ਨੇ ਗਤਕਾ ਖੇਡਿਆ। ਇਸ ਮੌਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਸ਼ੇਸ਼ ਤੌਰ ’ਤੇ ਵਧਾਈ ਸੰਦੇਸ਼ ਭੇਜ ਕੇ ਖ਼ਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ। ਗੁਰਦੁਆਰਾ ਕਮੇਟੀ ਵੱਲੋਂ ਪੰਜਾਬ ਤੋਂ ਆਏ ਮਨੁੱਖੀ ਹੱਕਾਂ ਬਾਰੇ ਕਾਰਕੁਨ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਦਾ ਸਨਮਾਨ ਕੀਤਾ ਗਿਆ।

ਨਗਰ ਕੀਰਤਨ ਦੇ ਨਿਰਧਾਰਿਤ ਰੂਟ ਦੇ ਆਸ-ਪਾਸ ਵਪਾਰਕ ਅਦਾਰਿਆਂ ਤੇ ਹੋਰ ਸ਼ਰਧਾਲੂਆਂ ਵੱਲੋਂ ਸਟੇਜਾਂ, ਸਟਾਲਾਂ ਤੇ ਲੰਗਰਾਂ ਦੇ ਪ੍ਰਬੰਧ ਕੀਤੇ ਹੋਏ ਸਨ।

## ਸਿੱਖ ਕੌਮ ਦੀ ਅਣਖ ਨੂੰ ਨਾ ਵੰਗਾਰਨ ਭਾਰਤੀ ਜੱਜ : ਸਿੱਖ ਜਥੇਬੰਦੀਆਂ

ਜਾਰੀ ਪ੍ਰੈੱਸ ਰਿਲੀਜ਼ ਜੱਜਾਂ ਦੀ ਇਸ ਫਿਰਕਾਪ੍ਰਸਤ ਟਿਪਣੀ ਨੂੰ ਸਿੱਖ ਕੌਮ ਦੀ ਅਣਖ ਗੈਰਤ ਅਤੇ ਸ਼ਾਨ ਨੂੰ ਵੰਗਾਰਨਾ ਆਖਿਆ ਹੈ । ਇਨ੍ਹਾਂ ਜੱਜਾਂ ਨੂੰ ਮਿਲਖਾ ਗਿੰਘ ਅਤੇ ਬਿਸ਼ਨ ਸਿੰਘ ਬੇਦੀ ਕੇਵਲ ਦੋ ਬੰਦੇ ਹੀ ਨਜ਼ਰ ਆਏ ਹਨ ਜਦਕਿ ਹਜਾਰਾਂ ਹੀ ਦਸਤਾਰਧਾਰੀ ਸਿੱਖਾਂ ਨੇ ਹੈਲਮਟਾਂ ਤੋਂ ਬਗੈਰ ਦਸਤਾਰਾਂ ਸਮੇਤ ਵਿਸ਼ਵ ਯੁੱਧਾਂ ਵਿੱਚ ਸ਼ਮੂਲੀਅਤ ਕੀਤੀ ਅਤੇ ਆਪਣੀਆਂ ਨਿਛਾਵਰ ਕੀਤੀਆਂ ਹਨ । ਅਗਰ ਦਸਤਾਰਾਂ ਵਾਲੇ ਮੁਗਲਾਂ ਖਿਲਾਫ ਜੰਗ ਲੜ ਕੇ ਇਨ੍ਹਾਂ ਦਾ ਦਾ ਧਰਮ ਨਾ ਬਚਾਉਂਦੇ ਅਤੇ ਅੰਗਰੇਜਾਂ ਖਿਲਾਫ ਅਜਾਦੀ ਦੀ ਲੜਾਈ ਵਿੱਚ ਨੱਬੇ ਫਸਿਦੀ ਤੋਂ ਵੱਧ ਯੋਗਦਾਨ ਨਾ ਪਾਉਂਦੇ ਤਾਂ ਅੱਜ ਇਹ ਸਵਾਲ ਉਠਾਉਣ ਵਾਲੇ ਦੀ ਔਕਾਤ ਬੇਹੱਦ ਮਾੜੀ ਅਤੇ ਅਣਕਿਆਸੀ ਹੋਣੀ ਸੀ ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਇਹਨਾਂ ਦੋਵਾਂ ਜੱਜਾਂ ਖਿਲਾਫ ਕੌਮੀ ਮਾਣਹਾਨੀ ਦਾ ਕੇਸ ਦਰਜ ਕਰਵਾਉਣ ਲਈ ਪੰਜਾਬ ਦੀਆਂ ਪੰਥਕ ਜਥੇਬੰਦੀਆਂ ਅਤੇ ਸਿੱਖ ਵਕੀਲਾਂ ਨੂੰ ਸਨਿਮਰ ਅਪੀਲ ਕੀਤੀ ਗਈ ਹੈ । ਬੁੜੈਲ ਜੇਲ੍ਹ ਵਿੱਚ ਬੰਦ ਸਿੱਖ ਸੰਘਰਸ਼ ਦੇ ਯੋਧੇ ਭਾਈ ਜਗਤਾਰ ਸਿੰਘ ਤਾਰਾ ਨੂੰ ਜਾਨੀ ਨੁਕਸਾਨ ਪਹੁੰਚਾਉਣ ਦੀਆਂ ਕੁਚਾਲਾਂ ਦੀ ਬਰਤਾਨਵੀ ਸਿੱਖ ਜਥੇਬੰਦੀਆਂ ਵਲੋਂ ਸਖਤ ਨਿਖੇਧੀ ਕਰਦਿਆਂ ਇਨ੍ਹਾਂ ਦੋਵਾਂ ਜੱਜਾਂ ਨੂੰ ਸਵਾਲ ਕੀਤਾ ਗਿਆ ਕਿ ਉਹ ਜੇਲ੍ਹਾਂ ਵਿੱਚ ਬੰਦ ਸਿੱਖਾਂ ਦੀ ਸੁਰੱਖਿਆ ਬਾਰੇ ਕੀ ਵਿਚਾਰ ਰੱਖਦੇ ਹਨ ? ਜ਼ਿਕਰਯੋਗ ਹੈ ਕਿ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਜੇਲ੍ਹ ਵਿੱਚ ਡੂੰਘੀ ਸਾਜਿਸ਼ ਤਹਿਤ ਸ਼ਹੀਦ ਕਰ ਦਿੱਤਾ ਹੈ । ਵੱਖ ਵੱਖ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਹਿਫਾਜ਼ਤ ਲਈ ਢੁੱਕਵੇਂ ਉਪਰਾਲੇ ਅਤੇ ਠੋਸ ਪ੍ਰੋਗਰਾਮ ਉਲੀਕਣ ਦੀ ਜਰੂਰਤ ਲਈ ਸਿੱਖ ਕੌਮ ਪੂਰੀ ਤਰਾਂ ਚਿੰਤਤ ਹੈ ਕਿਉਂਕਿ ਭਾਈ ਹਰਮਿੰਦਰ ਸਿੰਘ ਮਿੰਟੂ ਦੀ ਸ਼ਹਾਦਤ ਜੇਲ੍ਹ ਪ੍ਰਸਾਸ਼ਨ ਅਤੇ ਸਰਕਾਰੀ ਏਜੰਸੀਆਂ ਦੀ ਮਿਲੀ ਭੁਗਤ ਨਾਲ ਹੋਈ ਹੈ ।

ਭਾਈ ਜਗਤਾਰ ਸਿੰਘ ਤਾਰਾ ਦੇ ਵਕੀਲ ਵਲੋਂ ਬਕਾਇਦਾ ਅਦਾਲਤ ਵਿੱਚ ਲਿਖਤੀ ਸ਼ਿਕਦਰਜ ਕਰਵਾਈ ਗਈ ਹੈ । ਇਸੇ ਤਰਾਂ ਲੰਬੇ ਸਮੇਂ ਤੋਂ ਜੇਹਲਾਂ ਵਿੱਚ ਬੰਦ ਭਾਈ ਦਇਆ ਸਿੰਘ ਲਾਹੌਰੀਆ ਅਤੇ ਭਾਈ ਜਗਤਾਰ ਸਿੰਘ ਹਾਵਾਰਾ ਵੀ ਸਿਹਤ ਪੱਖੋਂ ਠੀਕ ਨਹੀਂ ਹਨ । ਜੇਹਲ ਅਧਿਕਾਰੀ ਉਹਨਾਂ ਦਾ ਢੁੱਕਵਾਂ ਇਲਾਜ ਨਹੀਂ ਕਰਵਾ ਰਹੇ ਬਲਕਿ ਅਦਾਲਤੀ ਹੁਕਮਾਂ ਤੇ ਵੀ ਅਮਲ ਨਹੀਂ ਕੀਤਾ ਗਿਆ । ਇਸ ਕਰਕੇ ਖਾਲਿਸਤਾਨ ਦੀ ਜੰਗੇ ਅਜਾਦੀ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਸਮੂਹ ਬੰਦੀ ਸਿੰਘਾਂ ਦੀ ਹਿਫਾਜ਼ਤ ਲਈ ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰਾਂ ਦੀਆਂ ਅਲੰਬਰਦਾਰ ਜਥੇਬੰਦੀਆਂ ਨੂੰ ਇੱਕਜੁਟ ਹੋ ਕੇ ਸਾਰਥਕ ਉਪਰਾਲਾ ਕਰਨ ਦੀ ਜਰੂਰਤ ਹੈ । ਭਾਰਤ ਸਰਕਾਰ ਨੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕਰਨ ਮਗਰੋਂ ਹੁਣ ਉਹਨਾਂ ਨੂੰ ਜੇਹਲਾਂ ਵਿੱਚ ਖਤਮ ਕਰਨ ਲਈ ਨਵਾਂ ਤਰੀਕਾ ਲੱਭ ਲਿਆ ਹੈ । ਪਿੰਡ ਡੱਲੀ ਵਿੱਚ ਭਾਈ ਹਰਮਿੰਦਰ ਸਿੰਘ ਮਿੰਟੂ ਨਮਿੱਤ ਹੋ ਰਹੇ 27 ਤਰੀਕ ਨੂੰ ਸ਼ਰਧਾਂਜਲੀ ਸਮਾਗਮ ਵਿੱਚ ਪੰਜਾਬ ਦੀ ਹਰ ਜਥੇਬੰਦੀ ਬਲਕਿ ਹਰ ਸਿੱਖ ਦਾ ਪਹੁੰਚਣਾ ਕੌਮੀ ਫਰਜ਼ ਹੈ । ਜਾਣ ਬੁੱਝ ਇਸ ਫਰਜ਼ ਤੋਂ ਕੁਤਾਹੀ ਕਰਨ ਵਾਲੀਆਂ ਜਥੇਬੰਦੀਆਂ ਜਾਂ ਵਿਆਕਤੀ ਵਿਸ਼ੇਸ਼ ਸਵਾਲੀਆ ਚਿੰਨ ਦੇ ਘੇਰੇ ਵਿੱਚ ਆਉਣਗੇ । ਖਾਲਿਸਤਾਨ ਸਿੱਖਾਂ ਦਾ ਕੌਮੀ ਨਿਸ਼ਾਨਾ ਅਤੇ ਜਨਮ ਸਿੱਧ ਅਧਿਕਾਰ ਹੈ ਜਿਸ ਦੀ ਪੂਰਤੀ ਲਈ ਹਰ ਸਿੱਖ ਨੂੰ ਯੋਗਦਾਨ ਪਾਉਣ ਦੀ ਜਰੂਰਤ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵਲੋਂ ਖਾਲਿਸਤਾਨ ਦੀ ਵਿਰੋਧਤਾ ਕਰਨ ਨੂੰ ਆਰ.ਐੱਸ.ਐੱਸ. ਦੀ ਸੋਚ ਕਰਾਰ ਦਿੱਤਾ ਗਿਆ । ਵੀਹਵੀ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਸਾਨੀ ਸ਼ਹਾਦਤ ਨਾਲ ਸਿਰਜੇ ਹੋਏ ਖਾਲਿਸਤਾਨ ਦੇ ਨਿਸ਼ਾਨੇ ਰੂਪੀ ਇਸ ਸੱਚ ਦੀ ਪ੍ਰਾਪਤੀ ਸਿੱਖ ਕੌਮ ਨੂੰ ਅਵੱਸ਼ ਹੋਵੇਗੀ । ਸਿੱਖ ਗੁਰਦੁਆਰਿਆਂ ਤੇ ਮਹੰਤ ਨਰੈਣੂ ਦੀ ਸੋਚ ਦੇ ਵਾਰਸ ਲੋਕ ਕਾਬਜ਼ ਹੋ ਚੁੱਕੇ ਹਨ ।ਜਿਹਨਾਂ ਤੋਂ ਗੁਰਦੁਆਰਿਆਂ ਨੂੰ ਅਜਾਦ ਕਰਵਾ ਕੇ ਕੌਮੀ ਅਜਾਦੀ ਦੀ ਲਹਿਰ ਨੂੰ ਪ੍ਰਚੰਡ ਕਰਨਾ ਸਮੇਂ ਦੀ ਲੋੜ ਹੈ।

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

# 408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

KALGIDHAR SOCIETY
# BARU SAHIB



ਬੱਚੇ ਪੜ੍ਹਾਓ ਪੰਜਾਬ ਬਚਾਓ

**EDUCATE KIDS SAVE PUNJAB**

**www.DeedaDay.in**

## 28,052 FREE/AIDED

OUT OF A TOTAL OF

**75,000 STUDENTS**

STUDYING IN

**AKAL ACADEMIES**

**2,565**
SC/ST/LIG KIDS

**15,354**
DISADVANTAGED GIRLS

**8,632**
OTHERS
(MARTYR FAMILIES, LANDLESS, MARGINALIZED SIKH GROUPS

**471**
KIDS OF GRANTHI SINGHS

**176**
KIDS OF FARMERS WHO COMMITTED SUICIDE

**854**
ACCIDENT VICTIMS

## SEMINAR

**22nd April Sunday 11:00 am to 1:00 pm**
GURUDWARA SANT SAGAR
242-25 Braddock Ave Queens NY 11426
Contact: Baba Sajjan Singh Ji 718-347-5659, Darshan Singh Ji 917-939-6624
Gurcharan Singh Baring 917-741-2499, Ravideep Kaur Mukta 972-693-1077

---

**29th April Sunday 12:00 to 2:00 pm**
SIKH ASSOCIATION OF STATEN ISLAND
20 Oregon Rd, Staten Island NY 10305
Contact: Nirmal Singh Kang 347-424-0796

---

**6th May Sunday 12:00 to 2:00 pm**
GURDWARA SIKH CULTURAL SOCIETY
95-30 118 th st South Richmond Hill NY 11419
Contact: Gurdev Singh Kang 718-974-4827, Gurcharan Singh Baring 917-741-2499
Kuldip Singh Dhillon 347-324-2405, Bhupinder S Atwal 347-837-5615
Ravideep Kaur Mukta 972-693-1077

## SPONSOR A CHILD NOW

DOWNLOAD **DeedaDay** APP FROM
Google play | App Store

**Donate through Bank:**
"Eternal Charitable Foundation"
Chase Bank A/c in USA#: 988517371
A 501 © (3) Organization Fed.
Tax ID# 26 -1446079

info@DeedaDay.in | YouTube

ETERNAL CHARITABLE FOUNDATION: RAVIDEEP KAUR MUKTA: 805 INGLESIDE DRIVE, PLANO, TX 75075 972-693-1077 MUKTA@BARUSAHIB.ORG


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com